Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6


# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 211 Tuesday, November 05, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper
THE ONLY DAILY PUNJABI NEWS
ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


TOP 4% TREB REALTOR 2018
Buy With $0 Down Program
ROYAL CANADIAN
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

## ਵੈਗਜ਼ਿਟ ਅਲਬਰਟਾ ਨੇ ਰਜਿਸਟਰਡ ਪਾਰਟੀ ਬਣਨ ਲਈ ਕੀਤਾ ਅਪਲਾਈ



ਟੋਰਾਂਟੋ, 4 ਨਵੰਬਰ (ਪੋਸਟ ਬਿਊਰੋ) : ਵੈਗਜ਼ਿਟ ਵਰਗੀ ਸਿਆਸੀ ਲਹਿਰ ਦੇ ਪਿੱਛੇ ਕੰਮ ਕਰਨ ਵਾਲੇ ਗਰੁੱਪ ਨੇ ਸੋਮਵਾਰ ਨੂੰ ਇਸ ਨੂੰ ਰਜਿਸਟਰਡ ਪਾਰਟੀ ਬਣਾਏ ਜਾਣ ਲਈ ਅਪਲਾਈ ਕੀਤਾ। ਇਹ ਜਾਣਕਾਰੀ ਇਸ ਦੇ ਆਗੂਆਂ ਨੇ ਦਿੱਤੀ। ਪੀਟਰ ਡਾਊਨਿੰਗ ਨੇ ਸੋਮਵਾਰ ਨੂੰ ਇੱਕ ਇੰਟਰਵਿਊ ਵਿੱਚ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਵੈਗਜ਼ਿਟ ਵੱਲੋਂ ਫੈਡਰਲ ਪਾਰਟੀ ਬਣਨ ਲਈ ਪਹਿਲਾ ਕਦਮ ਚੁੱਕ ਲਿਆ ਗਿਆ ਹੈ ਤੇ ਅਸੀਂ ਇਲੈਕਸ਼ਨਜ਼ ਕੈਨੇਡਾ ਕੋਲ ਇਸ ਸਬੰਧੀ ਦਸਤਾਵੇਜ਼ ਜਮ੍ਹਾਂ ਕਰਵਾ ਦਿੱਤੇ ਹਨ। ਇਸ ਦੇ ਬਾਨੀ ਨੇ ਆਖਿਆ ਕਿ ਅਸੀਂ ਕੋਈ ਪਾਰਟੀ ਕਾਇਮ ਕਰਨ ਲਈ 250 ਦਸਤਖ਼ਤਾਂ ਦੀ ਸ਼ਰਤ ਦੀ ਥਾਂ 500 ਦਸਤਖ਼ਤ ਭੇਜ ਰਹੇ ਹਾਂ। ਅਸੀਂ ਪੱਛਮੀ ਕੈਨੇਡਾ ਲਈ ਉਹੀ ਕਰਨ ਜਾ ਰਹੇ ਹਾਂ ਜਿਹੜਾ ਬਲਾਕ ਕਿਊਬਿਕੁਆ ਨੇ ਕਿਊਬਿਕ ਲਈ ਕੀਤਾ। ਵੈਗਜ਼ਿਟ ਸ਼ਬਦ ਵੈਸਟਰਨ ਤੇ ਐਗਜ਼ਿਟ ਨੂੰ ਰਲਾ ਕੇ ਬਣਾਇਆ ਗਿਆ ਹੈ। ਇਹ ਪੱਛਮੀ ਪ੍ਰੋਵਿੰਸਾਂ ਦੀ ਕੈਨੇਡਾ ਤੋਂ ਵੱਖ ਹੋਣ ਦੀ ਲਹਿਰ ਹੈ ਜਿਸ ਨੇ 43ਵੀਂਆਂ ਫੈਡਰਲ ਚੋਣਾਂ ਵਿੱਚ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਦੀ ਜਿੱਤ ਤੋਂ ਬਾਅਦ ਜ਼ੋਰ ਫੜ੍ਹਿਆ ਹੈ। ਐਡਮੰਟਨ ਵਿੱਚ ਵੀਕੈਂਡ ਉੱਤੇ 700 ਦੇ ਨੇੜੇ ਤੇੜੇ ਲੋਕਾਂ ਨੇ ਇੱਕ ਰੈਲੀ ਵਿੱਚ ਹਿੱਸਾ ਲਿਆ ਜਿੱਥੇ ਡਾਊਨਿੰਗ ਤੇ ਹੋਰਨਾਂ ਨੂੰ ਨੀਲੇ ਰੰਗ ਦੀਆਂ "ਮੇਕ ਅਲਬਰਟਾ ਗ੍ਰੇਟ ਅਗੇਨ" ਨਾਅਰਿਆਂ ਵਾਲੀਆਂ ਹੈਟ ਪਾਇਆਂ ਵੇਖਿਆ ਗਿਆ। ਇਸ ਗਰੁੱਪ ਵੱਲੋਂ ਜੂਨ ਵਿੱਚ ਤਿਆਰ ਕੀਤੇ ਗਏ ਫੇਸਬੁੱਕ ਪੇਜ ਨੂੰ 30,700 ਲਾਈਕ ਮਿਲੇ ...ਬਾਕੀ ਪੰਨਾ 6 'ਤੇ

# ਗ੍ਰੀਨ ਪਾਰਟੀ ਦੀ ਆਗੂ ਵਜੋਂ ਐਲਿਜ਼ਾਬੈੱਥ ਮੇਅ ਨੇ ਆਪਣਾ ਅਹੁਦਾ ਛੱਡਿਆ



ਓਟਵਾ, 4 ਨਵੰਬਰ (ਪੋਸਟ ਬਿਊਰੋ) : ਐਲਿਜ਼ਾਬੈੱਥ ਮੇਅ ਨੇ ਗ੍ਰੀਨ ਪਾਰਟੀ ਦੀ ਆਗੂ ਵਜੋਂ ਅਹੁਦੇ ਤੋਂ ਪਾਸੇ ਹੋਣ ਦਾ ਐਲਾਨ ਕਰਦਿਆਂ ਆਖਿਆ ਕਿ ਉਹ ਪਾਰਲੀਆਮੈਂਟ ਵਿੱਚ ਤਿੰਨ ਮੈਂਬਰੀ ਕਾਕਸ ਦੀ ਆਗੂ ਬਣੀ ਰਹੇਗੀ।

ਫੈਡਰਲ ਚੋਣਾਂ ਤੋਂ ਦੋ ਹਫਤੇ ਬਾਅਦ ਤੇ 13 ਸਾਲਾਂ ਤੱਕ ਪਾਰਟੀ ਦੀ ਆਗੂ ਬਣੇ ਰਹਿਣ ਮਗਰੋਂ ਮੇਅ ਨੇ ਸੋਮਵਾਰ ਨੂੰ ਇਹ ਐਲਾਨ ਕੀਤਾ ਕਿ ਹੁਣ ਉਹ ਗ੍ਰੀਨ ਪਾਰਟੀ ਦੀ ਆਗੂ ਨਹੀਂ ਹੋਵੇਗੀ। ਉਨ੍ਹਾਂ ਇਹ ਵੀ ਆਖਿਆ ਕਿ ਇਸ ਨੂੰ ਲੈ ਕੇ ਉਹ ਕਾਫੀ ਉਤਸ਼ਾਹਿਤ ਹੈ। ਜ਼ਿਕਰਯੋਗ ਹੈ ਕਿ ਮੇਅ 2006 ਤੋਂ ਪਾਰਟੀ ਦੀ ਆਗੂ ਸੀ। ਉਨ੍ਹਾਂ ਆਖਿਆ ਕਿ ਪਾਰਟੀ ਦੇ ਆਗੂ ਵਜੋਂ ਪਾਸੇ ਹੋਣ ਲਈ ਉਨ੍ਹਾਂ ਆਪ ਇਹ ਸਮਾਂ ਚੁਣਿਆ ਤੇ ਉਹ ਆਪਣੀ ਥਾਂ ਉੱਤੇ ਜੋ-ਐਨ ਰੌਬਰਟਸ ਨੂੰ ਪਾਰਟੀ ਦਾ ਅੰਤਰਿਮ ਪ੍ਰਧਾਨ ਐਲਾਨਦੇ ਹਨ। ਜ਼ਿਕਰਯੋਗ ਹੈ ਕਿ ਹੁਣ ਤੱਕ ਰੌਬਰਟਸ ਪਾਰਟੀ ਦੀ ਡਿਪਟੀ ਆਗੂ ਸੀ।

ਰੌਬਰਟਸ ਨੇ ਦੂਜੀ ਵਾਰੀ ਪਾਰਟੀ ਲਈ ਚੋਣਾਂ ਲੜੀਆਂ। ਇਸ ਤੋਂ ਪਹਿਲਾਂ ਰੌਬਰਟਸ ਨੇ 2015 ਵਿੱਚ ਵਿਕਟੋਰੀਆ ਤੇ ਫਿਰ ਹੁਣ 2019 ਵਿੱਚ ਹੈਲੀਫੈਕਸ ਤੋਂ ਚੋਣਾਂ ਲੜੀਆਂ। ਇਸ ਵਾਰੀ ਉਹ 14.5 ਫੀ ਸਦੀ ਵੋਟਾਂ ਹਾਸਲ ਕਰਕੇ ਤੀਜੇ ਸਥਾਨ ਉੱਤੇ ਰਹੀ। ਰੌਬਰਟਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਇਹ ਅਹੁਦਾ ਉਹ ਅਣਇੱਛਾ ਨਾਲ ਸਵੀਕਾਰ ਰਹੀ ਹੈ। ਹੁਣ ਤੋਂ ਗ੍ਰੀਨ ਪਾਰਟੀ ਦਾ ਸਾਰਾ ਧਿਆਨ ਅਜਿਹੇ ਵਿਅਕਤੀ ਦੀ ਭਾਲ ਵਿੱਚ ਜਾਵੇਗਾ ਜਿਹੜਾ ਗ੍ਰੀਨ ਪਾਰਟੀ ਨੂੰ ਅਗਲੇ ਪੜਾਅ ਉੱਤੇ ਲੈ ਕੇ ਜਾ ਸਕੇ। ਉਨ੍ਹਾਂ ਆਖਿਆ ਕਿ ਇਹ ਐਲਿਜ਼ਾਬੈੱਥ ਮੇਅ ਦਾ ਬਦਲ ਨਹੀਂ ਹੈ। ਉਨ੍ਹਾਂ ਇਹ ਵੀ ਆਖਿਆ ਕਿ ਸਾਨੂੰ ਨਹੀਂ ਲੱਗਦਾ ਕਿ ਕੋਈ ਵੀ ਇਸ ਅਹੁਦੇ ਲਈ ਅਪਲਾਈ ਕਰੇਗਾ।

ਹੁਣ ਰੌਬਰਟਸ ਲੀਡਰਸ਼ਿਪ ਵੋਟ ਲਈ ਪਾਰਟੀ ਦੀ ਮੈਂਬਰਸ਼ਿਪ ਵਧਾਉਣ ਵਾਸਤੇ ਸਾਰਾ ਧਿਆਨ ਕੇਂਦਰਿਤ ਕਰੇਗੀ। ਉਨ੍ਹਾਂ ਇਹ ਐਲਾਨ ਗ੍ਰੀਨ ਪਾਰਟੀ ਦੇ ਆਪਣੇ ਦੋ ਕਾਕਸ ਮੈਂਬਰ ਐਮਪੀਜ਼ ਪਾਲ ਮੇਨਲੇ ਤੇ ਜੈਨਿਕਾ ਐਟਵਿਨ ਦੀ ਹਾਜ਼ਰੀ ਵਿੱਚ ਕੀਤਾ। ਇਨ੍ਹਾਂ ਤੋਂ ਇਲਾਵਾ ਇਸ ਮੌਕੇ ਡਿਪਟੀ ਆਗੂ ਡੈਨੀਅਲ ਗ੍ਰੀਨ ਤੇ ਮੇਅ ਦੇ ਪਤੀ ਜੌਹਨ ਕਿੱਡਰ ਵੀ ਮੌਜੂਦ ਸਨ। ਮੇਅ ਨੇ ਆਖਿਆ ਕਿ ਉਹ ਕੰਮ ਕਰਨਾ ਬੰਦ ਨਹੀਂ ਕਰ ਰਹੀ। ਕਲਾਈਮੇਟ ਸੰਕਟ ਅਜੇ ਵੀ ਮਾਰੂ ਹੈ।

# ਨਵਾਂ ਕੈਨੇਡੀਅਨ ਸੈਨੇਟਰਜ਼ ਗਰੁੱਪ ਕਾਇਮ ਕਰਨ ਲਈ 11 ਸੈਨੇਟਰਜ਼ ਨੇ ਪੁਰਾਣੇ ਕਾਕਸ ਛੱਡੇ




ਨਵੇਂ ਸੈਨੇਟਰਜ਼ ਕਾਕਸ

ਟੋਰਾਂਟੋ, 4 ਨਵੰਬਰ (ਪੋਸਟ ਬਿਊਰੋ) : ਨਵਾਂ ਗਰੁੱਪ ਕਾਇਮ ਕਰਨ ਲਈ ਗਿਆਰਾਂ ਸੈਨੇਟਰਜ਼ ਨੇ ਆਪਣੇ ਪੁਰਾਣੇ ਕਾਕਸਿਜ਼ ਨੂੰ ਅਲਵਿਦਾ ਆਖ ਦਿੱਤਾ।

ਦ ਕੈਨੇਡੀਅਨ ਸੈਨੇਟਰਜ਼ ਗਰੁੱਪ (ਸੀਐਸਜੀ) ਵਿੱਚ ਦੋ ਸਾਬਕਾ ਕੰਜ਼ਰਵੇਟਿਵਾਂ ਦੇ ਨਾਲ ਇੰਡੀਪੈਂਡੈਂਟ ਸੈਨੇਟਰਜ਼ ਗਰੁੱਪ (ਆਈਐਸਜੀ) ਦੇ ਨੌਂ ਸਾਬਕਾ ਮੈਂਬਰ ਵੀ ਸ਼ਾਮਲ ਹਨ। ਸੋਮਵਾਰ ਨੂੰ ਸੀਐਸਜੀ ਕਾਇਮ ਕਰਨ ਸਬੰਧੀ ਇੱਕ ਪ੍ਰੈੱਸ ਰਲੀਜ਼ ਜਾਰੀ ਕੀਤੀ ਗਈ। ...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Critical illness Ins | Travel & Visitor Ins | RESP & TFSA & RRSP
Super Visa Insurance | Mortgage Insurance | Disability Insurance | Funeral Insurance
SIMRAN SAINI 416.994.7272
www.allkindinsurance.com

INSURANCE
Home | Auto | Business | Trucking | Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc.
(416-845-1352) Manwinder Mangat Broker
Axael InsuranceBrokers Ltd.
1332 Khalsa Dr, Unit # 11, Mississauga, ON L5S 0A2

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

WE DESIGN & BUILD
ANGLECON CONSTRUCTION
Fully Insured | Team of licensed trades | Quality work & on-time insured
RESIDENTIAL: Custom homes, Home additions, Full home renovations, Legal basement
COMMERCIAL: New store design & build, Lease hold Improvements, Medical, offices, restaurants, retail & salon
FAST TRACK PERMIT & CONSTRUCTION
437.219.5009
info@anglecon.ca
BRAMPTON ∘ MISSISSAUGA ∘ ETOBICOKE ∘ OAKVILLE

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ
Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Canada Consumer Credit Assistance
ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ਼ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
ਕਰਜ਼ੇ ਦੀ ਮਿਰਦਰਦੀ ?
www.MakeMeDebtFree.ca
416-502-3100
Jasbir Singh Hundal Qualified Credit Counsellor
Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished | Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

SNOW PLOWING & SALTING SERVICES
WE SERVICE ALL KINDS OF PROPERTIES
Truck & Trailer parking yards
Plazas & Industrial buildings
Banquet halls & restaurants
Gas stations & repair shops
Offices & Clinics
FREE
We are Professional, Reliable & Experienced
AAA LANDSCAPING 647-784-1213

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps | Cockroaches | Carpenter Ants | Silver Fish | Racoons
Call : PARESH PATEL (Government Approved Licensed Technician)
416 938 4598

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਹੋ ਗਈ ਦਿੱਲੀ ਹੈ ਸੁਣੀਂਦੀ ਗੈਸ ਚੈਂਬਰ,
ਔਖਾ ਹੋਇਆ ਈ ਲੈਣ ਵੀ ਸਾਹ ਮੀਆਂ।
ਕਰ ਲਈ ਛੁੱਟੀ, ਸਕੂਲ ਨਹੀਂ ਜਾਣ ਬੱਚੇ,
ਕਿਰਤੀ ਕਾਮਿਆਂ ਦੀ ਨਾਹੀਂ ਵਾਹ ਮੀਆਂ।
ਈਵਨ-ਔਡ ਦਾ ਲੱਗ ਗਿਆ ਫੇਰ ਗੇੜਾ,
ਵਾਹਨ ਦਿੱਤੇ ਈ ਸੜਕ ਤੋਂ ਲਾਹ ਮੀਆਂ।
ਦੁੜੰਗੇ ਲਾਉਂਦੀ ਤੇ ਸਿਰਫ ਹੈ ਰਾਜਨੀਤੀ,
ਜਿਹੜੀ ਖੁਰਚਦੀ ਵੋਟ ਲਈ ਰਾਹ ਮੀਆਂ।
ਕੇਜਰੀਵਾਲ ਹੈ ਓਦੋਂ ਪਿਆ ਦੌੜ ਮਿੱਤਰ,
ਦਮ ਸ਼ਹਿਰ ਦਾ ਗਿਆ ਜਦ ਫੁੱਲ ਮੀਆਂ।
ਮਿਲਦੀ ਮੁਫਤ ਤੇ ਸਿਰਫ ਹੈ ਰਾਜਨੀਤੀ,
ਮਿਲਦੀ ਅਕਲ ਨਾ ਮੰਗਿਆਂ ਮੁੱਲ ਮੀਆਂ।

**ਤੀਸ ਮਾਰ ਖਾਂ**

# ਕਰਤਾਰਪੁਰ ਸਾਹਿਬ ਨੇੜੇ ਨਾਰੋਵਾਲ ਜ਼ਿਲੇ ਵਿੱਚ ਖਾੜਕੂ ਕੈਂਪਾਂ ਤੋਂ ਸੁਰੱਖਿਆ ਏਜੰਸੀਆਂ ਅਲਰਟ

## * ਪਾਕਿਸਤਾਨ ਸਰਕਾਰ ਵੱਲੋਂ ਕੈਂਪਾਂ ਦੀ ਮੌਜੂਦਗੀ ਦਾ ਖੰਡਨ



ਨਵੀਂ ਦਿੱਲੀ, 4 ਨਵੰਬਰ, (ਪੋਸਟ ਬਿਊਰੋ)- ਐਨ ਓਦੋਂ, ਜਦੋਂ ਇਕ ਪਾਸੇ ਜਿਥੇ ਪਾਕਿਸਤਾਨ ਦੇ ਨਾਰੋਵਾਲ ਜ਼ਿਲੇ ਵਿਚ ਪੈਂਦੇ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦਾ ਲਾਂਘਾ ਖੁੱਲ੍ਹਣ ਵਿਚ ਇਕ ਹਫਤੇ ਤੋਂ ਘੱਟ ਸਮਾਂ ਬਾਕੀ ਰਹਿ ਗਿਆ ਹੈ, ਭਾਰਤ ਦੀਆਂ ਸੁਰੱਖਿਆ ਏਜੰਸੀਆਂ ਨੇ ਸ਼ਰਧਾਲੂਆਂ ਨੂੰ ਚੌਕਸ ਕੀਤਾ ਹੈ ਕਿ ਪਾਕਿਸਤਾਨ ਦੇ ਨਾਰੋਵਾਲ ਜ਼ਿਲੇ ਦੇ ਵੱਖ-ਵੱਖ ਹਿੱਸਿਆਂ ਵਿੱਚ ਕਈ ਅੱਤਵਾਦੀ ਕੈਂਪ ਸਰਗਰਮੀ ਨਾਲ ਚੱਲ ਰਹੇ ਹਨ।

ਇਸ ਬਾਰੇ ਮਿਲੀ ਜਾਣਕਾਰੀ ਮੁਤਾਬਕ ਭਾਰਤ ਦੀਆਂ ਸੁਰੱਖਿਆ ਏਜੰਸੀਆਂ ਨੇ ਨਾਰੋਵਾਲ ਜ਼ਿਲੇ ਵਿਚਲੇ ਮੁਰੀਦਕੇ ਅਤੇ ਜ਼ਿਲਾ ਸ਼ਕਰਗੜ੍ਹ ਵਿਖੇ ਅੱਤਵਾਦੀ ਸਰਗਰਮੀਆਂ ਨੋਟ ਕੀਤੀਆਂ ਹਨ। ਜ਼ਿਲੇ ਦੇ ਕਈ ਹਿੱਸਿਆਂ ਵਿਚ ਅੱਤਵਾਦੀ ਕੈਂਪ ਸਰਗਰਮ ਹਨ, ਜਿਥੇ ਵੱਡੀ ਗਿਣਤੀ ਵਿਚ ਔਰਤਾਂ ਤੇ ਮਰਦਾਂ ਨੂੰ ਵੇਖਿਆ ਗਿਆ ਹੈ ਤੇ ਉਹ ਸਾਰੇ ਉਥੇ ਟਰੇਨਿੰਗ ਲੈ ਰਹੇ ਹਨ। ਭਾਰਤ ਦੀਆਂ ਸੁਰੱਖਿਆ ਏਜੰਸੀਆਂ ਦੇ ਸੀਨੀਅਰ ਅਫਸਰਾਂ ਦੀ ਦਿੱਲੀ ਵਿਚ ਹੋਈ ਸਾਂਝੀ ਬੈਠਕ ਦੌਰਾਨ ਇਹ ਗੱਲ ਕਹੀ ਗਈ ਹੈ। ਇਹ ਬੈਠਕ ਪੰਜਾਬ ਤੋਂ ਲੰਘਦੀ ਭਾਰਤ-ਪਾਕਿ ਸਰਹੱਦ ਉੱਤੇ ਵੱਖ-ਵੱਖ ਪ੍ਰਬੰਧਾਂ ਬਾਰੇ ਕੀਤੀ ਗਈ ਸੀ। ਸੁਰੱਖਿਆ ਏਜੰਸੀਆਂ ਅੰਦਰਲੇ ਸੂਤਰਾਂ ਦਾ ਕਹਿਣਾ ਹੈ ਕਿ ਸਰਕਾਰ ਦੀ ਰਾਏ ਹੈ ਕਿਕਰਤਾਰਪੁਰ ਸਾਹਿਬ ਦੇਇਸ ਲਾਂਘੇ ਦੀ ਵਰਤੋਂਭਾਰਤ ਵਿਰੋਧੀ ਸਰਗਰਮੀਆਂ ਵਿਚ ਲੱਗੇ ਹੋਏ ਲੋਕ ਕਰ ਸਕਦੇ ਹਨ।

ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਪਾਕਿ-ਸਤਾਨ ਸਰਕਾਰ ਦੇ ਇਰਾਦੇ ਉੱਤੇ ਸ਼ੱਕ ਪ੍ਰਗਟ ਕਰਦੇ ਹੋਏ ਇਹ ਕਹਿ ਚੁੱਕੇ ਹਨ ਕਿ ਇਸ ਲਾਂਘੇ ਨੂੰ ਖੋਲ੍ਹਣਾ ਪਾਕਿਸਤਾਨੀ ਖੁਫੀਆ ਏਜੰਸੀ ਆਈ ਐੱਸ ਆਈ ਦਾ ਇਕ ਲੁਕਵਾਂ ਏਜੰਡਾ ਵੀ ਹੋ ਸਕਦਾ ਹੈ ਅਤੇ ਇਸ ਦਾ ਮਕਸਦ 'ਰਿਫਰੈਂਡਮ-2020' ਦੇ ਪੱਖ ਵਿਚ ਸਿੱਖਾਂ ਨੂੰ ਪ੍ਰਭਾਵਤ ਕਰਨਾ ਵੀ ਹੋ ਸਕਦਾ ਹੈ, ਜਿਸ ਤੋਂ ਚੌਕਸ ਰਹਿਣ ਦੀ ਲੋੜ ਹੈ।

ਦੂਸਰੇ ਪਾਸੇ ਪਾਕਿਸਤਾਨ ਸਰਕਾਰ ਨੇ ਆਪਣੇ ਪੰਜਾਬ ਵਿਚਲੇਗੁਰਦੁਆਰਾ ਸ੍ਰੀ ਦਰਬਾਰ ਸਾਹਿਬਕਰਤਾਰਪੁਰ ਦੇ ਨੇੜੇ ਨਾਰੋਵਾਲ ਜ਼ਿਲੇ ਵਿੱਚ ਕਿਸੇ ਤਰ੍ਹਾਂ ਦੇ ਅੱਤਵਾਦੀ ਸਿਖਲਾਈ ਕੈਂਪਾਂ ਦੀ ਮੌਜੂਦਗੀ ਦੀਆਂ ਖਬਰਾਂ ਨੂੰ ਅੱਜ ਸੋਮਵਾਰ ਨੂੰ ਰੱਦ ਕਰਦੇ ਹੋਏ ਇਸ ਨੂੰ ਗਲਤ ਪ੍ਰਚਾਰ ਦੀ ਮੁਹਿੰਮ ਕਿਹਾ ਹੈ। ਪਾਕਿਸਤਾਨ ਦੇ ਵਿਦੇਸ਼ ਦਫਤਰ ਨੇ ਇਕ ਬਿਆਨ ਵਿ-ਚਕਿਹਾ ਹੈ ਕਿ ਪਾਕਿਸਤਾਨ ਭਾਰਤੀ ਮੀਡੀਆ ਦੇ ਇਕ ਹਿੱਸੇ ਵਿਚਲੀਆਂ ਬੇਬੁਨਿਆਦ ਖਬਰਾਂ ਪੂਰੀ ਤਰ੍ਹਾਂ ਰੱਦ ਕਰਦਾ ਹੈ। ਉਸ ਨੇ ਕਿਹਾ ਹੈ ਕਿ ਇਹ ਖਬਰਾਂ ਭਾਰਤ ਵਿੱਚ ਗਲਤ ਪ੍ਰਚਾਰ ਮੁਹਿੰਮ ਦਾ ਹਿੱਸਾ ਹਨ। ਵਿਦੇਸ਼ ਦਫਤਰ ਨੇ ਆਖਿਆ ਹੈ ਕਿ ਸਾਨੂੰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਏਦਾਂ ਦੇ ਸ਼ਰਾਰਤੀ ਯਤਨ ਨਿੰਦਾ ਕਰਨ ਨਾਲ ਰੱਦ ਕਰ ਦਿੱਤੇ ਜਾਣਗੇ।

# ਓਨਟਾਰੀਓ ਦੀਆਂ ਕਲਾਸਾਂ ਵਿੱਚ ਅੱਜ ਤੋਂ ਬੈਨ ਹੋ ਜਾਣਗੇ ਸੈੱਲਫੋਨਜ਼



ਟੋਰਾਂਟੋ, 4 ਨਵੰਬਰ (ਪੋਸਟ ਬਿਊਰੋ) : ਸੋਮਵਾਰ ਤੋਂ ਸ਼ੁਰੂ ਹੋ ਕੇ ਓਨਟਾਰੀਓ ਦੇ ਵਿਦਿਆਰਥੀ ਹੁਣ ਕਲਾਸਰੂਮਜ਼ ਵਿੱਚ ਸੈੱਲਫੋਨਜ਼ ਦੀ ਵਰਤੋਂ ਨਹੀਂ ਕਰ ਸਕਣਗੇ।

ਅਗਸਤ ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੇ ਐਲਾਨ ਕੀਤਾ ਸੀ ਕਿ ਉਹ ਕਲਾਸਰੂਮਜ਼ ਜਾਂ ਇੰਸਟ੍ਰਕਸ਼ਨਲ ਟਾਈਮ ਵਿੱਚ ਨਿਜੀ ਮੋਬਾਈਲ ਡਿਵਾਈਸਿਜ਼ ਉੱਤੇ ਪਾਬੰਦੀ ਲਾਉਣ ਜਾ ਰਹੇ ਹਨ। ਉਸ ਦੌਰਾਨ ਇਹ ਵੀ ਆਖਿਆ ਗਿਆ ਸੀ ਕਿ ਇਸ ਮਾਮਲੇ ਵਿੱਚ ਉਨ੍ਹਾਂ ਹਾਲਾਤ ਵਿੱਚ ਛੋਟ ਦਿੱਤੀ ਜਾ ਸਕਦੀ ਹੈ ਜੇ ਡਿਵਾਈਸਿਜ਼ ਸਿਹਤ ਜਾਂ ਮੈਡੀਕਲ ਮੰਤਵ ਲਈ ਚਾਹੀਦੀ ਹੋਵੇ। ਇਸ ਤੋਂ ਇਲਾਵਾ ਸਪੈਸ਼ਲ ਐਜੂਕੇਸ਼ਨ ਲੋੜਾਂ ਜਾਂ ਫਿਰ ਐਜੂਕੇਟਰ ਆਖੇ ਕਿ ਇਹ ਡਿਵਾਈਸਿਜ਼ ਲੈਸਨ ਲਈ ਜ਼ਰੂਰੀ ਹਨ, ਤਾਂ ਇਨ੍ਹਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਐਤਵਾਰ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਪ੍ਰੋਵਿੰਸ ਦੇ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਕੁੱਝ ਨਵਾਂ ਸਿੱਖਣ ਲਈ ਵਿਦਿਆਰਥੀਆਂ, ਮਾਪਿਆਂ, ਐਜੂਕੇਟਰਜ਼ ਤੇ ਐਡਮਨਿਸਟ੍ਰੇਟਰ ਨੂੰ ਰਲ ਕੇ ਕੰਮ ਕਰਨਾ ਹੋਵੇਗਾ। ਉਨ੍ਹਾਂ ਆਖਿਆ ਕਿ 21ਵੀਂ ਸਦੀ ਵਿੱਚ ਤਕਨਾਲੋਜੀ ਕਾਫੀ ਅਹਿਮੀਅਤ ਰੱਖਦੀ ਹੈ। ਉਨ੍ਹਾਂ ਆਖਿਆ ਕਿ ਜੇ ਇਹ ਸੱਭ ਕਿਸੇ ਅਕਾਦਮਿਕ ਪ੍ਰਾਪਤੀ, ਹਦਾਇਤਾਂ ਲਈ ਜਾਂ ਵਿਦਿਆਰਥੀਆਂ ਦੀ ਮਦਦ ਨਹੀਂ ਹੈ ਤਾਂ ਉਹ ਕਲਾਸ ਵਿੱਚ ਨਹੀਂ ਹੋਵੇਗੀ।

ਉਨ੍ਹਾਂ ਆਖਿਆ ਕਿ ਉਹ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਬੱਚੇ ਵਿਸ਼ਿਆਂ ਉੱਤੇ ਧਿਆਨ ਦੇਣ, ਕੁੱਝ ਨਵਾਂ ਸਿੱਖਣ ਤੇ ਇਸ ਤਰ੍ਹਾਂ ਦੇ ਸਾਧਨਾਂ ਨੂੰ ਕਲਾਸ ਤੋਂ ਬਾਹਰ ਹੀ ਛੱਡ ਕੇ ਜਾਣ। ਉਨ੍ਹਾਂ ਆਖਿਆ ਕਿ ਪਿਛਲੇ ਕੁੱਝ ਮਹੀਨੇ ਅਸੀਂ ਵਿਦਿਆਰਥੀਆਂ ਤੇ ਐਜੂਕੇਟਰਜ਼ ਨੂੰ ਇਸ ਪਾਬੰਦੀ ਦਾ ਆਦੀ ਹੋਣ ਲਈ ਕਾਫੀ ਸਮਾਂ ਦਿੱਤਾ।

# ਪੈਟਰੋਲ ਖਤਮ ਹੋਣ ਪਿੱਛੋਂ ਪੈਦਲ ਬਾਈਕ ਲਿਜਾਂਦੇ ਤਿੰਨਾਂ ਨੂੰ ਕਾਰ ਨੇ ਕੁਚਲ ਦਿੱਤਾ

ਮੁਕਤਸਰ, 4 ਨਵੰਬਰ (ਪੋਸਟ ਬਿਊਰੋ)- ਬਠਿੰਡਾ-ਮੁਕਤਸਰ ਮੁੱਖ ਮਾਰਗ 'ਤੇ ਕੱਲ੍ਹ ਰਾਤ ਪਿੰਡ ਬੁੱਟਰ ਸ਼ਰੀਹ ਦੇ ਕੋਲ ਸੜਕ ਹਾਦਸੇ ਵਿੱਚ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ ਅਤੇ ਇੱਕ ਜ਼ਖਮੀ ਹੋ ਗਿਆ।

ਪਤਾ ਲੱਗਾ ਹੈ ਕਿ ਪਿੰਡ ਭਲਾਈਆਣਾ ਦੇ ਜਸਵਿੰਦਰ ਸਿੰਘ ਬੱਬੂ ਪੁੱਤਰ ਜਲੰਧਰ ਸਿੰਘ, ਕੋਠੇ ਛੱਪੜੀਵਾਲਾ ਦੇ ਰਣਜੀਤ ਸਿੰਘ ਪੁੱਤਰ ਸੁਰਜੀਤ ਸਿੰਘ ਅਤੇ ਗੁਰਵਿੰਦਰ ਸਿੰਘ ਪੁੱਤਰ ਗੁਰਾ ਸਿੰਘ ਅਤੇ ਪਿੰਡ ਕੋਠੇ ਚੇਤ ਸਿੰਘ ਵਾਲਾ (ਬਠਿੰਡਾ) ਦਾ ਲਵਪ੍ਰੀਤ ਸਿੰਘ ਉਰਫ ਲਵਲੀ ਪੁੱਤਰ ਅਮੋਲਕ ਸਿੰਘ ਚਾਰੋਂ ਵਿਆਹ ਸਮਾਗਮਾਂ ਵਿੱਚ ਵੇਟਰ ਦਾ ਕੰਮ ਕਰਦੇ ਸਨ। ਬੀਤੀ ਰਾਤ ਵੀ ਉਹ ਚਾਰੋਂ ਕੰਮ ਦੇ ਬਾਅਦ ਘਰ ਮੁੜ ਰਹੇ ਸਨ। ਰਸਤੇ ਵਿੱਚ ਉਨ੍ਹਾਂ ਦੀ ਬਾਈਕ ਦਾ ਪੈਟਰੋਲ ਖਤਮ ਹੋ ਗਿਆ ਤਾਂ ਉਹ ਪੈਦਲ ਚੱਲ ਪਏ। ਅਚਾਨਕ ਪਿੱਛੋਂ ਆਈ ਤੇਜ਼ ਰਫਤਾਰ ਕਾਰ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਕਾਰ ਬਾਈਕ ਸਮੇਤ ਨੌਜਵਾਨਾਂ ਨੂੰ ਦੂਰ ਤੱਕ ਘਸੀਟਦੀ ਲੈ ਗਈ ਜਿਸ ਕਾਰਨ ਜਸਵਿੰਦਰ, ਰਣਜੀਤ ਅਤੇ ਗੁਰਵਿੰ-ਦਰ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ, ਜਦ ਕਿ ਲਵਲੀ ਗੰਭੀਰ ਜ਼ਖਮੀ ਹੋ ਗਿਆ। ਉਸ ਨੂੰ ਹਸਪਤਾਲ ਪਹੁੰਚਾਇਆ ਗਿਆ। ਕਾਰ ਸਵਾਰ ਨੌਜਵਾਨ ਕਾਰ 'ਚੋਂ ਕਾਗਜ਼ਾਤ ਕੱਢ ਕੇ ਤੇ ਕਾਰ ਦੀ ਨੰਬਰ ਪਲੇਟ ਤੋੜ ਕੇ ਫਰਾਰ ਹੋ ਗਿਆ ਤਾਂ ਕਿ ਉਨ੍ਹਾਂ ਦੀ ਸ਼ਨਾਖਤ ਨਾ ਹੋ ਸਕੇ। ਪੁਲਸ ਨੇ ਕੇਸ ਦਰਜ ਕੀਤਾ ਹੈ।

GNR ਹਰਬਲ ਤੇਲ | 647-853-5800
globalnaturalremedies@yahoo.com
ਦਰਦਾਂ ਵਾਸਤੇ Pain-Care Ext. Use Only Joint Support $9.99
ਮਰਦਾਂ ਲਈ He-Oil For Men Only $19.99
Stress-Care Feel Relaxed $9.99
ਔਰਤਾਂ ਲਈ Chest Massage Oil $14.99
Herbal Products
GLOBAL NATURAL REMEDIES

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਕੈਨੇਡਾ ਨੂੰ ਨਵੇਂ ਜੈੱਟ ਖਰੀਦਣ ਲਈ ਹੋਣਾ ਪੈ ਸਕਦਾ ਹੈ ਮਜਬੂਰ!



ਓਟਵਾ, 4 ਨਵੰਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਨੂੰ ਪ੍ਰਧਾਨ ਮੰਤਰੀ ਤੇ ਹੋਰਨਾਂ ਵੀਆਈਪੀਜ਼ ਨੂੰ ਲਿਜਾਣ ਲਿਆਉਣ ਲਈ ਨਵੇਂ ਐਗਜ਼ੈਕਟਿਵ ਜੈੱਟ ਖਰੀਦਣ ਲਈ ਮਜਬੂਰ ਹੋਣਾ ਪੈ ਸਕਦਾ ਹੈ। ਅਜਿਹਾ ਅਮਰੀਕਾ ਤੇ ਯੂਰਪ ਵਿੱਚ ਏਅਰ ਟਰੈਫਿਕ ਨਿਯਮਾਂ ਵਿੱਚ ਹੋਈ ਤਬਦੀਲੀ ਕਾਰਨ ਹੋ ਸਕਦਾ ਹੈ।

ਇਸ ਸਮੇਂ ਕੈਨੇਡੀਅਨ ਫੋਰਸਿਜ਼ ਵੱਲੋਂ ਇਸ ਮਕਸਦ ਲਈ ਵਰਤੇ ਜਾਂਦੇ ਚਾਰ ਚੈਲੈਂਜਰ ਜੈੱਟਜ਼ ਵਿੱਚ ਦੋ ਵਿੱਚ ਨਵੇਂ ਏਡੀਐਸ-ਬੀ ਸਿਸਟਮ ਮੁਤਾਬਕ ਸਾਜ਼ੋ ਸਮਾਨ ਨਹੀਂ ਹੈ। ਇਸ ਨਵੇਂ ਸਿਸਟਮ ਤਹਿਤ ਰਡਾਰ ਅਧਾਰਤ ਏਅਰ ਟਰੈਫਿਕ ਕੰਟਰੋਲ ਨੂੰ ਜੀਪੀਐਸ ਆਧਾਰਿਤ ਡਾਟਾ ਟਰਾਂਸਮਿਸ਼ਨ ਨਾਲ ਬਦਲ ਦਿੱਤਾ ਜਾਵੇਗਾ। ਇਸ ਨਾਲ ਅਗਲੇ ਸਾਲ ਤੋਂ ਸ਼ੁਰੂ ਹੋ ਕੇ ਅਮਰੀਕਾ ਤੇ ਯੂਰਪ ਵਿੱਚ ਇਸ ਆਧੁਨਿਕ ਸਿਸਟਮ ਤੋਂ ਬਗੈਰ ਜਹਾਜ਼ਾਂ ਨੂੰ ਉਡਾਉਣ ਦੀ ਸਮਰੱਥਾ ਘੱਟ ਜਾਵੇਗੀ।

ਯੂਐਸ ਫੈਡਰਲ ਏਵੀਏਸ਼ਨ ਐਡਮਨਿਸਟ੍ਰੇਸ਼ਨ ਵੱਲੋਂ ਪਹਿਲੀ ਜਨਵਰੀ 2020 ਤੱਕ ਦਾ ਸਮਾਂ ਜਹਾਜ਼ਾਂ ਨੂੰ ਏਡੀਐਸ-ਬੀ ਟਰਾਂਸਮਿਟਰਜ਼ ਨਾਲ ਲੈਸ ਕਰਨ ਦਾ ਸਮਾਂ ਸਾਰਿਆਂ ਨੂੰ ਦਿੱਤਾ ਜਾ ਰਿਹਾ ਹੈ। ਯੂਰਪ ਇਸ ਸਿਸਟਮ ਨੂੰ ਜੂਨ 2020 ਤੱਕ ਲਾਗੂ ਕਰਨ ਜਾ ਰਿਹਾ ਹੈ। ਰੱਖਿਆ ਮੰਤਰਾਲੇ ਨੇ ਆਖਿਆ ਕਿ 1980ਵਿਆਂ ਦੇ ਚੈਲੈਂਜਰ 601 ਜੈੱਟਸ, ਜਿਨ੍ਹਾਂ ਨੂੰ 412 ਸਕੁਆਡਰਨ ਵੱਲੋਂ ਉਡਾਇਆ ਜਾਂਦਾ ਹੈ, ਵਿੱਚ ਇਸ ਸਿਸਟਮ ਨੂੰ ਇਨਸਟਾਲ ਕਰਨ ਦੀ ਕੋਈ ਤੁਕ ਨਹੀਂ ਬਣਦੀ। ਇਸ ਲਈ ਅਸੀਂ ਹੋਰਨਾਂ ਬਦਲਾਂ ਦੀ ਭਾਲ ਕਰ ਰਹੇ ਹਾਂ, ਇਨ੍ਹਾਂ ਦੀ ਚੋਣ ਕਰਨ ਤੋਂ ਬਾਅਦ ਇਨ੍ਹਾਂ ਦੀ ਟਾਈਮਲਾਈਨਜ਼ ਤੇ ਲਾਗਤ ਤੈਅ ਕਰ ਲਈ ਜਾਵੇਗੀ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com


UKTTC
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਫੋਨ ਟੈਪਿੰਗ ਕੇਸ: ਸੁਪਰੀਮ ਕੋਰਟ ਦੀ ਸਖ਼ਤ ਟਿੱਪਣੀ, ਕਿਸੇ ਦੀ ਕੋਈ ਪ੍ਰਾਈਵੇਸੀ ਹੀ ਨਹੀਂ ਬਚੀ



ਨਵੀਂ ਦਿੱਲੀ, 4 ਨਵੰਬਰ, (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਇਕ ਸੀਨੀਅਰ ਆਈਪੀ ਐੱਸ ਅਫਸਰ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਫੋਨ ਟੈਪ ਕਰਾਉਣ ਦੀ ਛਤੀਸਗੜ੍ਹ ਸਰਕਾਰ ਦੀ ਕਾਰਵਾਈ ਬਾਰੇ ਗੰਭੀਰਤਾ ਨਾਲ ਸਖ਼ਤ ਟਿੱਪਣੀ ਕੀਤੀ ਹੈ ਕਿ ਕਿਸੇ ਦੀ ਨਿੱਜਤਾ ਹੀ ਨਹੀਂ ਬਚੀ। ਭਾਰਤ ਦੀ ਸਭ ਤੋਂ ਵੱਡੀ ਅਦਾਲਤ ਨੇ ਛਤੀਸਗੜ੍ਹ ਸਰਕਾਰ ਤੋਂ ਪੁੱਛਿਆ ਹੈ ਕਿ ਕੀ ਇਸ ਤਰ੍ਹਾਂ ਕਿਸੇ ਵੀ ਵਿਅਕਤੀ ਦੇ ਨਿੱਜਤਾ ਦੇ ਅਧਿਕਾਰ ਦੀ ਉਲੰਘਣਾ ਕੀਤੀ ਜਾ ਸਕਦੀ ਹੈ।

ਜਸਟਿਸ ਅਰੁਣ ਮਿਸ਼ਰ ਅਤੇ ਜਸਟਿਸ ਇੰਦਰਾ ਬੈਨਰਜੀ ਦੀ ਬੈਂਚ ਨੇ ਸਖ਼ਤ ਲਹਿਜ਼ੇ ਵਿਚ ਕਿਹਾ ਕਿ ਇਸ ਤਰ੍ਹਾਂ ਕਰਨ ਦੀ ਕੀ ਲੋੜ ਹੈ? ਕਿਸੇ ਲਈ ਕੋਈ ਨਿੱਜਤਾ ਨਹੀਂ ਬਚੀ। ਦੇਸ਼ ਵਿਚ ਇਹ ਕੀ ਹੋ ਰਿਹਾ ਹੈ? ਕੀ ਕਿਸੇ ਵਿਅਕਤੀ ਦੀ ਨਿੱਜਤਾ (ਪ੍ਰਾਈਵੇਸੀ) ਦਾ ਇਸ ਤਰ੍ਹਾਂ ਉਲੰਘਣ ਕੀਤਾ ਜਾ ਸਕਦਾ ਹੈ? ਕਿਸੇ ਨੇ ਅਤੇ ਕਿਸ ਕਾਰਨ ਏਦਾਂ ਦਾ ਆਦੇਸ਼ ਦਿੱਤਾ ਸੀ? ਇਸ ਬਾਰੇ ਵਿਸਥਾਰ ਵਿਚ ਐਫੀਡੇਵਿਟ ਪੇਸ਼ ਕਰਕੇ ਜਾਣਕਾਰੀ ਦਿੱਤੀ ਜਾਏ।

ਸੁਪਰੀਮ ਕੋਰਟ ਵਿਚ ਆਈਪੀ ਐੱਸ ਅਫਸਰ ਮੁਕੇਸ਼ ਗੁਪਤਾ ਵੱਲੋਂ ਪੇਸ਼ ਹੋਏ ਵਕੀਲ ਦੇ ਖ਼ਿਲਾਫ਼ ਵੱਖਰਾ ਕੇਸ ਦਰਜ ਕਰਨ ਉੱਤੇ ਵੀ ਅਦਾਲਤ ਨੇ ਨਾਰਾਜ਼ਗੀ ਪ੍ਰਗਟ ਕੀਤੀ ਤੇ ਵਕੀਲ ਦੇ ਖ਼ਿਲਾਫ਼ ਜਾਂਚ ਉੱਤੇ ਅਗਲੇ ਹੁਕਮਾਂ ਤਕ ਰੋਕ ਲਾ ਦਿੱਤੀ ਹੈ। ਬੈਂਚ ਨੇ ਇਸ ਸੀਨੀਅਰ ਪੁਲਸ ਅਫਸਰਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮਹੇਸ਼ ਜੇਠਮਲਾਨੀ ਨੂੰ ਕਿਹਾ ਕਿ ਇਸ ਕੇਸ ਵਿਚ ਛਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਦਾ ਨਾਂ ਖਿੱਚ ਕੇ ਇਸ ਨੂੰ ਸਿਆਸੀ ਰੰਗ ਨਾ ਦਿੱਤਾ ਜਾਏ। ਅਦਾਲਤ ਨੇ ਇਸ ਪਟੀਸ਼ਨ ਤੋਂ ਮੁੱਖ ਮੰਤਰੀ ਦਾ ਨਾਂ ਹਟਾਉਣ ਦੇ ਨਿਰਦੇਸ਼ ਵੀ ਦਿੱਤੇ ਹਨ।

# ਖੰਨਾ ਨੇੜੇ ਸਿਰਸਾ ਡੇਰੇ ਦੇ ਆਸ਼ਰਮ ਦਾ ਮੇਨ ਗੇਟ ਕਾਰ ਸਵਾਰਾਂ ਨੇ ਟੱਕਰ ਮਾਰ ਕੇ ਤੋੜਿਆ



ਖੰਨਾ, 4 ਨਵੰਬਰ, (ਪੋਸਟ ਬਿਊਰੋ)-ਇਸ ਸ਼ਹਿਰ ਦੇ ਨੇੜੇ ਪਿੰਡ ਮਲਕਪੁਰ ਵਿੱਚ ਦੇਰ ਰਾਤ ਬੈਲੇਰੋਕਾਰ ਵਿੱਚ ਸਵਾਰ ਕੁਝ ਲੋਕਾਂ ਨੇ ਡੇਰਾ ਸਿਰਸਾ ਆਸ਼ਰਮ ਦੇ ਗੇਟ ਨੂੰ ਟੱਕਰ ਮਾਰ ਕੇ ਗੇਟ ਤੋੜ ਦਿੱਤਾ। ਇੱਕ ਦਮ ਧਮਾਕਾ ਸੁਣ ਕੇ ਡੇਰੇ ਵਿੱਚ ਮੌਜੂਦ ਸੇਵਾਦਾਰਾਂ ਨੇ ਬਾਹਰ ਆ ਕੇ ਦੇਖਿਆ ਤਾਂ ਗੇਟ ਟੁੱਟਾ ਪਿਆ ਤੇ ਕਾਰ ਸਵਾਰ ਫਰਾਰ ਹੋ ਚੁੱਕੇ ਸਨ। ਇਸਤੋਂ ਬਾਅਦਇਸ ਡੇਰੇ ਦੇ ਪੈਰੋਕਾਰਾਂ ਵਿੱਚ ਡਰ ਦਾ ਮਾਹੌਲ ਹੈ। ਸੂਚਨਾ ਮਿਲਣ ਉੱਤੇ ਪੁਲਸ ਦੀਆਂ ਟੀਮਾਂ ਮੌਕੇ ਉੱਤੇ ਪਹੁੰਚ ਗਈਆਂ ਹਨ। ਪਤਾ ਲੱਗਾ ਹੈ ਕਿ ਗੇਟ ਤੋੜਨ ਦੀ ਵਾਰਦਾਤ ਸੀਸੀਟੀਵੀ ਕੈਮਰੇ ਵਿੱਚ ਆ ਗਈ ਹੈ।

ਇਸ ਬਾਰੇ ਮਿਲੀ ਜਾਣਕਾਰੀ ਅਨੁਸਾਰ ਸੀ ਸੀ ਟੀ ਵੀ ਫੁਟੇਜ ਵਿੱਚ ਸਾਫ਼ ਦਿੱਸਦਾ ਹੈ ਕਿ ਕਾਰ ਸਵਾਰ ਵਿਅਕਤੀ ਪਹਿਲਾਂ ਆਸ਼ਰਮ ਦੇ ਗੇਟ ਕੋਲ ਆ ਕੇ ਰੁਕੇ, ਫਿਰ ਕਾਰ ਨੂੰ ਮੋੜ ਕੇ ਮੇਨ ਗੇਟ ਵਿੱਚ ਮਾਰਿਆ ਤੇ ਫਰਾਰ ਹੋ ਗਏ। ਡੇਰੇ ਦੇ ਸੇਵਾਦਾਰ ਤੇ ਪ੍ਰਤੀਨਿਧਾਂ ਨੇ ਦੱਸਿਆ ਕਿ ਰਾਤ 12 ਵਜੇ ਦੇ ਕਰੀਬ ਗੇਟ ਕੋਲ ਜੋਰਦਾਰ ਧਮਾਕਾ ਹੋਇਆ ਸੀ। ਜਦੋਂ ਬਾਹਰ ਆ ਕੇ ਵੇਖਿਆ ਤਾਂ ਮੇਨ ਗੇਟ ਟੁੱਟਾ ਪਿਆ ਸੀ। ਪੁਲਿਸ ਅਫਸਰ ਬਖਸ਼ੀਸ ਸਿੰਘ ਨੇ ਦੱਸਿਆ ਕਿ ਸੀਸੀਟੀਵੀ ਫੁਟੇਜ ਨੂੰ ਫੋਲਿਆ ਜਾ ਰਿਹਾ ਹੈ। ਮੁੱਢਲੀ ਜਾਂਚ ਵਿੱਚ ਇਹ ਸ਼ਰਾਰਤ ਲੱਗਦੀ ਹੈ। ਉਨ੍ਹਾਂ ਨੇ ਕਿਹਾ ਡੇਰਾ ਸ਼ਰਧਾਲੂਆਂ ਦੀ ਸ਼ਿਕਾਇਤ ਉੱਤੇਓਥੇ ਜਾ ਕੇ ਜਾਂਚ ਕੀਤੀ ਗਈ ਹੈ ਅਤੇ ਇਸ ਦੇ ਆਧਾਰ ਤੇ ਦੋਸ਼ੀਆਂਨੂੰ ਫੜ ਲਿਆ ਜਾਵੇਗਾ।

# ਬਾਦਲ ਪਿਤਾ-ਪੁੱਤਰ ਅਤੇ ਡਾ. ਚੀਮਾ ਦੇ ਖ਼ਿਲਾਫ਼ ਅਦਾਲਤੀ ਸੰਮਨ ਜਾਰੀ

## * ਪਾਰਟੀ ਦੇ ਦੋ ਸੰਵਿਧਾਨਾਂ ਦੇ ਕੇਸ ਵਿੱਚ ਅਦਾਲਤ ਪੇਸ਼ੀ ਦਾ ਆਦੇਸ਼





ਹੁਸ਼ਿਆਰਪੁਰ, 4 ਨਵੰਬਰ, (ਪੋਸਟ ਬਿਊਰੋ)-ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਪਾਰਟੀ ਦੇ ਸੈਕਟਰੀ ਜਨਰਲ ਡਾ. ਦਲਜੀਤ ਸਿੰਘ ਚੀਮਾ ਨੂੰ ਸਿਵਲ ਜੱਜ ਮੋਨਿਕਾ ਸ਼ਰਮਾ ਨੇ ਹੁਸ਼ਿਆਰਪੁਰ ਅਦਾਲਤ ਵਿੱਚ 3 ਦਸੰਬਰ ਨੂੰ ਪੇਸ਼ੀ ਲਈ ਸੰਮਨ ਜਾਰੀ ਕੀਤੇ ਹਨ।

ਵਰਨਣ ਯੋਗ ਹੈ ਕਿ ਸੋਸ਼ਲਿਸਟ ਪਾਰਟੀ ਆਫ ਇੰਡੀਆ ਦੇ ਕੌਮੀ ਮੀਤ ਪ੍ਰਧਾਨ ਬਲਵੰਤ ਸਿੰਘ ਖੇੜਾ ਅਤੇ ਪੰਜਾਬ ਦੇ ਸੈਕਟਰੀ ਓਮ ਸਿੰਘ ਸਟਿਆਣਾ ਨੇ 2009 ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਕੋਰ ਕਮੇਟੀ ਮੈਂਬਰਾਂ ਵਿਰੁੱਧ ਆਈਪੀਸੀ ਦੀ ਧਾਰਾ 182, 199, 200, 420, 465, 466, 468, 471 ਅਤੇ 120 ਬੀ ਦਾ ਕੇਸ ਦਾਇਰ ਕੀਤਾ ਸੀ। ਇਸ ਸਮੇਂ ਦੌਰਾਨ ਇਸ ਕੇਸ ਵਿੱਚ ਭਾਰਤ ਦਾ ਚੋਣ ਕਮਿਸ਼ਨ, ਗੁਰ-ਦੁਆਰਾ ਚੋਣ ਕਮਿਸ਼ਨ ਚੰਡੀਗੜ੍ਹ, ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸੈਕਟਰੀ ਚਰਨਜੀਤ ਸਿੰਘ ਬਰਾੜ ਤੇ ਸਾਬਕਾ ਸੈਕਟਰੀ ਮਨਜੀਤ ਸਿੰਘ ਤਰਨਤਾਰਨੀ ਲੋੜੀਂਦਾ ਸਬੰਧਤ ਰਿਕ-ਾਰਡ ਪੇਸ਼ ਕਰਕੇ ਬਿਆਨ ਦਰਜ ਕਰਵਾ ਚੁੱਕੇ ਹਨ ਅਤੇ ਇਸ ਪਿੱਛੋਂ ਵੱਡੇ ਲੀਡਰਾਂ ਦੇ ਸੰਮਨ ਨਿਕਲੇ ਹਨ।

ਬਲਵੰਤ ਸਿੰਘ ਖੇੜਾ ਤੇ ਓਮ ਸਿੰਘ ਸਟਿਆਣਾ ਵੱਲੋਂ ਇਸ ਕੇਸ ਦੀ ਪੈਰਵੀ ਕਰਦੇ ਐਡਵੋਕੇਟ ਬੀ ਐੱਸ ਰਿਆੜ ਅਤੇ ਐਡਵੋਕੇਟ ਹਿਤੇਸ਼ ਪੁਰੀ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਇਨ੍ਹਾਂ ਲੀਡਰਾਂ ਵਿਰੁੱਧ ਸਾਜ਼ਿਸ਼ ਕਰਨ, ਧੋਖਾਧੜੀ ਤੇ ਜਾਅਲਸਾਜ਼ੀ ਦਾ ਕੇਸ ਚੱਲ ਰਿਹਾ ਹੈ, ਜਿਸ ਵਿੱਚ ਖੇੜਾ ਤੇ ਸਟਿਆਣਾ ਨੇ ਅਦਾਲਤ ਨੂੰ ਠੋਸ ਸਬੂਤ ਤੇ ਦਸਤਾਵੇਜ਼ ਪੇਸ਼ ਕਰ ਕੇ ਦੱਸਿਆ ਹੈ ਕਿ ਇਸ ਪਾਰਟੀ ਦੇ ਸਾਬਕਾ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਅਤੇ ਹੋਰਨਾਂ ਅਹੁਦੇਦਾਰਾਂ ਨੇ ਇਸ ਪਾਰਟੀ ਦਾ ਪੁਰ-ਾਣਾ ਵਿਧਾਨ ਲੁਕਾ ਰੱਖਿਆ ਹੈ, ਜਿਸ ਵਿੱਚ ਇਹ ਪਾਰਟੀ ਸਿੱਖ ਸਿਧਾਂਤਾਂ ਨੂੰ ਪ੍ਰਣਾਈ ਦੱਸੀ ਗਈ ਸੀ। ਇਸ ਦੀ ਥਾਂ ਇਨ੍ਹਾਂ ਨੇ ਸਾਲ 1989 ਵਿੱਚ ਭਾਰਤ ਦੇ ਚੋਣ ਕਮਿਸ਼ਨ ਕੋਲ ਝੂਠਾ ਐਫੀਡੇਵਿਟ ਪੇਸ਼ ਕਰ ਦਿੱਤਾ ਕਿ ਇਹ ਪਾਰਟੀ ਧਰਮ ਨਿਰਪੱਖ, ਜਮਹੂਰੀ ਤੇ ਸਮਾਜਵਾਦੀ ਕਦਰਾਂ ਕੀਮਤਾਂ ਦੀ ਧਾਰਨੀ ਹੋ ਗਈ ਹੈ, ਜਦਕਿ ਇਹ ਅੱਜ ਵੀ ਲਗਾਤਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਵਿੱਚ ਉਮੀਦਵਾਰ ਖੜ੍ਹੇ ਕਰਦੀ ਹੈ।

ਅਸਲ ਵਿੱਚ ਇਸ ਪਾਰਟੀ ਨੇ ਆਪਣੀ ਮੋਗਾ ਕਾਨਫਰੰਸ ਸਮੇਂ ਐਲਾਨ ਕੀਤਾ ਸੀ ਕਿ ਇਹ ਸੈਕੂਲਰ ਬਣ ਗਈ ਹੈ, ਪਰ ਇਸ ਦੇ ਬਾਵਜੂਦ ਸਾਲ 2008 ਤਕ ਆਪਣੇ ਵਿਧਾਨ ਵਿੱਚ ਸੋਧ ਨਹੀਂ ਕੀਤੀ। ਦੂਸਰੇ ਪਾਸੇ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਕੇਵਲ ਸਿੱਖ ਧਾਰਮਿਕ ਪਾਰਟੀ ਹੀ ਲੜ ਸਕਦੀ ਹੈ। ਇਸ ਕੇਸ ਵਿੱਚ ਪੇਸ਼ ਕੀਤੇ ਸਬੂਤਾਂ ਮੁਤਾਬਕ ਅਦਾਲਤ ਨੇ ਤਿੰਨਾਂ ਆਗੂਆਂ ਨੂੰ 3 ਦਸੰਬਰ ਨੂੰ ਨਿੱਜੀ ਤੌਰ ਉੱਤੇ ਪੇਸ਼ ਹੋਣ ਦੇ ਸੰਮਨ ਜਾਰੀ ਕੀਤੇ ਹਨ।

ਦਸ ਸਾਲ ਤੋਂ ਵੱਧ ਪੁਰਾਣੇ ਇਸ ਕੇਸ ਵਿੱਚ ਅਦਾਲਤ ਵਿੱਚ ਦਿੱਤੇ ਬਿਆਨਾਂ ਵਿੱਚ ਪਾਰਟੀ ਦੇ ਸਕੱਤਰ ਚਰਨਜੀਤ ਸਿੰਘ ਬਰਾੜ ਨੇ ਦੱਸਿਆ ਸੀ ਕਿ ਉਹ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ ਅਨੁਸਾਰ ਬਿਆਨ ਦਰਜ ਕਰਵਾ ਰਹੇ ਹਨ। ਉਨ੍ਹਾਂ ਅਦਾਲਤ ਵਿੱਚ ਮੰਨਿਆ ਕਿ ਓਦੋਂ ਦੇ ਪਾਰਟੀ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਨੇ 2001 ਵਿੱਚ 9 ਮੈਂਬਰੀ ਵਿਧਾਨ ਸੋਧ ਕਮੇਟੀ ਬਣਾਈ ਸੀ, ਪਰ ਇਸ ਤੋਂ ਪਹਿਲਾਂ ਪਾਰਟੀ ਦਾ ਪੁਰਾਣਾ ਵਿਧਾਨ ਨਹੀਂ ਸੋਧਿਆ ਗਿਆ ਸੀ, ਜਦ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਪਾਰਟੀ ਨੂੰ ਧਰਮ ਨਿਰਪੱਖ ਹੋਣਾ ਜ਼ਰੂਰੀ ਹੈ। ਇਸ ਪਿੱਛੋਂ 2004 ਦੇ ਜਨਰਲ ਇਜਲਾਸ ਮੌਕੇ ਅੰਗਰੇਜ਼ੀ ਵਿੱਚਛਾਪਿਆ ਦਸਤਾਵੇਜ਼ ਪੇਸ਼ ਕਰ ਕੇ ਜੈਕਾਰਿਆਂ ਨਾਲ ਪਾਸ ਕੀਤਾ ਗਿਆ ਸੀ। ਚਰਨਜੀਤ ਸਿੰਘ ਬਰਾੜ ਨੇ ਮੰਨਿਆ ਕਿ ਇਸ ਦੀ ਕਾਪੀ ਕਾਰਵਾਈ ਰਜਿਸਟਰ ਵਿੱਚ ਦਰਜ ਨਹੀਂ ਹੈ। ਉਸ ਨੇ ਕਿਹਾ ਕਿ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਹੋ ਦਸਤਾਵੇਜ਼ ਚੋਣ ਕਮਿਸ਼ਨ ਦਿੱਲੀ ਨੂੰ19 ਜਨਵਰੀ 2008 ਨੂੰਦਿੱਤਾ ਸੀ। ਉਨ੍ਹਾਂ ਮੰਨਿਆ ਕਿ ਇਸ ਤੋਂ ਪਹਿਲਾਂ 1974 ਵਿੱਚ ਪੰਜਾਬੀ ਵਿੱਚ ਛਪੇ ਵਿਧਾਨ ਸੋਧਿਆਨਹੀਂ ਸੀ।ਪਾਰਟੀ ਦੇ ਸਾਬਕਾ ਸਕੱਤਰ ਮਨਜੀਤ ਸਿੰਘ ਤਰਨਤਾਰਨੀ ਨੇ ਅਦਾਲਤ ਵਿੱਚ ਪੰਜਾਬੀ ਵਿੱਚ ਛਪਿਆ ਵਿਧਾਨ ਪੇਸ਼ ਕਰ ਕੇ ਕਿਹਾ ਕਿ ਉਹ 1987 ਤੋਂ 1990 ਤਕ ਲਗਾਤਾਰ ਪਾਰਟੀ ਦੇ ਸਕੱਤਰ ਰਹੇ ਹਨ ਅਤੇ ਅਕਾਲੀ ਦਲ ਸਿੱਖਾਂ ਦੀ ਧਾਰਮਿਕ ਪਾਰਟੀ ਸੀ ਤੇ ਗੁਰਦੁਆਰਾ ਚੋਣਾਂ ਹੀ ਲੜ ਸਕਦੀ ਸੀ। ਚੋਣ ਕਮਿਸ਼ਨ ਨੇ ਸ ਸਿਆਸੀ ਪਾਰਟੀਆਂ ਨੂੰ ਸੰਵਿਧਾਨ ਅਨੁਸਾਰ 1951 ਦੇ ਆਰਪੀਏ (ਲੋਕ ਪ੍ਰਤੀਨਿਧਤਾ) ਐਕਟ ਦੀ ਧਾਰਾ 29-ਏ ਅਨੁਸਾਰ ਐਫੀਡੇਵਿਟ ਭਰਨ ਨੂੰ ਕਿਹਾ ਸੀ, ਜਿਸ ਵਿੱਚ ਧਰਮ ਨਿਰਪੱਖ ਕਦਰਾਂ ਕੀਮਤਾਂ ਦਾ ਧਾਰਨੀ ਹੋਣਾ ਲਾਜ਼ਮੀ ਕਰਾਰ ਦਿੱਤਾ ਗਿਆ ਸੀ।

# ਹੰਸ ਰਾਜ ਹੰਸ ਦੇ ਦਫ਼ਤਰ ਉੱਤੇ ਅਣਪਛਾਤੇ ਬੰਦੇ ਵੱਲੋਂ ਫਾਇਰਿੰਗ




ਨਵੀਂ ਦਿੱਲੀ, 4 ਨਵੰਬਰ, (ਪੋਸਟ ਬਿਊਰੋ)-ਪੰਜਾਬੀ ਗਾਇਕ ਅਤੇ ਦਿੱਲੀ ਦੇ ਰੋਹਿਣੀ ਹਲਕੇ ਤੋਂ ਭਾਜਪਾ ਦੇ ਪਾਰਲੀਮੈਂਟ ਮੈਂਬਰ ਹੰਸ ਰਾਜ ਹੰਸ ਦੇ ਦਫ਼ਤਰ ਉੱਤੇ ਸੋਮਵਾਰ ਸ਼ਾਮ ਕਿਸੇ ਅਣਪਛਾਤੇ ਆਦਮੀ ਨੇ ਫਾਇਰਿੰਗ ਕਰ ਦਿੱਤੀ। ਦਿੱਲੀ ਪੁਲਿਸ ਨੇ ਇਸ ਸੰਬੰਧ ਵਿੱਚ ਦੱਸਿਆ ਕਿ ਸੀਸੀਟੀਵੀ ਫੁਟੇਜ ਦੇਖਣ ਤੋਂ ਪਤਾ ਲੱਗਦਾ ਹੈ ਕਿ ਇਕ 50 ਕੁ ਸਾਲ ਦੇ ਵਿਅਕਤੀ, ਜਿਸ ਨੇ ਕੁੜਤਾ-ਪਜਾਮਾ ਪਾਇਆ ਹੋਇਆ ਸੀ, ਨੇ ਹੰਸ ਦੇ ਰੋਹਿਣੀ ਵਾਲੇ ਇਸ ਦਫ਼ਤਰ ਉੱਤੇ ਦੋ-ਤਿੰਨ ਗੋਲ਼ੀਆਂ ਚਲਾਈਆਂ ਅਤੇ ਕਾਰ ਵਿਚ ਬੈਠ ਕੇ ਫ਼ਰਾਰ ਹੋ ਗਿਆ।ਪੁਲਿਸ ਦੇ ਦੱਸਣ ਅਨੁਸਾਰ ਉਸ ਵਿਅਕਤੀ ਨੇ ਸ਼ਰਾਬ ਪੀਤੀ ਲੱਗਦੀ ਸੀ। ਗੋਲ਼ੀਆਂ ਚਲਾਉਣ ਤੋਂ ਪਹਿਲਾਂ ਉਸ ਨੇ ਚੰਗਾ ਹੰਗਾਮਾ ਕੀਤਾ ਅਤੇ ਗਾਲ੍ਹਾਂ ਕੱਢੀਆਂ। ਉਹ ਕਹਿ ਰਿਹਾ ਸੀ ਕਿ ਉਸ ਨੂੰ ਸਮਾਂ ਦੇਣ ਦੇ ਬਾਵਜੂਦ ਹੰਸ ਰਾਜ ਹੰਸ ਨੇ ਉਸ ਨਾਲ ਮੁਲਾਕਾਤ ਨਹੀਂ ਕੀਤੀ। ਗੋਲ਼ੀਆਂ ਦੇ ਕਾਰਨ ਹੰਸ ਰਾਜ ਹੰਸ ਦੇ ਦਫ਼ਤਰ ਦਾ ਸ਼ੀਸ਼ੇ ਦਾ ਦਰਵਾਜ਼ਾ ਟੁੱਟ ਗਿਆ। ਫਾਇਰਿੰਗ ਹੋਣ ਸਮੇਂ ਦਫ਼ਤਰ ਵਿਚ ਕੋਈ ਮੌਜੂਦ ਨਹੀਂ ਸੀ। ਪੁਲਿਸ ਅਨੁਸਾਰ ਸੀਸੀਟੀਵੀ ਫੁਟੇਜ ਦੀ ਮਦਦ ਨਾਲ ਦੋਸ਼ੀ ਦੀ ਪਛਾਣ ਦੇ ਯਤਨ ਕੀਤੀ ਜਾ ਰਹੀ ਹੈ।

# ਢੀਂਡਸਾ ਨੇ ਅਕਾਲੀ ਦਲ ਦੇ ਅਹੁਦੇ ਸਿਧਾਂਤਕ ਮਤਭੇਦਾਂ ਦੇ ਕਾਰਨ ਤਿਆਗੇ ਮੰਨੇ



ਚੰਡੀਗੜ੍ਹ, 4 ਨਵੰਬਰ (ਪੋਸਟ ਬਿਊਰੋ)- ਰਾਜ ਸਭਾ ਦੇ ਮੈਂਬਰ ਅਤੇ ਸਾਬਕਾ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਬੜੇ ਚਿਰਾਂ ਬਾਅਦ ਆਪਣੇ ਦਿਲ ਦੀ ਗੱਲ ਬਾਹਰ ਕੱਢਦਿਆਂ ਕਿਹਾ ਕਿ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਸਿਧਾਂਤਕ ਮਤਭੇਦਾਂ ਕਰ ਕੇ ਤਿਲਾਂਜਲੀ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਜਦੋਂ ਅਕਾਲੀ ਦਲ ਵਿੱਚ ਉਨ੍ਹਾਂ ਦੀ ਕੋਈ ਪੁੱਛਗਿੱਛ ਨਹੀਂ ਰਹੀ ਤਾਂ ਉਸ ਪਾਰਟੀ ਵਿੱਚ ਉਨ੍ਹਾਂ ਦੇ ਰਹਿਣ ਦੀ ਕੋਈ ਤੁਕ ਨਹੀਂ ਬਣਦੀ।

ਮੀਡੀਆ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਸੁਖਦੇਵ ਸਿੰਘ ਢੀਂਡਸਾ ਨੇ ਸਪੱਸ਼ਟ ਕੀਤਾ ਕਿ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਨਾਲ ਉਨ੍ਹਾਂ ਦੀ ਸੋਚ ਮੇਲ ਨਹੀਂ ਖਾ ਰਹੀ ਅਤੇ ਅੱਗੇ ਤੁਰਨਾ ਮੁਸ਼ਕਲ ਹੋ ਗਿਆ ਸੀ। ਓਥੇ ਸੀਨੀਅਰ ਲੀਡਰਾਂ ਨੂੰ ਖੂੰਜੇ ਲਾ ਰੱਖਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਅਕਾਲੀ ਦਲ ਨੂੰ ਨਹੀਂ ਛੱਡਿਆ, ਸਗੋਂ ਅਹੁਦੇ ਛੱਡੇ ਹਨ। ਅਕਾਲੀ ਦਲ ਦਾ ਇਤਿਹਾਸ ਸ਼ਾਨਾਂਮੱਤਾ ਹੈ, ਉਹ ਇਸ ਦੇ ਮੈਂਬਰ ਹਨ ਤੇ ਰਹਿਣਗੇ ਵੀ। ਇਹ ਪੁੱਛਣ 'ਤੇ ਕਿ ਤੁਹਾਡੀ ਇਸ ਨੀਤੀ ਨਾਲ ਤੁਹਾਡੇ ਬੇਟੇ ਅਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੂੰ ਅਕਾਲੀ ਦਲ ਵਿੱਚ ਦਿੱਕਤ ਨਹੀਂ ਆਵੇਗੀ, ਉਨ੍ਹਾਂ ਕਿਹਾ, ਮੇਰੀ ਆਪਣੀ ਲਾਈਨ ਹੈ, ਬੇਟੇ ਦੀ ਆਪਣੀ ਲਾਈਨ ਹੈ। ਮੈਂ ਉਸ ਨੂੰ ਕਿਹਾ ਸੀ ਕਿ ਲੋਕ ਸਭਾ ਦੀ ਚੋਣ ਨਾ ਲੜੇ, ਉਹ ਮੈਦਾਨ ਵਿੱਚ ਨਿਤਰ ਪਿਆ, ਪਰ ਮੈਂ ਉਸ ਦੇ ਲਈ ਪ੍ਰਚਾਰ ਕਰਨ ਨਹੀਂ ਗਿਆ ਸੀ। ਇਹ ਪੁੱਛੇ ਜਾਣ 'ਤੇ ਕਿ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਬੇਟੇ ਨਾਲ ਤੁਰੋਗੇ ਕਿ ਨਹੀਂ, ਉਨ੍ਹਾਂ ਕਿਹਾ ਕਿ ਸਮੇਂ ਤੋਂ ਪਹਿਲਾਂ ਕੁਝ ਵੀ ਕਹਿਣਾ ਜਾਇਜ਼ ਨਹੀਂ।

ਕਰਤਾਰਪੁਰ ਲਾਂਘੇ ਬਾਰੇ ਇੱਕ ਸਵਾਲ ਦੇ ਜਵਾਬ ਵਿੱਚ ਢੀਂਡਸਾ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਦਾ ਰੋਲ ਬੜਾ ਅਹਿਮ ਅਤੇ ਹਾਂ ਪੱਖੀ ਰਿਹਾ ਹੈ, ਪਰ ਕੇਂਦਰ ਤੇ ਪੰਜਾਬ ਸਰਕਾਰ ਦੇ ਯੋਗਦਾਨ ਨੂੰ ਵੀ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਉਨ੍ਹਾਂ ਹੋਰ ਕਿਹਾ ਕਿ ਸਿੱਧੂ ਇਕੱਲੇ ਦਾ ਰੋਲ ਨਹੀਂ, ਪਰ ਉਸ ਨੇ ਪਹਿਲ ਕਰ ਕੇ ਪ੍ਰਕਾਸ਼ ਪੁਰਬ ਲਈ ਰਾਹ ਖੋਲ੍ਹ ਦਿੱਤਾ ਸੀ। ਜ਼ਿਕਰ ਯੋਗ ਹੈ ਕਿ ਢੀਂਡਸਾ ਨੇ ਪਹਿਲਾਂ ਅਕਾਲੀ ਦਲ ਦੇ ਸਕੱਤਰ ਜਨਰਲ ਅਤੇ ਕੋਰ ਕਮੇਟੀ ਤੋਂ ਅਸਤੀਫਾ ਦੇ ਦਿੱਤਾ ਸੀ। ਪਿਛਲੇ ਮਹੀਨੇ ਰਾਜ ਸਭਾ ਵਿੱਚ ਦਲ ਦੇ ਨੇਤਾ ਦੇ ਅਹੁਦੇ ਨੂੰ ਵੀ ਤਿਲਾਂਜਲੀ ਦੇ ਦਿੱਤੀ ਹੈ।


# ਪਰਮਜੀਤ ਸਿੰਘ ਸਰਨਾ ਨੂੰ ਦਿੱਲੀ ਹਾਈਕੋਰਟ ਵੱਲੋਂ ਪਾਕਿਸਤਾਨ ਜਾਣ ਦੀ ਆਗਿਆ ਮਿਲੀ



ਨਵੀਂ ਦਿੱਲੀ, 4 ਨਵੰਬਰ, (ਪੋਸਟ ਬਿਊਰੋ)-ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਮਨਾਏ ਜਾਣ ਦੇ ਵਕਤ ਪਾਕਿਸਤਾਨ ਜਾਣ ਦੀ ਇਜਾਜ਼ਤ ਅੱਜ ਦਿੱਲੀ ਹਾਈ ਕੋਰਟ ਨੇ ਦੇ ਦਿੱਤੀ ਹੈ।

ਵਰਨਣ ਯੋਗ ਹੈ ਕਿ ਪਰਮਜੀਤ ਸਿੰਘ ਸਰਨਾ ਨੂੰ ਗੁਰਦੁਆਰਾ ਨਾਨਕ ਪਿਆਉ ਦਿੱਲੀ ਤੋਂ ਪਾਕਿਸਤਾਨ ਜਾਣ ਲਈ ਆਰੰਭ ਕੀਤੇ ਨਗਰ ਕੀਰਤਨ ਨਾਲ ਜਾਣ ਸਮੇਂ 31 ਅਕਤੂਬਰ ਨੂੰ ਭਾਰਤ ਦੇ ਇਮੀਗਰੇਸ਼ਨ ਅਧਿਕਾਰੀਆਂ ਨੇ ਰੋਕ ਲਿਆ ਸੀ। ਓਦੋਂ ਕਿਹਾ ਗਿਆ ਸੀ ਕਿ ਪਰਮਜੀਤ ਸਿੰਘ ਸਰਨਾ ਨੂੰ ਇਮੀਗ੍ਰੇਸ਼ਨ ਵਿਭਾਗ ਨੇ ਸਰਨਾ ਉੱਤੇ ਦਿਲੀ ਦੇ ਇਕ ਥਾਣੇ ਵਿੱਚਕੇਸ ਦਰਜ ਹੋਣ ਕਾਰਨ ਰੋਕਿਆ ਹੈ। ਸਰਨਾ ਉਸ ਦਿਨ ਅਟਾਰੀ ਸਰਹੱਦ ਵਿਖੇ ਇਮੀਗ੍ਰੇਸ਼ਨ ਤੋਂ ਕਲੀਅਰੈਂਸ ਲੈਣ ਲਈ ਜੱਦੋਜਹਿਦ ਕਰਦੇ ਰਹੇ, ਪਰ ਉਨ੍ਹਾਂ ਦੀ ਕਿਸੇ ਨੇ ਨਹੀਂ ਸੀ ਸੁਣੀ, ਜਿਸ ਪਿੱਛੋਂ ਉਨ੍ਹਾਂ ਨੇ ਪਾਕਿਸਤਾਨ ਜਾਣ ਦੇ ਲਈ ਦਿੱਲੀ ਹਾਈ ਕੋਰਟ ਕੋਲੋਂ ਕਾਨੂੰਨੀ ਮਨਜ਼ੂਰੀ ਲੈ ਲਈ ਹੈ। ਦਿੱਲੀ ਤੋਂਚੱਲਿਆ ਨਗਰ ਕੀਰਤਨ ਓਸੇ ਦਿਨ ਵਾਹਗਾ ਸਰਹੱਦ ਪਾਰ ਕਰ ਗਿਆ ਸੀ, ਪਰ ਪਰਮਜੀਤ ਸਿੰਘ ਸਰਨਾ ਨਗਰ ਕੀਰਤਨ ਦੇ ਮੁੱਖ ਪ੍ਰਬੰਧਕ ਹੋਣ ਦੇ ਬਾਵਜੂਦ ਨਹੀਂਸਨ ਜਾ ਸਕੇ, ਜਿਸ ਲਈ ਸਰਨਾ ਨੇ ਵਿਰੋਧੀਆਂ ਉੱਤੇ ਘਟੀਆ ਸਿਆਸਤ ਕਰਨ ਦੇ ਦੋਸ਼ ਲਾਏ ਸਨ। ਅੱਜ ਦਿੱਲੀ ਹਾਈ ਕੋਰਟ ਤੋਂ ਇਜਾਜ਼ਤ ਮਿਲਣ ਪਿੱਛੋਂ ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਨਾਲ ਜਿੱਥੇ ਵਿਰੋਧੀਆਂ ਨੂੰ ਇਕ ਵੱਡਾ ਝਟਕਾ ਲੱਗਾ ਹੈ,ਉਥੇ ਉਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ 550 ਸਾਲਾ ਪ੍ਰਕਾਸ਼ ਪੁਰਬ ਵਿਚ ਸ਼ਮੂਲੀਅਤ ਦਾ ਆਪ ਸੱਦਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਉਹ 7 ਨਵੰਬਰ ਨੂੰ ਅਟਾਰੀ-ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਜਾਣਗੇ।




ਪਹਿਲੇ ਵਿਸ਼ਵ ਯੁਧ 'ਚ ਸ਼ਹੀਦ ਹੋਏ ਕੈਨੀਅਨ ਸੈਨਿਕਾਂ ਦੀ ਯਾਦ ਵਿਚ ਸਿੱਖ ਭਾਈਚਾਰੇ ਵੱਲੋਂ ਕਿਚਨਰ ਮਾਊਂਟ ਹੋਪ ਸਮਿਟਰੀ 175 ਮੋਰ ਰੋਡ ਵਿਖੇ ਸ਼ਹੀਦ ਬੁੱਕਨ ਸਿੰਘ ਜੀ ਦੀ ਯਾਦਗਾਰ 'ਤੇ ਰਿਮੈਂਬਰੈਨਸ ਦਿਵਸ' ਨਾਲ ਸੰਬੰਧਿਤ ਸਮਾਗਮ ਕੀਤਾ ਗਿਆ। ਇਸ ਦੌਰਾਨ ਅਕਾਲ ਅਮੈਡਮੀ ਵੱਲੋਂ ਸ਼ਰਧਾਂਜ਼ਲੀ ਭੇਂਟ ਕੀਤੀ ਗਈ।

# ਵਿਦੇਸ਼ੀ ਨੂੰਹ ਨਹੀਂ ਮਿਲੀ, ਵੈਡਿੰਗ ਕੰਪਨੀ ਨੂੰ ਜੁਰਮਾਨਾ

ਚੰਡੀਗੜ੍ਹ, 4 ਨਵੰਬਰ (ਪੋਸਟ ਬਿਊਰੋ)- ਆਪਣੇ ਬੇਟੇ ਲਈ ਵਿਦੇਸ਼ੀ ਨੂੰਹ ਲੱਭ ਰਹੇ ਮੋਹਾਲੀ ਦੇ ਸੈਕਟਰ 71 ਦੇ ਵਾਸੀ ਜਗਮੋਹਨ ਸਿੰਘ ਨੂੰ ਜਦ ਉਨ੍ਹਾਂ ਦੀ ਪਸੰਦ ਦਾ ਰਿਸ਼ਤਾ ਇਹ ਕੰਪਨੀ 'ਵੈਡਿੰਗ ਵਿਸ਼' ਨਹੀਂ ਦਿਖਾ ਸਕੀ ਤਾਂ ਫਿਰ ਉਨ੍ਹਾਂ ਨੇ ਕੰਜਿਊਮਰ ਫੋਰਮ ਵਿੱਚ ਕੰਪਨੀ ਦੇ ਖਿਲਾਫ ਕੇਸ ਕਰ ਦਿੱਤਾ। ਕੰਜਿਊਮਰ ਫੋਰਮ ਨੇ ਵੈਡਿੰਗ ਵਿਸ਼ ਪ੍ਰਾਈਵੇਟ ਲਿਮਟਿਡ ਕੰਪਨੀ ਨੂੰ ਇਸ ਕੇਸ ਦਾ ਦੋਸ਼ੀ ਮੰਨਦੇ ਹੋਏ ਉਸ 'ਤੇ ਹਰਜਾਨਾ ਲਗਾਇਆ ਹੈ। ਇਸ ਸੰਬੰਧ ਵਿੱਚ ਕਨਜ਼ਿਊਮਰ ਫੋਰਮ ਨੇ ਇਸ ਕੰਪਨੀ ਨੂੰ ਸ਼ਿਕਾਇਤ ਕਰਤਾ ਵੱਲੋਂ ਦਿੱਤੇ ਹੋਏ 57,500 ਰੁਪਏ ਨੌਂ ਫੀਸਦੀ ਵਿਆਜ ਸਮੇਤ ਵਾਪਸ ਕਰਨ ਲਈ ਹੁਕਮ ਦਿੱਤਾ ਹੈ। ਇਸ ਦੇ ਨਾਲ ਸ਼ਿਕਾਇਤ ਕਰਤਾ ਨੂੰ ਹੋਈ ਪ੍ਰੇਸ਼ਾਨੀ ਦੇ ਲਈ ਕੰਪਨੀ ਵੱਲੋਂ ਸ਼ਿਕਾਇਤ ਕਰਤਾ ਨੂੰ 10 ਹਜ਼ਾਰ ਰੁਪਏ ਮੁਆਵਜ਼ਾ ਰਾਸ਼ੀ ਅਤੇ 5500 ਰੁਪਏ ਕੇਸ ਖਰਚ ਦੇ ਰੂਪ ਵਿੱਚ ਦੇਣ ਲਈ ਕਿਹਾ ਹੈ। ਸ਼ਿਕਾਇਤ ਕਰਤਾ ਦੇ ਵਕੀਲ ਰਵੀ ਇੰਦਰ ਸਿੰਘ ਨੇ ਦੱਸਿਆ ਕਿ ਜਗਮੋਹਨ ਸਿੰਘ ਤੇ ਉਨ੍ਹਾਂ ਦੀ ਪਤਨੀ ਹਰਵਿੰਦਰ ਕੌਰ ਲਈ ਕੈਨੇਡਾ ਅਤੇ ਅਮਰੀਕਾ ਦੀ ਰਹਿਣ ਵਾਲੀ ਲੜਕੀ ਦਾ ਰਿਸ਼ਤਾ ਦੇਖ ਰਹੇ ਸਨ। ਉਨ੍ਹਾਂ ਨੇ ਸੈਕਟਰ 36 ਡੀ ਵਿੱਚ ਵੈਡਿੰਗ ਵਿਸ਼ ਪ੍ਰਾਈਵੇਟ ਲਿਮਟਿਡ ਕੰਪਨੀ ਨਾਲ ਡੀਲ ਕੀਤੀ ਸੀ। ਕੰਪਨੀ ਨੇ ਉਨ੍ਹਾਂ ਦੀ ਡਿਮਾਂਡ ਦੇ ਮੁਤਾਬਕ ਰਿਸ਼ਤਾ ਦਿਖਾਉਣ ਦੀ ਗੱਲ ਕਹੀ ਸੀ, ਜਿਸ ਦੇ ਲਈ ਸ਼ਿਕਾਇਤ ਕਰਤਾ ਨੇ ਕੰਪਨੀ ਨੂੰ 57,500 ਰੁਪਏ ਚੈੱਕ ਰਾਹੀਂ ਦਿੱਤੇ। ਕੰਪਨੀ ਨੇ ਉਨ੍ਹਾਂ ਨੂੰ ਇੱਕ ਸਾਲ ਦੀ ਮੈਬਰਸ਼ਿਪ ਦਿੱਤੀ। ਇਸ ਪਿੱਛੋਂ ਕੰਪਨੀ ਨੇ ਸ਼ਿਕਾਇਤ ਕਰਤਾ ਨੂੰ 21 ਰਿਸ਼ਤੇ ਦਿਖਾਏ, ਪਰ ਕੋਈ ਵੀ ਰਿਸ਼ਤਾ ਵਿਦੇਸ਼ੀ ਨਹੀਂ ਸੀ। ਜੋ ਰਿਸ਼ਤਾ ਪਸੰਦ ਆਇਆ, ਕੰਪਨੀ ਨੇ ਸ਼ਿਕਾਇਤ ਕਰਤਾ ਨੂੰ ਉਨ੍ਹਾਂ ਨਾਲ ਵੀ ਨਹੀਂ ਮਿਲਵਾਇਆ। ਇਸ ਦੇ ਬਾਅਦ ਸ਼ਿਕਾਇਤ ਕਰਤਾ ਨੇ ਕੰਪਨੀ ਨੂੰ ਪੈਸੇ ਰਿਫੰਡ ਕਰਨ ਲਈ ਕਿਹਾ ਤਾਂ ਉਸ ਦੇ ਪੈਸੇ ਰਿਫੰਡ ਨਹੀਂ ਕੀਤੇ ਤੇ ਫਿਰ ਸ਼ਿਕਾਇਤ ਕਰਤਾ ਨੇ ਲੀਗਲ ਨੋਟਿਸ ਭੇਜਿਆ, ਪਰ ਕੰਪਨੀ ਨੇ ਉਸ ਦਾ ਵੀ ਜਵਾਬ ਨਹੀਂ ਦਿੱਤਾ। ਪ੍ਰੇਸ਼ਾਨ ਹੋ ਕੇ ਸ਼ਿਕਾਇਤ ਕਰਤਾ ਨੇ ਕੰਜਿਊਮਰ ਫੋਰਮ ਦਾ ਦਰਵਾਜ਼ਾ ਖੜਕਾਇਆ।

ਵੈਡਿੰਗ ਵਿਸ਼ ਕੰਪਨੀ ਨੇ ਆਪਣੇ ਪੱਖ ਵਿੱਚ ਦਲੀਲ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਜੋ ਰਿਸ਼ਤੇ ਦਿਖਾਏ ਸਨ, ਉਹ ਸ਼ਿਕਾਇਤ ਕਰਤਾ ਦੇ ਬੇਟੇ ਅਤੇ ਕੰਪਨੀ ਵਿੱਚ ਹੋਈ ਡੀਲ ਮੁਤਾਬਕ ਸਨ। ਇਸ ਦੇ ਇਲਾਵਾ ਕੰਪਨੀ ਨੇ ਕੁਝ ਵੱਖਰੇ ਤੌਰ 'ਤੇ ਰਿਸ਼ਤੇ ਵੀ ਦਿਖਾਏ, ਜਿਸ ਦੇ ਲਈ ਸ਼ਿਕਾਇਤ ਕਰਤਾ ਤੋਂ ਕੋਈ ਵੱਖਰਾ ਚਾਰਜ ਨਹੀਂ ਲਿਆ ਗਿਆ। ਜਦ ਕੰਪਨੀ ਤੇ ਦੂਸਰੀ ਪਾਰਟੀ ਵਿੱਚ ਡੀਲ ਹੋਈ ਸੀ ਤਾਂ ਉਨ੍ਹਾਂ ਨੇ ਅਜਿਹਾ ਦਾਅਵਾ ਨਹੀਂ ਕੀਤਾ ਸੀ ਕਿ ਜਿਹੋ ਜਿਹਾ ਰਿਸ਼ਤਾ ਉਹ ਚਾਹੁੰਦੇ ਹਨ, 100 ਫੀਸਦੀ ਉਹੋ ਜਿਹੇ ਰਿਸ਼ਤੇ ਦਿਖਾਏ ਜਾਣਗੇ, ਇਸ ਲਈ ਕੰਪਨੀ ਨੇ ਆਪਣੀ ਸਰਵਿਸ ਵਿੱਚ ਕੋਈ ਕੋਤਾਹੀ ਨਹੀਂ ਵਰਤੀ। ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਦੇ ਬਾਅਦ ਕੰਜਿਊਮਰ ਫੋਰਮ ਨੇ ਆਪਣਾ ਫੈਸਲਾ ਸੁਣਾਇਆ ਹੈ।

# ਡੇਰਾ ਬਿਆਸ ਦੇ ਮੁਖੀ ਦੀ ਤੁਲਨਾ ਬਾਬਾ ਨਾਨਕ ਨਾਲ ਕਰਨ 'ਤੇ ਵਿਵਾਦ ਛਿੜਿਆ

ਰਈਆ, 4 ਨਵੰਬਰ (ਪੋਸਟ ਬਿਊਰੋ)- ਰਾਧਾ ਸੁਆਮੀ ਬਿਆਸ ਦੇ ਡੇਰੇ ਦਾ ਮੁੱਖੀ ਇੱਕ ਤੋਂ ਬਾਅਦ ਇੱਕ ਵਿਵਾਦਾਂ ਵਿੱਚ ਹੀ ਘਿਰਦਾ ਜਾ ਰਿਹਾ ਹੈ। ਇਸ ਵਾਰੀ ਸੋਸ਼ਲ ਮੀਡੀਆ 'ਤੇ ਡੇਰੇ ਦੀ ਇੱਕ ਪ੍ਰਚਾਰਕ ਬੀਬੀ ਨੇ ਇੱਕ ਚੈਨਲ ਦੇ ਪ੍ਰੋਗਰਾਮ ਦੌਰਾਨ ਗੁਰੂ ਨਾਨਕ ਦੇਵ ਜੀ ਨਾਲ ਡੇਰਾ ਮੁੱਖੀ ਬਾਬਾ ਗੁਰਿੰਦਰ ਸਿੰਘ ਢਿੱਲੋ ਦੀ ਤੁਲਨਾ ਕਰ ਦਿੱਤੀ ਤੇ ਇਸ ਬਾਰੇ ਇੱਕ ਆਡੀਓ ਵਾਇਰਲ ਹੋਈ ਹੈ, ਜਿਸ ਨੇ ਨਵਾਂ ਵਿਵਾਦ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਸਿੱਖ ਸੰਗਠਨਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ ਤੇ ਪੁਲਸ ਪ੍ਰਸ਼ਾਸਨ ਤੋਂ ਇਸ ਚੈਨਲ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਕੀਤੀ ਗਈ ਹੈ। ਪਤਾ ਲੱਗਾ ਹੈ ਕਿ ਡੇਰਾ ਰਾਧਾ ਸੁਆਮੀ ਦੇ ਮੁੱਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ, ਜੋ ਪਹਿਲਾਂ ਜ਼ਮੀਨਾਂ ਦੇ ਵਿਵਾਦ ਤੇ ਫਿਰ ਰੈਨਬੈਕਸੀ ਵਾਲੇ ਸਿੰਘ ਭਰਾਵਾਂ ਦੇ ਕੇਸ ਵਿੱਚ ਦਿੱਲੀ ਹਾਈ ਕੋਰਟ ਵੱਲੋਂ 14 ਨਵੰਬਰ ਨੂੰ ਤਲਬ ਕਰਨ ਕਰ ਕੇ ਵਿਵਾਦਾਂ ਵਿੱਚ ਘਿਰੇ ਹੋਏ ਹਨ, ਇਸ ਵਾਰੀ ਸੋਸ਼ਲ ਮੀਡੀਆ ਉੱਤੇ ਚੱਲ ਰਹੀ ਇੱਕ ਬੀਬੀ ਦੀ ਆਡੀਓ ਕਰਕੇ ਵਿਵਾਦਾਂ ਵਿੱਚ ਆ ਗਏ ਹਨ। ਇਸ ਆਡੀਓ ਵਿੱਚ ਇੱਕ ਚੈਨਲ 'ਤੇ ਬੀਬੀ ਬਬੀਤਾ ਰਾਧਾ ਸੁਆਸੀ ਸੰਗਤ ਨੂੰ ਸੰਬੋਧਨ ਕਰਦੇ ਹੋਏ ਕਹਿ ਰਹੀ ਹੈ, ''ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਸੱਚ ਦਾ ਹੋਕਾ ਦਿੱਤਾ ਸੀ, ਉਨ੍ਹਾਂ ਨੂੰ ਉਸ ਸਮੇਂ ਦੀਆਂ ਸਰਕਾਰਾਂ, ਵੱਡੇ-ਵੱਡੇ ਰਾਜੇ ਕਚਹਿਰੀਆਂ ਵਿੱਚ ਬੁਲਾਇਆ ਕਰਦੇ ਸਨ ਅਤੇ ਗੁਰੂ ਜੀ ਬਹੁਤ ਚੰਗੇ ਢੰਗ ਨਾਲ ਜਵਾਬ ਦੇ ਕੇ ਆਇਆ ਕਰਦੇ ਸਨ ਅਤੇ ਗੁਰੂ ਜੀ ਦਾ ਜਵਾਬ ਸੁਣ ਕੇ ਰਾਜੇ-ਮਹਾਰਾਜੇ ਉਨ੍ਹਾਂ ਅੱਗੇ ਸਿਰ ਝੁਕਾਇਆ ਕਰਦੇ ਸਨ, ਉਸੇ ਤਰ੍ਹਾਂ ਸਾਡੇ ਬਾਬਾ ਜੀ ਜਵਾਬ ਦੇ ਕੇ ਆ ਜਾਣਗੇ ਅਤੇ ਕੁਝ ਨਹੀਂ ਹੋਵੇਗਾ।'' ਇਸੇ ਤਰ੍ਹਾਂ ਇਸ ਆਡੀਓ ਵਿੱਚ ਸਿੰਘ ਭਰਾਵਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਹ ਆਡੀਓ ਕੀਬ ਅੱਠ ਮਿੰਟਾਂ ਦੀ ਹੈ। ਇਲਾਕੇ ਦੇ ਲੋਕਾਂ ਵਿੱਚ ਡੇਰਾ ਮੁੱਖੀ ਦੀ ਤੁਲਨਾ ਗੁਰੂ ਨਾਨਕ ਦੇਵ ਜੀ ਨਾਲ ਕਰਨ 'ਤੇ ਭਾਰੀ ਰੋਸ ਪਾਇਆ ਜਾ ਰਿਹਾ ਹੈ।

# ਦੋਸਤ ਦੀ ਬੀਮਾ ਪਾਲਿਸੀ ਕਰਵਾ ਕੇ ਖੁਦ ਨੋਮਿਨੀ ਬਣਿਆ ਦੋਸ਼ੀ ਤੇ 70 ਲੱਖ ਠੱਗੇ

ਪਟਿਆਲਾ, 4 ਨਵੰਬਰ (ਪੋਸਟ ਬਿਊਰੋ)- ਇੱਕ ਦੋਸਤ ਦਾ ਆਪਣੀ ਪਤਨੀ ਨਾਲ ਝਗੜਾ ਕੀ ਹੋਇਆ, ਦਰਦ ਵੰਡਣ ਦੇ ਬਹਾਨੇ ਦੋਸ਼ੀ ਅਜੈ ਕੁਮਾਰ ਨੇ ਆਪਣੇ ਦੋਸਤ ਅਰੁਣ ਨੂੰ ਠੱਗਣਾ ਸ਼ੁਰੂ ਕਰ ਦਿੱਤਾ। ਉਸ ਨੇ ਆਪਣੇ ਸਾਥੀ ਏਜੰਟਾਂ ਨਾਲ ਮਿਲ ਕੇ ਪਹਿਲਾ ਕਰਜ਼ਾ ਪਾਸ ਕਰਵਾਇਆ। ਫਿਰ ਪੀ ਐਫ ਅਤੇ ਐਫ ਡੀ ਕਰਵਾਈ, ਜਿਸ ਵਿੱਚ ਖੁਦ ਨੋਮਿਨੀ ਬਣ ਗਿਆ। ਉਸ ਨੂੰ ਡਰ ਸੀ ਕਿ ਕਿਤੇ ਅਰੁਣ ਇਸ ਦੀ ਜਾਣਕਾਰੀ ਕਿਸੇ ਨੂੰ ਨਾ ਦੇ ਦੇਵੇ ਤਾਂ ਦੋਸ਼ੀ ਨੇ ਮਾਰਨ ਦੀ ਪਲਾਲਿੰਗ ਕੀਤੀ ਅਤੇ ਸਾਥੀਆਂ ਨਾਲ ਅਰੁਣ ਨੂੰ ਮਾਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਕਿਸੇ ਤਰ੍ਹਾਂ ਦੌੜ ਕੇ ਬਚ ਗਿਆ। ਇਸ ਪਿੱਛੋਂ ਅਰੁਣ ਨੇ ਆਪਣੀ ਪਤਨੀ ਨੂੰ ਇਸ ਦੀ ਪੂਰੀ ਜਾਣਕਾਰੀ ਦਿੱਤੀ। 8 ਮਹੀਨੇ ਦੀ ਜਾਂਚ ਪਿੱਛੋਂ ਥਾਣਾ ਸਿਵਲ ਲਾਈਨ ਪੁਲਸ ਨੇ ਅਜੈ ਕੁਮਾਰ, ਉਸ ਦੇ ਏਜੰਟਾਂ ਸਾਥੀ ਜਗਤਾਰ ਸਿੰਘ ਅਬਲੋਵਾਲ, ਭੂਪੇਸ਼ ਕੁਮਾਰ ਨਿਵਾਸੀ ਆਨੰਦ ਵਿਹਾਰ ਦੇ ਖਿਲਾਫ 70 ਲੱਖ ਦੀ ਠੱਗੀ ਦਾ ਕੇਸ ਦਰਜ ਕਰ ਲਿਆ ਹੈ।

ਪੀੜਤ ਅਰੁਣ ਕੁਮਾਰ ਨੇ ਪੁਲਸ ਨੂੰ ਦੱਸਿਆ ਕਿ 2009 ਵਿੱਚ ਉਸ ਦੀ ਪਤਨੀ ਨਾਲ ਅਣਬਣ ਹੋ ਗਈ ਸੀ। ਉਸ ਦੇ ਬਾਅਦ ਉਹ ਅਜੈ ਕੁਮਾਰ ਦੇ ਨਾਲ ਕਵਾਟਰ ਵਿੱਚ ਰਹਿਣ ਲੱਗਾ। ਕੁਝ ਸਮੇਂ ਪਿੱਛੋਂ ਉਸ ਦਾ ਪੈਰ ਟੁਟ ਗਿਆ ਤਾਂ ਦੋਸ਼ੀ ਅਜੈ ਉਸ ਦੇ ਲਈ ਖਾਣਾ ਲੈ ਕੇ ਆਉਣ ਲੱਗਾ। ਬਾਅਦ ਵਿੱਚ ਦੋਸ਼ੀ ਨੇ ਉਸ ਦਾ ਏ ਟੀ ਐਮ ਕਾਰਡ ਆਪਣੇ ਕੋਲ ਰੱਖਣਾ ਸ਼ੁਰੂ ਕਰ ਦਿੱਤਾ। ਉਸ ਦੇ ਬਾਅਦ ਦੋਸ਼ੀ ਨੇ ਉਸ ਦੀ ਫਿਕਸਡ ਡਿਪਾਜ਼ਿਟ ਪਾਲਿਸੀ ਕਰਵਾਈ ਅਤੇ ਖੁਦ ਨੋਮਨੀ ਬਣ ਗਿਆ। ਦੋਸ਼ੀ ਨੇ ਉਸ ਦੀ ਇੱਕ ਪਾਲਿਸੀ ਤੁੜਵਾਈ ਤੇ ਉਸ ਵਿੱਚੋਂ 50 ਹਜ਼ਾਰ ਰੁਪਏ ਠੱਗੀ ਕੀਤੀ। ਦੋਸ਼ੀ ਨੇ ਉਸ ਪਲਾਟ ਦਿਖਾਉਣ ਦੇ ਬਹਾਨੇ ਬੋਲਿਆ ਉਸ ਕੋਲੋਂ 1.50 ਲੱਖ ਰੁਪਏ ਲੈ ਗਿਆ ਅਤੇ 3.89 ਲੱਖ ਦਾ ਕਰਜ਼ਾ ਕਰਵਾਇਆ। ਇਸ ਦੀ ਰਕਮ ਵਿੱਚੋਂ ਉਸ ਨੇ 1 ਲੱਖ ਰੁਪਏ ਲੈ ਲਏ। ਸ਼ੱਕ ਹੋਣ 'ਤੇ ਚੈੱਕ ਕਰਵਾਇਆ ਤਾਂ ਪਤਾ ਲਗਾ ਕਿ ਉਸ ਦੀ ਪਾਲਿਸੀ ਵਿੱਚ ਦੋਸ਼ੀ ਨੇ ਆਪਣੇ ਬੇਟੇ ਨੂੰ ਨੋਮਿਨੀ ਬਣਾਇਆ ਹੋਇਆ ਹੈ।

# ਸਮਾਗ ਦਾ ਅਸਰ : ਸਪਾਈਸ ਜੈੱਟ ਫਲਾਈਟ ਜੈਪੁਰ ਡਾਇਵਰਟ, ਸਾਢੇ ਪੰਜ ਘੰਟੇ ਹੋਈ ਲੇਟ




ਜਲੰਧਰ, 4 ਨਵੰਬਰ (ਪੋਸਟ ਬਿਊਰੋ)- ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਦੇ ਇੰਦਰਾ ਗਾਂਧੀ ਇੰਟਰਨੈਸ਼ਨਲ (ਆਈ ਜੀ ਆਈ) ਏਅਰਪੋਰਟ 'ਤੇ ਸਮਾਗ ਦੇ ਕਾਰਨ ਘੱਟ ਐਤਵਾਰ ਨੂੰ ਵਿਜੀਬਿਲਟੀ ਘਟ ਜਾਣ ਦਾ ਮਾਮਲਾ ਆਦਮਪੁਰ-ਦਿੱਲੀ ਸੈਕਟਰ ਦੇ ਹਵਾਈ ਯਾਤਰੀਆਂ 'ਤੇ ਭਾਰੀ ਪਿਆ ਅਤੇ ਫਲਾਈਟ ਦਾ ਸੰਚਾਲਨ ਵਿੰਟਰ ਸ਼ਡਿਊਲ ਦੇ ਮੁਤਾ-ਬਕ ਤੈਅ ਸਮੇਂ ਤੋਂ ਲਗਭਗ ਸਾਢੇ ਪੰਜ ਘੰਟੇ ਦੀ ਦੇਰੀ ਨਾਲ ਹੋਇਆ।

ਮਿਲੀ ਜਾਣਕਾਰੀ ਅਨੁਸਾਰ ਆਦਮ-ਪੁਰ-ਦਿੱਲੀ ਸੈਕਟਰ ਵਿੱਚ ਉਡਾਣ ਭਰਨ ਵਾਲਾ ਸਪਾਈਸ ਜੈੱਟ ਦਾ ਜਹਾਜ਼ ਪਹਿਲਾਂ ਭੋਪਾਲ-ਦਿੱਲੀ ਸੈਕਟਰ ਵਿੱਚ ਆਪਰੇਟ ਕਰਦਾ ਹੈ, ਪਰ ਇਸ ਐਤਵਾਰ ਭੋਪਾਲ ਤੋਂ ਆ ਰਿਹਾ ਜਹਾਜ਼ ਦਿੱਲੀ ਵਿੱਚ ਘੱਟ ਵਿਜੀਬਿਲਟੀ ਦੇ ਕਾਰਨ ਲੈਂਡ ਨਹੀਂ ਕਰ ਸਕਿਆ ਅਤੇ ਫਲਾਈਟ ਨੂੰ ਜੈਪੁਰ ਡਾਇਵਰਟ ਕਰ ਦਿੱਤਾ ਗਿਆ। ਬਾਅਦ ਦੁਪਹਿਰ ਲਗਭਗ 1.30 ਵਜੇ ਜਹਾਜ਼ ਜੈਪੁਰ ਤੋਂ ਵਾਪਸ ਦਿੱਲੀ ਗਿਆ ਅਤੇ ਆਦਮਪੁਰ ਆਉਣ ਵਾਲੇ ਯਾਤਰੀਆਂ ਨੂੰ 2.30 ਵਜੇ ਦੇ ਲਗਭਗ ਜਹਾਜ਼ ਵਿੱਚ ਸਵਾਰ ਕਰਵਾ ਦਿੱਤਾ ਗਿਆ। ਯਾਤਰੀਆਂ ਨੂੰ ਓਦੋਂ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ, ਜਦੋਂ ਲਗਭਗ ਸਵਾ ਘੰਟਾ ਜਹਾਜ਼ ਟੈਕਸੀ ਟਰੈਕ 'ਤੇ ਰੁਕਿਆ ਰਿਹਾ ਤੇ ਉਡਾਣ ਨਾ ਭਰ ਸਕਿਆ। ਵੀਕੈਂਡ ਹੋਣ ਦੇ ਕਾਰਨ ਇਸ ਦੌਰਾਨ ਜਹਾਜ਼ ਯਾਤਰੀਆਂ ਨਾਲ ਖਚਾਖਚ ਭਰਿਆ ਹੋਇਆ ਸੀ। ਬਾਅਦ ਦੁਪਹਿਰ ਲਗਭਗ 3.40 'ਤੇ ਜਹਾਜ਼ ਨੇ ਆਦਮਪੁਰ ਦੀ ਉਡਾਣ ਭਰੀ ਅਤੇ ਸ਼ਾਮ 4.25 'ਤੇ ਆਦਮ-ਪੁਰ ਵਿੱਚ ਲੈਂਡ ਕੀਤਾ। ਜਹਾਜ਼ ਦਾ ਆਦਮਪੁਰ ਵਿੱਚ ਠਹਿਰਾਅ ਸਿਰਫ 20 ਮਿੰਟ ਤੈਅ ਹੈ, ਪਰ ਆਦਮਪੁਰ ਏਅਰਪੋਰਟ 'ਤੇ ਵੀ ਇੱਕ ਵਾਰ ਫਿਰ ਦੇਰ ਹੋਈ ਤੇ ਜਹਾਜ਼ ਆਪਣੇ ਤੈਅ ਸਮੇਂ ਤੋਂ ਲਗਭਗ 5.14 'ਤੇ ਦਿੱਲੀ ਦੇ ਲਈ ਟੇਕ ਆਫ ਕਰ ਸਕਿਆ।

# ਮੇਲਾ ਗਦਰੀ ਬਾਬਿਆਂ ਦਾ: ਇਸ ਵਾਰੀ ਫਾਸ਼ੀਵਾਦ ਤੇ ਕਸ਼ਮੀਰ ਦਾ ਮੁੱਦਾ ਰਿਹਾ ਭਾਰੂ

ਜਲੰਧਰ, 4 ਨਵੰਬਰ (ਪੋਸਟ ਬਿਊਰੋ)- ਇਸ ਮਹਾਨਗਰ ਵਿੱਚ ਸਾਲਾਨਾ 'ਮੇਲਾ ਗਦਰੀ ਬਾਬਿਆਂ' ਦੇ ਆਖਰੀ ਦਿਨ ਹੋਈ ਵਿਚਾਰ ਚਰਚਾ ਵਿੱਚ ਭਾਰਤ ਵਿੱਚ ਪੈਦਾ ਹੋ ਰਹੇ ਫਾਸ਼ੀਵਾਦ ਵਰਗੇ ਹਾਲਾਤ ਅਤੇ ਕਸ਼ਮੀਰ ਦਾ ਮੁੱਦਾ ਭਾਰੂ ਰਹੇ। ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਦੇਸ਼ ਦੀਆਂ ਖੁਦਮੁਖਤਿਆਰ ਸੰਸਥਾਵਾਂ ਨੂੰ ਲਾਈ ਜਾ ਰਹੀ ਢਾਹ ਤੇ ਭੀੜ ਹੱਥੋਂ ਕਤਲਾਂ 'ਤੇ ਚਿੰਤਾ ਪ੍ਰਗਟ ਕਰਨ ਵਾਲੇ ਬੁਲਾਰਿਆਂ ਨੇ ਇਹ ਵੀ ਕਿਹਾ ਕਿ ਦੇਸ਼ ਵਿੱਚ ਰਿਜ਼ਰਵ ਬੈਂਕ, ਜਾਂਚ ਏਜੰਸੀ ਸੀ ਬੀ ਆਈ, ਕੇਂਦਰੀ ਯੂਨੀਵਰਸਿਟੀਆਂ, ਸੁਪਰੀਮ ਕੋਰਟ ਅਤੇ ਹੋਰ ਪਬਲਿਕ ਅਦਾਰਿਆਂ ਨੂੰ ਕਮਜ਼ੋਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਡਰ ਅਤੇ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਬੁਲਾਰਿਆਂ ਨੇ ਕਿਹਾ ਕਿ ਕਸ਼ਮੀਰ 'ਚ ਧਾਰਾ 370 ਅਤੇ 35ਏ ਖਤਮ ਕਰਨ ਅਤੇ ਕਸ਼ਮੀਰ ਨੂੰ ਦੋ ਥਾਂਈਂ ਵੰਡਣ ਵਿਰੁੱਧ ਜੇ ਕਿਸੇ ਨੇ ਆਵਾਜ਼ ਬੁਲੰਦ ਕੀਤੀ ਹੈ ਤਾਂ ਉਹ ਪੰਜਾਬੀ ਹਨ ਅਤੇ ਦੇਸ਼ ਦੇ ਬਾਕੀ ਲੋਕਾਂ ਦਾ ਚੁੱਪ ਰਹਿਣਾ ਬਹੁਤ ਖਤਰਨਾਕ ਰੁਝਾਨ ਹੈ।

ਇਸ ਮੌਕੇ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਨੇ ਕਿਹਾ ਕਿ ਕੇਂਦਰ ਦੀ ਮੌਜੂਦਾ ਸਰਕਾਰ ਅਸਲ ਵਿੱਚ ਮੌਬ ਲਿੰਚਿੰਗ ਦੀ ਸਰਕਾਰ ਹੈ। ਉਨ੍ਹਾਂ ਕਿਹਾ ਕਿ ਮੋਦੀ ਤੇ ਸ਼ਾਹ ਦੇ ਪਿੱਛੇ ਆਰ ਐਸ ਐਸ ਹੈ, ਜਿਸ ਦੀਆਂ 60 ਹਜ਼ਾਰ ਸ਼ਾਖਵਾਂ ਚਲਦੀਆਂ ਹਨ ਅਤੇ ਉਨ੍ਹਾਂ ਦੇ 16 ਲੱਖ ਤੋਂ ਵੱਧ ਕਾਰਕੁਨ ਹਨ। ਆਰ ਐਸ ਐਸ ਦੇ ਕੋਲ ਲਿਟਰੇਚਰ ਛਾਪਣ ਦਾ ਵੱਡਾ ਬੁਨਿਆਦੀ ਢਾਂਚਾ ਹੈ, ਜਿਹੜਾ ਫਰਜ਼ੀ ਇਤਿਹਾਸ ਛਾਪ ਕੇ ਅਗਲੀਆਂ ਪੀੜ੍ਹੀਆਂ ਦੇ ਮਨਾਂ 'ਚ ਗਲਤ ਜਾਣਕਾਰੀ ਭਰ ਰਿਹਾ ਹੈ।' ਅਰੁੰਧਤੀ ਨੇ ਕਿਹਾ ਕਿ ਭਾਜਪਾ 'ਇੱਕ ਦੇਸ਼-ਇੱਕ ਸੰਵਿਧਾਨ' ਦੀ ਗੱਲ ਕਰਦੀ ਹੈ ਪਰ ਦੇਸ਼ 'ਚ ਇਹ ਸੰਭਵ ਨਹੀਂ ਹੈ, ਹਿੰਦੂ, ਹਿੰਦੀ, ਹਿੰ-ਦੁਸਤਾਨ ਬਣਾਉਣ ਦੇ ਰਾਹ ਪਈ ਭਾਜਪਾ ਵਿਰੁੱਧ ਲੋਕਾਂ ਨੂੰ ਆਵਾਜ਼ ਉਠਾਉਣੀ ਪਵੇਗੀ।

ਅਰੁੰਧਤੀ ਰਾਏ ਨੇ ਕਿਹਾ, 'ਜਦੋਂ ਲੱਖਾਂ ਲੋਕਾਂ ਨੂੰ ਚੈਂਬਰਾਂ ਵਿੱਚ ਇੱਕੋ ਝਟਕੇ ਨਾਲ ਕਤਲ ਕਰ ਦਿੱਤਾ ਜਾਏ, ਸਿਰਫ ਓਹੀ ਫਾਸ਼ਿਜ਼ਮ ਨਹੀਂ ਹੁੰਦਾ, ਦੇਸ਼ ਅੰਦਰ ਜਦੋਂ ਕਸ਼ਮੀਰੀ, ਬੁੱਧੀਮਾਨ ਵਰਗ, ਦਲਿਤਾਂ, ਮੁਸਲਿਮ ਭਾਈਚਾਰੇ, ਜਮਹੂਰੀ ਸ਼ਕਤੀਆਂ, ਆਦਿ ਵਾਸੀਆਂ ਉਤੇ ਮਾਰੂ ਹੱਲਾ ਵਿੱਢ ਰੱਖਿਆ ਹੋਇਆ ਹੋਵੇ, ਉਹ ਵੀ ਨੰਗਾ ਚਿੱਟਾ ਫਾਸ਼ਿਜ਼ਮ ਹੁੰਦਾ ਹੈ। ਡਰ ਦਾ ਪਰਦਾ ਚੁੱਕ ਦਿਓ, ਫਾਸ਼ੀ ਹੱਲੇ ਖਿਲਾਫ ਸਿਰ ਉਚਾ ਕਰਕੇ ਸੰਗਰਾਮ ਕਰੋ, ਸੱਚ ਜਿੱਤੇਗਾ, ਝੂਠ ਹਾਰੇਗਾ।'

ਇਸ ਦੌਰਾਨ 'ਦਿ ਵਾਇਰ' ਦੇ ਸੰਪਾਦਕ ਡਾ. ਸਿਧਾਰਥ ਵਰਦਰਾਜਨ ਨੇ ਕਿਹਾ ਕਿ ਪੂਰੀ ਕਸ਼ਮੀਰ ਘਾਟੀ ਨੂੰ ਖੁੱਲ੍ਹੀ ਜੇਲ੍ਹ ਵਿੱਚ ਬਦਲ ਕੇ, ਲੋਕਾਂ ਦੇ ਮੁੱਢਲੇ ਜਮਹੂਰੀ ਹੱਕਾਂ ਦਾ ਘਾਣ ਕਰਕੇ ਫਿਰਕੂ ਫਾਸ਼ੀ ਹੱਲੇ ਦੀ ਹਨੇਰੀ ਝੁਲਾਉਣ ਵਾਲੇ ਹਾਕਮਾਂ ਦੇ ਖਿਲਾਫ ਪੂਰੇ ਦੇਸ਼ 'ਚੋਂ ਪੰਜਾਬ ਸਭ ਤੋਂ ਅਗਲੀ ਕਤਾਰ ਵਿੱਚ ਖੜ੍ਹਾ ਰਿਹਾ, ਜਿਹੜਾ ਪੂਰੇ ਸਿਰੜ ਅਤੇ ਸਮਝ ਨਾਲ ਕਸ਼ਮੀਰੀ ਲੋਕਾਂ ਦੇ ਹੱਕ 'ਚ ਲਲਕਾਰੇ ਮਾਰਦਾ ਰਿਹਾ ਹੈ।'


ਬਰਾੜ ਗਰਾਜ ਡੋਰ




ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers

• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

Study Visa / Visitor Visa

IELTS
LEARN & ACQUIER SKILLS TO SUCCEED



Canada Australia New Zealand USA UK

Garhshankar Chowk
Banga - 144505

Silvern Consultants
Vision. Passion. Excellence

+91-98887-12109
+91-70093-79011
01823-500594
info.silvernconsultants@gmail.com

KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6

# ਸੰਪਾਦਕੀ

## ਥੋੜੀ ਬੇਰੰਗ ਵਿਖਾਈ ਦੇਵੇਗੀ ਗਰੀਨ ਪਾਰਟੀ ਲੀਡਰ ਤੋਂ ਸੱਖਣੀ ਸਿਆਸਤ

ਕੈਨੇਡਾ ਦੀ ਗਰੀਨ ਪਾਰਟੀ ਦੀ ਲੀਡਰ ਐਲਿਜ਼ਬੈਥ ਮੇਅ ਨੇ ਪਾਰਟੀ ਲੀਡਰਸ਼ਿੱਪ ਤੋਂ ਅਸਤੀਫ਼ਾ ਦੇਣ ਦਾ ਐਲਾਨ ਕੀਤਾ ਹੈ। ਬੇਸ਼ੱਕ ਇਸ ਬਾਬਤ ਉਹ ਕਾਫੀ ਦੇਰ ਤੋਂ ਸੰਕੇਤ ਕਰਦੀ ਆ ਰਹੀ ਸੀ ਪਰ ਨਵੀਂ ਪਾਰਲੀਮੈਂਟ ਦੇ ਜੁੜਨ ਤੋਂ ਪਹਿਲਾਂ ਹੀ ਅਸਤੀਫਾ ਦੇ ਕੇ ਉਸਨੇ ਅੱਛਾ ਖਾਸਾ ਅਸਚਰਜ ਪੈਦਾ ਕੀਤਾ ਹੈ। ਖਾਸਕਰਕੇ ਇਸ ਲਈ ਕਿ ਹਾਲ ਵਿੱਚ ਹੋਈਆਂ ਫੈਡਰਲ ਚੋਣਾਂ ਵਿੱਚ ਗਰੀਨ ਪਾਰਟੀ ਦੀ ਕਾਰਗੁਜ਼ਾਰੀ ਹੁਣ ਤੱਕ ਦੀ ਸੱਭ ਤੋਂ ਬਿਹਤਰ ਰਹੀ ਹੈ ਜਿਸ ਵਿੱਚ 3 ਐਮ ਪੀ ਚੁਣ ਕੇ ਓਟਾਵਾ ਪੁੱਜੇ ਹਨ। ਵਾਤਾਵਾਰਣ ਦੀ ਰਖਵਾਲੀ ਲਈ ਕੈਨੇਡਾ ਵਿੱਚ ਚੱਲ ਰਹੀ ਮੁਹਿੰਮ ਵਾਸਤੇ ਇਹ ਕਾਰਗੁਜ਼ਾਰੀ ਬਹੁਤ ਮਾਅਨੇ ਰੱਖਦੀ ਹੈ ਖਾਸਕਰਕੇ ਜਦੋਂ ਵਾਤਾਵਰਣ ਤਬਦੀਲੀ ਨੂੰ ਲੈ ਕੇ ਯੂਨਾਈਟਡ ਨੇਸ਼ਨਜ਼ ਦੇ ਪੈਰਿਸ ਇਕਰਾਰਨਾਮੇ ਦਾ ਵਿਸ਼ਵ ਭਰ ਵਿੱਚ ਜ਼ਿਕਰ ਚੱਲ ਰਿਹਾ ਹੈ।

64 ਸਾਲਾ ਐਲਿਜਾਬੈੱਥ 2006 ਤੋਂ ਗਰੀਨ ਪਾਰਟੀ ਦੀ ਲੀਡਰ ਅਤੇ 2011 ਤੋਂ ਬ੍ਰਿਟਿਸ਼ ਕੋਲੰਬੀਆ ਵਿੱਚ ਸਾਨਿਚ ਗਲਫ ਆਈਲੈਂਡਜ਼ (Saanich Gulf Islands) ਤੋਂ ਐਮ ਪੀ ਚਲੀ ਆ ਰਹੀ ਹੈ। ਇਸ ਤਰੀਕੇ ਉਸਨੂੰ ਕੈਨੇਡਾ ਦੀ ਕਿਸੇ ਸਿਆਸੀ ਪਾਰਟੀ ਦਾ ਸੱਭ ਤੋਂ ਵੱਧ ਸਮਾਂ ਲੀਡਰ ਹੋਣ ਅਤੇ ਕਿਸੇ ਵੀ ਔਰਤ ਦੇ ਕਿਸੇ ਸਿਆਸੀ ਪਾਰਟੀ ਦੀ ਲੀਡਰਸ਼ਿੱਪ ਸੰਭਾਲਣ ਦਾ ਸਿਹਰਾ ਜਾਂਦਾ ਹੈ। ਅਮਰੀਕਾ ਵਿੱਚ ਕੁਨੈਕਟੀਕਟ ਤੋਂ ਆਪਣੇ ਮਾਪਿਆਂ ਨਾਲ ਬਚਪਨ ਵਿੱਚ ਪਰਵਾਸ ਕਰਕੇ ਆਈ ਕਿੱਤੇ ਵਜੋਂ ਵਕੀਲ ਐਲਿਜ਼ਾਬੈਥ ਮੇਅ ਨੇ ਓਟਾਵਾ ਯੂਨੀਵਰਸਿਟੀ ਤੋਂ ਧਰਮ ਵਿਗਿਆਨ ਵਿੱਚ ਵੀ ਡਿਗਰੀ ਹਾਸਲ ਕੀਤੀ ਹੋਈ ਹੈ। ਦਰਅਸਲ ਵਿੱਚ ਵਾਤਾਵਰਣ ਲਈ ਜੀਵਨ ਭਰ ਕੰਮ ਕਰਨ ਤੋਂ ਬਾਅਦ ਧਾਰਮਿਕ ਵਿੱਦਿਆ ਦੇਣ ਵਾਸਤੇ ਚਰਚ ਵਿੱਚ ਸੇਵਾ ਕਰਨਾ ਉਸਦਾ ਇੱਕ ਉਦੇਸ਼ ਕਿਹਾ ਜਾਂਦਾ ਹੈ।

ਬੇਸ਼ੱਕ ਗਰੀਨ ਪਾਰਟੀ ਦੀ ਸਥਾਪਨਾ 1983 ਵਿੱਚ ਹੋ ਗਈ ਸੀ ਪਰ ਇਸਨੂੰ ਕੈਨੇਡੀਅਨ ਸਿਆਸਤ ਦੇ ਲੈਂਡਸਕੇਪ ਵਿੱਚ ਜ਼ਿਆਦਾ ਜਾਣਪਹਿਚਾਣ ਐਲਿਜ਼ਬੈੱਥ ਮੇਅ ਦੇ ਲੀਡਰ ਬਣਨ ਤੋਂ ਬਾਅਦ ਹੀ ਮਿਲੀ ਖਾਸ ਕਰਕੇ ਜਦੋਂ ਤੋਂ ਐਲਿਜਾਬੈਥ ਚੁਣ ਕੇ ਪਾਰਲੀਮੈਂਟ ਵਿੱਚ ਜਾਣ ਲੱਗੀ। ਉਸਦੀ ਸਖ਼ਤ ਮਿਹਨਤ ਦਾ ਹੀ ਸਿੱਟਾ ਹੈ ਕਿ 2012 ਵਿੱਚ ਉਸਨੂੰ ਮੈਕਲੀਨ ਰਿਸਾਲੇ ਵੱਲੋਂ ਪ੍ਰਤੀਸ਼ਿਠਤ 'ਪਾਰਲੀਮੈਂਟੇਰੀਅਨ ਆਫ ਦਾ ਯੀਅਰ' ਅਵਾਰਡ ਦਿੱਤਾ ਗਿਆ ਜਦੋਂ ਕਿ 2013 ਵਿੱਚ ਸੱਭ ਤੋਂ ਵੱਧ ਮਿਹਨਤ ਕਰਨ ਵਾਲੀ ਅਤੇ 214 ਵਿੱਚ ਸੱਭ ਤੋਂ ਵਧੀਆ ਬੁਲਾਰਾ ਹੋਣ ਲਈ ਸਨਮਾਨਿਤ ਕੀਤਾ ਗਿਆ। ਐਲਿਜਾਬੈਥ ਦੇ ਹੱਕ ਵਿੱਚ ਇਹ ਗੱਲ ਆਖੀ ਜਾ ਸਕਦੀ ਹੈ ਕਿ ਇਸ ਸਾਲ ਫੈਡਰਲ ਚੋਣਾਂ ਦੌਰਾਨ ਹੋਈ ਅੰਗਰੇਜ਼ੀ ਵਿੱਚ ਹੋਈ ਸਿਆਸੀ ਲੀਡਰਾਂ ਦੀ ਬਹਿਸ ਵਿੱਚ ਐਲਿਜ਼ਾਬੈਥ ਨੇ ਵੋਟਰਾਂ ਨੂੰ ਖ਼ੂਬ ਪ੍ਰਭਾਵਿਤ ਕੀਤਾ ਸੀ। ਇਹ ਐਲਿਜਾਬੈਥ ਹੀ ਸੀ ਜਿਸਨੇ 2012 ਵਿੱਚ Lyme ਰੋਗ ਦੇ ਨਿਵਾਰਨ ਬਾਰੇ ਕੌਮੀ ਫਰੇਮਵਰਕ ਤਿਆਰ ਕਰਨ ਵਾਸਤੇ ਬਿੱਲ ਪੇਸ਼ ਕਰਕੇ ਪਾਸ ਕਰਵਾਇਆ ਸੀ। ਗਰੀਨ ਪਾਰਟੀ ਵਾਸਤੇ ਅਹਿੰਸਾ, ਸਮਾਜਿਕ ਨਿਆਂ, ਵਿਭਿੰਨਤਾ ਦਾ ਸਨਮਾਨ ਅਤੇ ਕੁਦਰਤੀ ਪਸਾਰੇ (ecological diversity) ਲਈ ਕੰਮ ਕਰਨ ਲਈ ਪੱਕੇ ਰਸਤੇ ਤਿਆਰ ਕਰਨਾ ਐਲਿਜਾਬੈਥ ਦੀ ਦੇਣ ਕਹੀ ਜਾ ਸਕਦੀ ਹੈ।

ਐਲਿਜਾਬੈਥ ਨੂੰ ਇਸ ਗੱਲ ਲਈ ਵੀ ਲੰਬੇ ਸਮੇਂ ਤੱਕ ਜਾਣਿਆ ਜਾਵੇਗਾ ਕਿ ਉਹ ਕਈ ਮੁੱਦਿਆਂ ਉੱਤੇ ਬਿਨਾ ਪੂਰੀ ਜਾਣਕਾਰੀ ਰੱਖਣ ਤੋਂ ਬੇਬਾਕੀ ਨਾਲ ਬੋਲ ਕੇ ਵਿਵਾਦ ਖੜੇ ਕਰ ਲੈਂਦੀ ਸੀ। ਹਾਲ ਵਿੱਚ ਹੋਈਆਂ ਚੋਣਾਂ ਦੌਰਾਨ ਉਸਨੇ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਐਂਡਰੀਉ ਸ਼ੀਅਰ ਦੀ ਆਲੋਚਨਾ ਕੀਤੀ ਕਿ ਉਸਨੇ ਅਮਰੀਕਾ ਦੀ ਦੋਹਰੀ ਨਾਗਰਿਕਤਾ ਕਿਉਂ ਰੱਖੀ ਹੋਈ ਹੈ। ਬਾਅਦ ਵਿੱਚ ਪਤਾ ਲੱਗਾ ਕਿ ਅਮਰੀਕਾ ਦੀ ਜੰਮੀ ਜਾਈ ਐਲਿਜਾਬੈਥ ਨੇ ਖੁਦ ਵੀ ਆਪਣੀ ਅਮਰੀਕਨ ਨਾਗਰਿਕਤਾ ਤਿਆਗੀ ਨਹੀਂ ਸੀ ਹੋਈ। ਇਵੇਂ ਹੀ ਇੱਕ ਵਾਰ ਉਸਨੇ ਪਰੈੱਸ ਡਿਨਰ ਦੌਰਾਨ ਅਫਗਾਨਸਤਾਨ ਵਿੱਚ ਅਮਰੀਕੀ ਫੌਜੀ ਨੂੰ ਮਾਰਨ ਵਾਲੇ ਕੈਨੇਡੀਅਨ ਨਾਬਾਲਗ ਅਤਿਵਾਦੀ ਓਮਰ ਖਾਦਰ ਦੀ ਤਾਰੀਖ ਕਰ ਦਿੱਤੀ ਸੀ। ਇਵੇਂ ਹੀ ਉਸਨੇ ਕਈ ਔਰਤਾਂ ਨਾਲ ਬਦਸਲੂਕੀ ਕਰਨ ਵਾਲੇ ਸੀ ਬੀ ਸੀ ਦੇ ਪੱਤਰਕਾਰ ਜਿਆਨ ਗੋਮੇਸ਼ੀ ਦੇ ਹੱਕ ਵਿੱਚ ਕਈ ਟਵੀਟ ਕੱਢ ਮਾਰੇ ਸਨ ਜਿਹਨਾਂ ਨੂੰ ਇਹ ਆਖ ਕੇ ਵਾਪਿਸ ਲੈਣਾ ਪਿਆ ਕਿ ਪਾਰਲੀਮੈਂਟ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਘਬਰਾਈ ਹੋਣ ਕਾਰਣ ਉਹ ਸਮਝ ਨਹੀਂ ਕਰ ਸਕੀ ਕਿ ਉਹ ਜਿਆਨ ਗੋਮੇਸ਼ੀ ਦੇ ਹੱਕ ਵਿੱਚ ਕਿਉਂ ਬੋਲ ਰਹੀ ਹੈ।

ਖੈਰ, ਇਹ ਗੱਲ ਉਸਦੇ ਸਿਆਸੀ ਵਿਰੋਧੀ ਵੀ ਕਬੂਲ ਕਰਦੇ ਹਨ ਕਿ ਐਲਿਜਾਬੈਥ ਮੇਅ ਇੱਕ ਸਾਧਾਰਨ ਸਿਆਸਤਦਾਨ ਨਹੀਂ ਹੈ। ਚੰਗੀ ਗੱਲ ਹੈ ਕਿ ਉਸਨੇ ਹਾਲੇ ਐਮ ਪੀ ਹੋਣ ਵਜੋਂ ਅਸਤੀਫਾ ਨਹੀਂ ਦਿੱਤਾ ਹੈ ਜਿਸ ਸਦਕਾ ਕੈਨੇਡੀਅਨ ਪਾਰਲੀਮੈਂਟ ਉਸਦੇ ਬਣਦੇ ਯੋਗਦਾਨ ਤੋਂ ਘੱਟੋ ਘੱਟ ਅਗਲੀਆਂ ਚੋਣਾਂ ਤੱਕ ਸੱਖਣੀ ਨਹੀਂ ਹੋਵੇਗੀ।

## ਵੈਗਜ਼ਿਟ ਅਲਬਰਟਾ ਨੇ ਰਜਿਸਟਰਡ ਪਾਰਟੀ ਬਣਨ ਲਈ ਕੀਤਾ ਅਪਲਾਈ

...ਪੰਨਾ 1 ਦਾ ਬਾਕੀ

ਡਾਊਨਿੰਗ ਵੱਲੋਂ ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਨੂੰ ਕੈਨੇਡਾ ਤੋਂ ਵੱਖ ਹੋਣ ਲਈ ਜਨਮਤ ਕਰਵਾਉਣ ਦੀ ਸਲਾਹ ਦਿੱਤੀ ਗਈ ਹੈ। ਪਰ ਕੇਨੀ ਨੇ ਸਾਫ ਆਖ ਦਿੱਤਾ ਹੈ ਕਿ ਉਹ ਇਨ੍ਹਾਂ ਵਿਚਾਰਾਂ ਨਾਲ ਇਤਫਾਕ ਨਹੀਂ ਰੱਖਦੇ। ਡਾਊਨਿੰਗ ਨੇ ਆਖਿਆ ਕਿ ਇਸ ਮੁਹਿੰਮ ਨਾਲ ਕੇਨੀ ਨੂੰ ਅਲਬਰਟਾ ਦਾ ਪਹਿਲਾ ਪ੍ਰਧਾਨ ਮੰਤਰੀ ਬਣਨ ਦਾ ਸੁਭਾਗ ਹਾਸਲ ਹੋਵੇਗਾ। ਉਹ ਨਾਇਕ ਬਣ ਸਕਦੇ ਹਨ। ਸਾਡੀ ਆਰਥਿਕ ਆਜ਼ਾਦੀ, ਸਮਾਜਕ ਸਥਿਰਤਾ ਤੇ ਸਾਡੇ ਪੱਕੇ ਇਰਾਦੇ ਲਈ ਉਨ੍ਹਾਂ ਨੂੰ ਸਾਡੀ ਅਗਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਇਹ ਦਰਵਾਜ਼ਾ ਅੰਦਰੋਂ ਬੰਦ ਹੈ ਤੇ ਉਹ ਇਸ ਨੂੰ ਖੋਲ੍ਹ ਸਕਦੇ ਹਨ। ਡਾਊਨਿੰਗ ਨੇ ਆਖਿਆ ਕਿ ਵੈਗਜ਼ਿਟ ਅਲਬਰਟਾ ਦੇ ਤਿੰਨ ਮੁੱਖ ਟੀਚੇ ਹਨ : ਪੱਛਮੀ ਕੈਨੇਡੀਅਨ ਪ੍ਰੋਵਿੰਸਾਂ ਨੂੰ ਇੱਕਜੁੱਟ ਕਰਨਾ, ਪੱਛਮ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਨੂੰ ਉਠਾਉਣ ਲਈ ਮੈਂਬਰ ਪਾਰਲੀਆਮੈਂਟ ਦੀ ਚੋਣ ਕਰਨਾ ਤੇ ਪੱਛਮੀ ਕੈਨੇਡੀਅਨ ਪ੍ਰੋਵਿੰਸਾਂ ਨੂੰ ਕੌਮੀ ਪੱਧਰ ਉੱਤੇ ਉੱਪਰ ਲੈ ਕੇ ਆਉਣਾ।

## ਨਵਾਂ ਕੈਨੇਡੀਅਨ ਸੈਨੇਟਰਜ਼ ਗਰੁੱਪ ਕਾਇਮ ਕਰਨ ਲਈ 11 ਸੈਨੇਟਰਜ਼ ਨੇ ਪੁਰਾਣੇ ਕਾਕਸ ਛੱਡੇ

...ਪੰਨਾ 1 ਦਾ ਬਾਕੀ

ਇਹ ਵੀ ਦੱਸਿਆ ਗਿਆ ਕਿ ਇਸ ਨਵੇਂ ਕਾਕਸ ਵਿੱਚ ਇੱਕੋ ਜਿਹੀ ਸੋਚ ਵਾਲੇ ਸੈਨੇਟਰਜ਼ ਸ਼ਾਮਲ ਹਨ ਜਿਹੜੇ ਬਿੱਲ ਤੇ ਕਮੇਟੀ ਸਟਡੀਜ਼ ਦਾ ਮੁਲਾਂਕਣ ਕਰਨ ਲਈ ਉੱਚ ਮਿਆਰ ਬਰਕਰਾਰ ਕਰਨ ਲਈ ਵਚਨਬੱਧ ਹਨ।ਤੇ ਆਈਐਸਜੀ ਦੇ ਸਾਬਕਾ ਮੈਂਬਰ ਜੋਸੀ ਵਰਨਰ ਨੂੰ ਅੰਤਰਿਮ ਡਿਪਟੀ ਆਗੂ ਚੁਣਿਆ ਗਿਆ ਹੈ।
ਪ੍ਰੈੱਸ ਰਲੀਜ਼ ਵਿੱਚ ਇਹ ਵੀ ਆਖਿਆ ਗਿਆ ਕਿ ਭਾਵੇਂ ਇਹ ਸੀਐਸਜੀ ਕਾਕਸ ਮੈਂਬਰ ਇੱਕੋ ਜਿਹੀ ਸੋਚ ਰੱਖਣ ਵਾਲੇ ਹਨ ਪਰ ਇਨ੍ਹਾਂ 11 ਸੈਨੇਟਰਜ਼ ਨੂੰ ਕਿਸੇ ਵੀ ਬਿੱਲ ਦੇ ਸਬੰਧ ਵਿੱਚ ਆਜ਼ਾਦਾਨਾਂ ਤੌਰ ਉੱਤੇ ਆਪਣੀ ਰਾਇ ਕਾਇਮ ਕਰਨ ਦੀ ਪੂਰੀ ਖੁੱਲ੍ਹ ਹੈ। ਸੀਐਸਜੀ ਦਾ ਦੂਜਾ ਟੀਚਾ ਸੈਨੇਟ ਦੇ ਉਨ੍ਹਾਂ ਸਿਧਾਂਤਾਂ ਨੂੰ ਮੁੜ ਲਾਗੂ ਕਰਵਾਉਣਾ ਹੈ ਜਿਨ੍ਹਾਂ ਵਿੱਚ ਖੇਤਰੀ ਨੁਮਾਇੰਦਗੀ ਦੀ ਝਲਕ ਮਿਲੇ। ਹਾਊਸ ਆਫ ਕਾਮਨਜ਼, ਜਿੱਥੇ ਸੀਟਾਂ ਦੀ ਗਿਣਤੀ ਆਬਾਦੀ ਉੱਤੇ ਆਧਾਰਿਤ ਹੈ, ਉੱਥੇ ਹੀ ਸੈਨੇਟ ਵਿੱਚ ਪੱਛਮੀ ਕੈਨੇਡਾ, ਓਨਟਾਰੀਓ, ਕਿਊਬਿਕ ਤੇ ਮੈਰੀਟਾਈਮਜ਼ ਨੂੰ ਬਰਾਬਰ ਦੀ ਨੁਮਾਇੰਦਗੀ ਹਾਸਲ ਹੈ।
ਹਾਲਾਂਕਿ ਪ੍ਰੈੱਸ ਰਲੀਜ਼ ਵਿੱਚ ਇਹ ਸਪਸ਼ਟ ਨਹੀਂ ਕੀਤਾ ਗਿਆ ਕਿ ਆਜ਼ਾਦ ਸੈਨੇਟਰਜ਼ ਇਸ ਲਈ ਆਈਐਸਜੀ ਤੋਂ ਪਾਸੇ ਹੋਏ ਕਿਉਂਕਿ ਉਹ ਲੀਡਰਸ਼ਿਪ ਤੋਂ ਨਾਖੁਸ਼ ਸਨ ਤੇ ਹੋਰ ਆਜ਼ਾਦੀ ਚਾਹੁੰਦੇ ਸਨ। ਅਲਬਰਟਾ ਤੋਂ ਸਾਬਕਾ ਕੰਜ਼ਰਵੇਟਿਵ ਸੈਨੇਟਰ ਸਕੌਟ ਤਨਾਸ ਨੂੰ ਸੀਐਸਜੀ ਦਾ ਅੰਤਰਿਮ ਆਗੂ ਚੁਣਿਆ ਗਿਆ ਹੈ।

## ਪ੍ਰਦੂਸ਼ਣ ਫੈਲਾਉਣ ਵਾਲੀਆਂ ਚਾਰ ਫੈਕਟਰੀਆਂ ਨੂੰ ਪੌਣੇ ਦੋ ਕਰੋੜ ਜ਼ੁਰਮਾਨਾ

ਪਟਿਆਲਾ, 4 ਨਵੰਬਰ (ਪੋਸਟ ਬਿਊਰੋ)- ਪੰਜਾਬ ਵਿੱਚ ਪ੍ਰਦੂਸ਼ਣ ਐਕਟ ਦੀ ਧੱਜੀਆਂ ਉਡਾਉਣ ਦੇ ਦੋਸ਼ ਵਿੱਚ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ ਪੀ ਸੀ ਬੀ) ਨੇ ਨੈਸ਼ਨਲ ਗ੍ਰੀਨ ਟਿਬਊਨਲ (ਐਨ ਜੀ ਟੀ) ਦੇ ਆਦੇਸ਼ ਉੱਤੇ ਵਿਸ਼ਾਲ ਪੇਪਰ ਮਿਲ ਸਮੇਤ ਕੁਲ ਚਾਰ ਫੈਕਟਰੀਆਂ ਨੂੰ ਪੌਣੇ ਦੋ ਕਰੋੜ ਰੁਪਏ ਦਾ ਜੁਰਮਾਨਾ ਕੀਤਾ ਹੈ। ਜਿਨ੍ਹਾਂ ਫਰਮਾਂ ਨੂੰ ਭਾਰੀ ਜੁਰਮਾਨਾ ਕੀਤਾ ਗਿਆ ਹੈ, ਉਨ੍ਹਾਂ ਵਿੱਚ ਵਿਸ਼ਾਲ ਪੇਪਰ ਮਿਲ ਲਿਮਿਟਿਡ ਮੇਨ ਰੋਡ ਪਟਿਆਲਾ ਨੂੰ 50 ਲੱਖ ਰੁਪਏ, ਮੈਸਰਜ਼ ਵਿਸ਼ਾਲ ਕੋਅਟਰ ਲਿਮਿਟਿਡ ਮੇਨ ਰੋਡ ਪਟਿਆਲਾ ਨੂੰ ਪੰਜਾਹ ਲੱਖ ਰੁਪਏ, ਡੀ ਐਸ ਜੀ ਮੈਸਰਜ਼ ਪੇਪਰ ਲਿਮਿਟਿਡ ਨੂੰ 50 ਲੱਖ ਰੁਪਏ, ਮੈਸਜ਼ਰ ਮੁਲਸਨ ਗ੍ਰੇਸ ਲਿਮਿਟਿਡ ਡੇਰਾ ਬੱਸੀ ਨੂੰ 25 ਲੱਖ ਰੁਪਏ ਜੁਰਮਾਨਾ ਲੱਗ ਗਿਆ ਹੈ। ਵਰਣਯੋਗ ਹੈ ਕਿ ਪ੍ਰਦੂਸ਼ਣ ਫੈਲਾਉਣ ਦੇ ਕੇਸ ਵਿੱਚ ਨੈਸ਼ਨਲ ਗ੍ਰੀਨ ਟਿਬਊਨਲ ਨੇ ਜਸਟਿਸ ਪ੍ਰੀਤਮਪਾਲ ਸਿੰਘ ਦੀ ਅਗਵਾਈ ਹੇਠ ਇੱਕ ਕਮੇਟੀ ਦਾ ਗਠਨ ਕੀਤਾ ਸੀ, ਜਿਸ ਵਿੱਚ ਮੈਂਬਰ ਬਾਬੂ ਰਾਮ ਵੀ ਸ਼ਾਮਲ ਸੀ। ਉਨ੍ਹਾਂ ਨੇ ਮਈ ਮਹੀਨੇ ਵਿੱਚ ਇਨ੍ਹਾਂ ਫੈਕਟਰੀਆਂ ਦੀ ਵਿਜਿਟ ਕੀਤੀ ਅਤੇ ਕਮੇਟੀ ਨੇ ਇਨ੍ਹਾਂ ਫੈਕਟਰੀਆਂ ਨੂੰ ਪ੍ਰਦੂਸ਼ਣ ਫੈਲਾਉਣ ਦਾ ਦੋਸ਼ੀ ਪਾਇਆ ਸੀ ਅਤੇ ਉਸ ਦੇ ਬਾਅਦ ਇਸ ਦੀ ਸੁਣਵਾਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਪ੍ਰੋ. ਐਸ ਐਸ ਮਰਵਾਹਾ ਦੇ ਕੋਲ ਚਲੀ ਗਈ। ਉਨ੍ਹਾਂ ਵੱਲੋਂ ਫੈਕਟਰੀਆਂ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਦਿੱਤਾ ਗਿਆ ਅਤੇ ਆਖੀਰ ਵਿੱਚ ਚੇਅਰਮੈਨ ਨੇ ਕਮੇਟੀ ਦੀ ਸਿਫਾਰਿਸ਼ ਉਤੇ ਚਾਰੋਂ ਫੈਕਟਰੀਆਂ ਨੂੰ ਪ੍ਰਦੂਸ਼ਣ ਐਕਟ ਦੀ ਧੱਜੀਆਂ ਉਡਾਉਣ ਦੇ ਦੋਸ਼ ਵਿੱਚ ਲੱਖਾਂ ਰੁਪਏ ਦਾ ਜੁਰਮਾਨਾ ਕੀਤਾ ਹੈ। ਜਾਣਕਾਰ ਸੂਤਰਾਂ ਤੋਂ ਪਤਾ ਚਲਦਾ ਹੈ ਕਿ ਉਪਰੋਕਤ ਚਾਰਾਂ ਦੇ ਇਲਾਵਾ ਇੱਕ ਹੋਰ ਵੱਡੀ ਮਿਲ ਦੇ ਵੀ ਭਾਰੀ ਜੁਰਮਾਨਾ ਲਗਾਇਆ ਗਿਆ ਹੈ।
ਵਿਸ਼ਾਲ ਪੇਪਰ ਮਿਲ ਇਸ ਤੋਂ ਪਹਿਲੇ ਵੀ ਕਈ ਵਾਰ ਬੋਰਡ ਦੇ ਨਿਸ਼ਾਨੇ 'ਤੇ ਰਹੀ ਹੈ। ਕੁਝ ਸਾਲ ਪਹਿਲੇ ਇਸ ਪੇਪਰ ਮਿਲ ਵੱਲੋਂ ਰਾਤ ਦੇ ਸਮੇਂ ਰਾਖ ਨੂੰ ਹਵਾ ਵਿੱਚ ਉਡਾਉਣ ਦਾ ਭੇਦ ਖੁੱਲ੍ਹਾ ਸੀ ਤੇ ਇਲਾਕੇ ਲੋਕਾਂ ਨੇ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਘੇਰਾਓ ਕਰਕੇ ਮੰਗ ਕੀਤੀ ਸੀ ਕਿ ਵਿਸ਼ਾਲ ਪੇਪਰ ਮਿਲ ਨੂੰ ਪ੍ਰਦੂਸ਼ਣ ਫੈਲਾਉਣ ਤੋਂ ਰੋਕਿਆ ਜਾਵੇ। ਓਦੋਂ ਇਸ ਮਿਲ ਦੀ ਮੈਨਜਮੇਂਟ ਨੇ ਬਕਾਇਦਾ ਲੋਕਾਂ ਨੂੰ ਭਰੋਸਾ ਦਿੱਤਾ ਸੀ ਕਿ ਉਹ ਭਵਿੱਖ ਵਿੱਚ ਲੋਕਾਂ ਦੀ ਸਿਹਤ ਨਾਲ ਖਿਲਵਾੜ ਨਹੀਂ ਕਰਨਗੇ, ਪਰ ਅਧਿਕਾਰਿਕ ਜਾਂਚ ਵਿੱਚ ਵੀ ਫਿਰ ਤੋਂ ਇਹ ਫੈਕਟਰੀ ਪ੍ਰਦੂਸ਼ਣ ਫੈਲਾਨ ਦੀ ਦੋਸ਼ੀ ਪਾਈ ਗਈ ਹੈ।

# ਖੇਤਰੀ ਭਾਸ਼ਾਵਾਂ ਦੀ ਆਜ਼ਾਦੀ ਦਾ ਮਾਸਲਾ

-ਰਵਿੰਦਰ ਸਿੰਘ ਧਾਲੀਵਾਲ

ਵਿੱਦਿਆ ਮਨੁੱਖ ਦਾ ਤੀਜਾ ਨੇਤਰ ਮੰਨੀ ਜਾਂਦੀ ਹੈ। ਇਸ ਸਦਕਾ ਉਹ ਦੁਨੀਆ ਦੇ ਹਰ ਕੋਨੇ ਦੀ ਸਮਾਜਿਕ, ਆਰਥਿਤ, ਭੂਗੋਲਿਕ ਤੇ ਸੱਭਿਆਚਾਰਕ ਸਥਿਤੀ ਬਾਰੇ ਸੌਖਿਆਂ ਹੀ ਜਾਣ ਲੈਂਦਾ ਹੈ। ਅਮਰੀਕਾ ਦੇ ਨਾਮਵਰ ਖੇਤੀਬਾੜੀ ਵਿਗਿਆਨੀ ਜਾਰਜ ਵਾਸ਼ਿੰਗਟਨ ਕਾਰਵਰ ਨੇ 'ਪੜ੍ਹਾਈ ਨੂੰ ਉਹ ਚਾਬੀ ਦੱਸਿਆ ਹੈ ਜਿਸ ਨਾਲ ਸੁਨਹਿਰੀ ਭਵਿੱਖ ਦਾ ਦਰਵਾਜ਼ਾ ਖੁੱਲ੍ਹਦਾ ਹੈ। 'ਸੰਯੁਕਤ ਰਾਸ਼ਟਰ ਨੇ ਇਸ ਗਿਆਨ ਪ੍ਰਾਪਤੀ ਦੇ ਸੋਮੇ ਦੀ ਮਹੱਤਤਾ ਸਮਝਿਆਂ ਕੁੱਲ ਦੁਨੀਆ ਨੂੰ ਇਸ ਦੇ ਵਿਕਾਸ ਤੇ ਸੰਤੁਲਨ ਲਈ ਯੂਨੈਸਕੋ ਦਾ ਗਠਨ ਕੀਤਾ। ਇਤਫਾਕਨ ਅੱਜ ਭਾਰਤ 'ਚ 'ਇੱਕ ਭਾਸ਼ਾ ਇੱਕ ਦੇਸ਼' ਦੇ ਮੁੱਦੇ 'ਤੇ ਸਿਆਸੀ ਭੂਚਾਲ ਆਇਆ ਹੋਇਆ ਹੈ। 'ਇੱਕ ਭਾਸ਼ਾ ਇੱਕ ਦੇਸ਼' ਮੁੱਦੇ ਦਾ ਦੱਖਣੀ ਰਾਜਾਂ ਦੇ ਨਾਲ-ਨਾਲ ਪੰਜਾਬ ਵਿੱਚ ਸਮੁੱਚੇ ਪੰਜਾਬੀਆਂ ਨੇ ਖੁੱਲ੍ਹ ਕੇ ਵਿਰੋਧ ਕੀਤਾ ਹੈ।
ਉਧਰ ਇਸੇ ਵਰ੍ਹੇ 2019 ਨੂੰ ਯੂਨੈਸਕੋ ਨੇ ਬਹੁ-ਭਾਸ਼ਾਵਾਂ ਨੂੰ ਸਮਰਥਨ ਦੇ ਕੇ ਕੌਮਾਂਤਰੀ ਸਾਖਰਤਾ ਦਿਵਸ ਮਨਾਉਣ ਦਾ ਟੀਚਾ ਮਿਥਿਆ ਸੀ, ਜਿਸ ਅਨੁਸਾਰ ਕੌਮਾਂਤਰੀ ਸੰਸਥਾ ਕੁੱਲ ਦੁਨੀਆ ਦੀਆਂ ਖੇਤਰੀ ਭਾਸ਼ਾਵਾਂ ਨੂੰ ਮਾਣ-ਸਨਮਾਨ ਅਤੇ ਵਿਕਾਸ ਲਈ ਬਰਾਬਰ ਦੇ ਮੌਕਿਆਂ ਦੀ ਵਕਾਲਤ ਕਰਦੀ ਹੈ ਤਾਂ ਜੋ ਸਥਾਨਕ ਪੱਧਰ 'ਤੇ ਕਲਾ, ਸਿੱਖਿਆ, ਸੱਭਿਆਚਾਰ ਦਾ ਵਿਕਾਸ ਹੋ ਸਕੇ। ਦੁਨੀਆ ਅਮੀਰ ਕਲਾ ਤੇ ਭਿੰਨਤਾਵਾਂ ਭਰਪੂਰ ਹੈ ਜਿੱਥੇ 7000 ਦੇ ਲੱਗਭਗ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਜੋ ਸੰਚਾਰ ਦਾ ਸਾਧਨ, ਜ਼ਿੰਦਗੀ ਭਰ ਦੀ ਸਿੱਖਿਆ, ਸਮਾਜ ਦਾ ਹਿੱਸਾ ਅਤੇ ਸੰਸਾਰ 'ਚ ਆਪਣਾ ਵਡਮੁੱਲਾ ਯੋਗਦਾਨ ਪਾਉਂਦੀਆਂ ਹਨ। ਇਹ ਸੱਭਿਅਤਾ ਅਤੇ ਗਿਆਨ ਦੇ ਭਰੇ ਸੋਮੇ ਹਨ ਜਿਸ ਨਾਲ ਸਬੰਧਤ ਖਿੱਤੇ ਦੀ ਸੰਸਕ੍ਰਿਤੀ ਤੇ ਦੇਸੀ ਕਲਾ ਨੂੰ ਨੇੜਿਓਂ ਦੇਖਿਆ ਤੇ ਸਮਝਿਆ ਜਾ ਸਕਦਾ ਹੈ। ਕਿਸੇ ਵੀ ਦੇਸ਼, ਰਾਜ ਜਾਂ ਖਿੱਤੇ ਦੀ ਭਾਸ਼ਾ ਨੂੰ ਨਿਖੇੜਨਾ ਸੰਭਵ ਨਹੀਂ ਹੈ। ਇਸ ਦੀ ਛੇੜਛਾੜ ਨਾਲ ਕੌਮਾਂਤਰੀ ਵਿਭਿੰਨਤਾ, ਮਨੁੱਖੀ ਸਨਮਾਨ ਤੇ ਸਥਾਨਕ ਸੱਭਿਆਚਾਰ ਨੂੰ ਠੇਸ ਪਹੁੰਚਣਾ ਸੁਭਾਵਿਕ ਹੈ।
ਰਾਸ਼ਟਰ ਦੇ ਆਰਥਿਕ ਢਾਂਚੇ ਦੀ ਮਜ਼ਬੂਤੀ ਲਈ ਸਾਖਰਤਾ ਅਹਿਮ ਭੂਮਿਕਾ ਨਿਭਾਉਂਦੀ ਹੈ ਅਤੇ ਰਾਸ਼ਟਰ ਦੀ ਤਰੱਕੀ ਦਾ ਪੰਧ ਸਿੱਖਿਆ 'ਚੋਂ ਹੋ ਕੇ ਗੁਜ਼ਰਦਾ ਹੈ ਜਿਸ ਨਾਲ ਕੌਮਾਂਤਰੀ ਪੱਧਰ 'ਤੇ ਤਾਲਮੇਲ ਬਣਾਉਣੇ ਆਸਾਨ ਹੁੰਦੇ ਹਨ। ਨੈਲਸਨ ਮੰਡੇਲਾ ਨੇ ਆਪਣੇ ਸੰਘਰਸ਼ੀ ਜੀਵਨ ਦੇ ਨਤੀਜੇ ਨਾਲ ਲੋਕਾਈ ਨੂੰ ਪ੍ਰੇਰਦਿਆਂ ਲਿਖਿਆ ਹੈ ਕਿ ਪੜ੍ਹਾਈ ਉਹ ਸ਼ਕਤੀਸ਼ਾਲੀ ਹਥਿਆਰ ਹੈ ਜਿਸ ਨਾਲ ਦੁਨੀਆ ਨੂੰ ਬਦਲਿਆ ਜਾ ਸਕਦਾ ਹੈ। ਇਸ ਕਾਰਨ ਸੰਯੁਕਤ ਰਾਸ਼ਟਰ ਨੇ ਸਿੱਖਿਆ ਦੇ ਨਿਰੰਤਰ ਵਿਕਾਸ, ਸੁਰੱਖਿਆ ਅਤੇ ਸੰਤੁਸਨ ਵਾਸਤੇ ਕੌਮਾਂਤਰੀ ਪੱਧਰ 'ਤੇ ਸੰਯੁਕਤ ਰਾਸ਼ਟਰ ਸਿੱਖਿਆ, ਵਿਗਿਆਨਕ ਤੇ ਸੱਭਿਆਚਾਰ ਸੰਗਠਨ (ਯੂਨੈਸਕੋ) 26 ਅਕਤੂਬਰ 1996 ਵਿੱਚ ਸਥਾਪਤ ਕੀਤਾ। ਆਪਣੇ 14ਵੇਂ ਸੈਸ਼ਨ 'ਚ 8 ਸਤੰਬਰ ਨੂੰ ਸੰਸਾਰ ਸਾਖਰਤਾ ਦਿਵਸ ਐਲਾਨਿਆ ਤੇ 1967 ਨੂੰ ਵਿਆਪਕ ਪੱਧਰ 'ਤੇ ਮਨਾ ਕੇ ਇਸ ਦਾ ਆਗਾਜ਼ ਕੀਤਾ।
ਇਸ ਦੇ 193 ਦੇਸ਼ ਸਥਾਈ ਮੈਂਬਰ ਹਨ ਜਦ ਕਿ ਦੋ ਸਹਿਯੋਗੀ ਮੈਂਬਰ ਹਨ। ਭਾਰਤੀਆਂ ਲਈ ਮਾਣ ਦੀ ਗੱਲ ਹੈ ਕਿ ਉਹ ਬਾਨੀ ਮੈਂਬਰਾਂ 'ਚੋਂ ਇੱਕ ਹੈ। ਯੂਨੈਸਕੋ ਦਾ ਮੁੱਖ ਦਫਤਰ ਪੈਰਿਸ ਵਿੱਚ ਹੈ। ਯੂਨੈਸਕੋ ਦਾ ਮੁੱਖ ਮੰਤਵ ਸੰਸਾਰ ਦੇ ਹਰ ਦੇਸ਼, ਰਾਜ, ਕਸਬੇ ਨੂੰ ਸਿੱਖਿਆ ਦੇ ਕਲਾਵੇ ਵਿੱਚ ਲਿਆ ਕੇ ਵਿੱਦਿਆ ਦਾ ਪਸਾਰ ਕਰਨਾ ਹੈ ਤਾਂ ਜੋ ਅਜੋਕੇ ਸਮੇਂ ਦਾ ਮਨੁੱਖ ਰਾਸ਼ਟਰ ਦੀ ਤਰੱਕੀ ਦੀ ਪਰਵਾਜ਼ ਹੋਰ ਬੁਲੰਦੀਆਂ 'ਤੇ ਲਿਜਾ ਸਕੇ। ਲੋਕਾਂ ਦੇ ਉਤਸ਼ਾਹ ਤੇ ਜਜ਼ਬੇ ਨੂੰ ਵਧਾਉਣ ਲਈ ਸਾਖਰਤਾ ਦਿਵਸ ਨੂੰ ਇੱਕ ਵਿਸ਼ੇਸ਼ ਵਿਸ਼ੇ ਨਾਲ ਜੋੜ ਕੇ ਪੂਰਾ ਸਾਲ ਉਸ ਦੇ ਸਬੰਧਤ ਲੀਫਲੈਟਾਂ, ਮੈਗਜ਼ੀਨਾਂ, ਇਸ਼ਤਿਹਾਰਾਂ ਰਾਹੀਂ ਅਤੇ ਕੈਂਪ, ਸੈਮੀਨਾਰ ਲਗਾ ਕੇ ਜਾਗਰੂਕ ਕੀਤਾ ਜਾਂਦਾ ਹੈ। ਸੰਨ 2007-08 'ਚ ਸੰਗਠਨ ਨੇ ਇਹ ਦਿਹਾੜਾ ਸਿੱਖਿਆ ਤੇ ਸਿਹਤ ਦੇ ਵਰ੍ਹੇ ਮਨਾਇਆ ਸੀ। ਸਿਹਤ ਨਾਲ ਸਬੰਧਨ ਪ੍ਰਚਾਰ ਕਰਨ ਵਾਲੀਆਂ ਸੰਸਥਾਵਾਂ ਨੂੰ ਇਨਾਂਮ ਵੰਡੇ ਅਤੇ ਯੂਨੈਸਕੋ ਨੇ ਟੀਬੀ, ਏਡਜ਼, ਮਲੇਰੀਆ ਤੇ ਕੈਂਸਰ ਵਰਗੀਆਂ ਬਿਮਾਰੀਆਂ ਦੇ ਖਾਤਮੇ ਲਈ ਲੋਕ ਲਹਿਰ ਉਸਾਰਨ ਲਈ ਪਰਚੇ, ਕਿਤਾਬਾਂ ਵੰਡਣ ਤੋਂ ਇਲਾਵਾ ਸੈਮੀਨਾਰ ਕਰਵਾਏ ਅਤੇ ਸਰਕਾਰੀ ਤੇ ਨਿੱਜੀ ਹਸਪਤਾਲਾਂ ਵਿੱਚ ਕੈਂਪ ਲਗਾਏ ਸਨ। ਇਸੇ ਤਰ੍ਹਾਂ 2009-10 'ਚ ਸਿੱਖਿਆ ਤੇ ਮਹਿਲਾ ਸਸ਼ਕਤੀਕਰਨ ਨੂੰ ਪਹਿਲ ਦਿੰਦਾ ਹੋਏ ਲਿੰਗਕ ਭੇਦ ਭਾਵ ਦਾ ਖਾਤਮਾ ਕਰਕੇ ਬਰਾਬਰ ਦੇ ਅਧਿਕਾਰ ਤੇ ਰੁਜ਼ਗਾਰ ਦੇ ਮੌਕੇ ਦੇਣ ਲਈ ਆਵਾਜ਼ ਬਲੰਦ ਕੀਤੀ ਗਈ।
ਸੰਨ 2011-12 ਵਿੱਚ ਮਨੁੱਖੀ ਬਿਹਤਰੀ ਲਈ ਸਮਾਜ ਨੂੰ ਸਿੱਖਿਆ ਅਤੇ ਸ਼ਾਂਤੀ ਦਾ ਸੰਦੇਸ਼ ਦਿੱਤਾ ਗਿਆ। ਇਸੇ ਰੀਤ ਨੂੰ ਨਿਭਾਉਂਦੇ ਹੋਏ ਬਦਲੇ ਸਮਾਜਿਕ ਤਾਣੇ-ਬਾਣੇ ਅਤੇ ਤਕਨੀਕੀ ਯੁੱਗ ਦੇ ਦੌਰ ਵਿੱਚ ਨਵੀਂ ਪੀੜ੍ਹੀ ਨੂੰ ਸਿੱਖਿਆ ਤੇ ਹੁਨਰ ਵਿਕਾਸ ਨਾਲ ਸੁਨਹਿਰੀ ਭਵਿੱਖ ਦੇ ਰਾਹ ਦਸੇਰੇ ਬਣ ਕੇ ਗਿਆਨ ਵੰਡਦੇ ਹੋਏ 2017-18 ਦਾ ਸੰਸਾਰ ਸਾਖਰਤਾ ਦਿਵਸ ਮਨਾਇਆ ਗਿਆ। ਅੱਜ ਸੰਸਾਰ ਦਾ ਹਰ ਦੇਸ਼ ਆਪਣੀ ਫੌਜ, ਹਥਿਆਰ ਤੇ ਮਿਜ਼ਾਈਲ ਸ਼ਕਤੀ ਦੇ ਮੁਜ਼ਾਹਰੇ ਦੀ ਦੌੜ 'ਚ ਸ਼ਾਮਲ ਹੋ ਕੇ ਅਰਬਾਂ-ਖਰਬਾਂ ਦੀ ਧਨ-ਦੌਲਤ ਪਾਣੀ ਵਾਂਗ ਵਗਾ ਰਿਹਾ ਹੈ। ਸੰਸਾਰ ਦਾ ਅਸਲ ਸਰਮਾਇਆ ਨੌਜਵਾਨ ਵਰਗ ਪੜ੍ਹਨ-ਲਿਖਣ ਦੇ ਕਾਬਲ ਵੀ ਨਹੀਂ। ਯੂਨੈਸਕੋ ਵੱਲੋਂ ਜਾਰੀ ਅਕਤੂਬਰ 2018 ਦੇ ਅੰਕੜਿਆਂ ਅਨੁਸਾਰ ਦੁਨੀਆ ਦੇ 775 ਮਿਲੀਅਨ ਬਾਲਗ ਘੱਟੋ-ਘੱਟ ਸਿੱਖਿਆ ਪ੍ਰਾਪਤ ਵੀ ਨਹੀਂ। 160.7 ਮਿਲੀਅਨ ਅਜਿਹੇ ਬੱਚੇ ਹਨ ਜੋ ਸਕੂਲ ਗਏ ਨਹੀਂ ਜਾਂ ਬਹੁਤੇ ਸ਼ੁਰੂ ਵਿੱਚ ਸਕੂਲ ਛੱਡ ਗਏ। ਦੁਨੀਆ ਦੇ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ 'ਚ ਸਾਖਰਤਾ ਦਰ ਦਾ ਵੱਡਾ ਅੰਤਰ ਹੈ। ਜਿਸ ਵਿੱਚ ਮਰਦ ਵਰਗ ਦੀ ਸਾਖਰਤਾ ਦਰ 90 ਪ੍ਰਤੀਸ਼ਤ ਹੈ ਅਤੇ 82.7 ਪ੍ਰਤੀਸ਼ਤ ਔਰਤਾਂ ਪੜ੍ਹੀਆਂ-ਲਿਖਿਆਂ ਹਨ। ਜ਼ਿਆਦਾ ਅਨਪੜ੍ਹਤਾ ਅਫਰੀਕਾ, ਪੱਛਮੀ ਤੇ ਦੱਖਣੀ ਏਸ਼ੀਆ ਵਿੱਚ ਹੈ ਜਿੱਥੇ ਸੰਸਾਰ ਦੀ ਅਨਪੜ੍ਹਤਾ ਦਾ 1000 ਪਿੱਛੇ 213 ਵਿਅਕਤੀ ਇਸ ਭਾਗ 'ਚੋਂ ਹਨ। ਜਦੋਂਕਿ ਕੁੱਲ ਦੁਨੀਆ ਵਿੱਚ 1000 'ਚੋਂ 781 ਬਾਲਗ ਪੜ੍ਹ-ਲਿਖ ਨਹੀਂ ਸਕਦੇ।
ਦੁਨੀਆ ਵਿੱਚ ਸਭ ਤੋਂ ਘੱਟ 19 ਪ੍ਰਤੀਸ਼ਤ ਸਾਖਰਤਾ ਵਾਲਾ ਦੇਸ਼ ਨਾਈਜਰ ਹੈ। ਇਸ ਤੋਂ ਇਲਾਵਾ ਇਰਾਕ ਦੀ ਸਾਖਰਤਾ ਦਰ 43.7 ਪ੍ਰਤੀਸ਼ਤ ਹੈ। ਵਿਕਸਤ ਦੇਸ਼ਾਂ 'ਚੋਂ ਕੋਰੀ 100 ਫੀਸਦੀ ਦਰ ਨਾਲ ਪਹਿਲਾਂ ਨੰਬਰ 'ਤੇ ਹੈ। ਯੂਕਰੇਨ, ਜਾਰਜੀਆ, ਅਰਮੀਨੀਆ 99.9 ਪ੍ਰਤੀਸ਼ਤ ਦੀ ਦਰ ਨਾਲ ਦੂਜੇ ਨੰਬਰ 'ਤੇ ਹਨ। ਭਾਰਤ 71.20 ਫੀਸਦੀ ਦਰ ਨਾਲ 159ਵੇਂ ਅਤੇ ਪਾਕਿਸਤਾਨ 57.90 ਫੀਸਦੀ ਦਰ ਨਾਲ 173ਵੇਂ ਨੰਬਰ 'ਤੇ ਹਨ। ਅਮਰੀਕਾ ਦੀ ਸਾਖਰਤਾ ਦਰ ਵੀ 99.90 ਫੀਸਦੀ ਹੈ। ਭਾਰਤ ਵੀ ਭਿੰਨਤਾਵਾਂ ਭਰਿਆ ਦੇਸ਼ ਹੈ ਜੋ ਜਨਸੰਖਿਆ ਅਨੁਸਰ ਦੂਜੇ ਅਤੇ ਖੇਤਰਫਲ ਦੇ ਮੁਤਾਬਕ ਸੰਸਾਰ 'ਚੋਂ ਸੱਤਵੇਂ ਨੰਬਰ 'ਤੇ ਆਉਦਾ ਹੈ। ਇਥੇ 121 ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਅਤੇ 22 ਭਾਸ਼ਾਵਾਂ ਨੂੰ ਸੰਵਿਧਾਨਕ ਦਰਜਾ ਪ੍ਰਾਪਤ ਹੈ। ਪੰਜਾਬੀ ਭਾਸ਼ਾ ਵੀ ਇਨ੍ਹਾਂ 'ਚ ਸ਼ਾਮਲ ਹੈ। ਸਤੰਬਰ 2019 ਦੇ ਇੱਕ ਸਰਵੇ ਮੁਤਾਬਕ ਭਾਰਤ ਦੀ ਸ਼ਹਿਰੀ ਸਾਖਰਤਾ ਦਰ 79.5 ਅਤੇ ਪੇਂਡੂ ਖੇਤਰ ਦੀ 64.7 ਫੀਸਦੀ ਹੈ। ਸ਼ਹਿਰੀ ਖੇਤਰ ਦੀ ਮਰਦ ਸਾਖਰਤਾ ਦਰ 83.7 ਤੇ ਮਹਿਲਾ ਸਾਖਰਤਾ ਦਰ 74.8 ਫੀਸਦੀ ਹੈ ਅਤੇ ਪੇਂਡੂ ਖੇਤਰ 'ਚ ਮਹਿਲਾਵਾਂ ਦੀ ਸਾਖਰਤਾ ਦਰ 56.8 ਤੇ ਮਰਦ ਸਾਖਰਤਾ ਦਰ 72.3 ਫੀਸਦੀ ਹੈ। ਭਾਰਤ ਵਿੱਚ ਹਿੰਦੀ ਸਭ ਤੋਂ ਵੱਧ 43.6 ਪ੍ਰਤੀਸ਼ਤ ਲੋਕਾਂ ਦੁਆਰਾ ਬੋਲੀ ਜਾਣ ਵਾਲੀ ਭਾਸ਼ਾ ਹੈ ਜਦੋਂਕਿ ਬੰਗਾਲੀ 8.3, ਮਾਰਠੀ 6.86 ਅਤੇ ਪੰਜਾਬੀ ਪੰਜਾਬ ਤੇ ਹਰਿਆਣਾ ਦੇ ਕੁਝ ਖੇਤਰ ਨੂੰ ਮਿਲਾ ਕੇ 3 ਫੀਸਦੀ ਲੋਕਾਂ ਵੱਲੋਂ ਬੋਲੀ ਜਾਂਦੀ ਹੈ। ਸੰਸਾਰ ਵਿੱਚ 148 ਮਿਲੀਅਨ ਲੋਕਾਂ ਦੁਆਰਾ ਬੋਲੀ ਜਾਣ ਵਾਲੀ ਪੰਜਾਬੀ 10ਵੇਂ, ਚੀਨੀ ਪਹਿਲੇ, ਅੰਗਰੇਜ਼ੀ ਦੂਜੇ ਅਤੇ ਹਿੰਦੀ ਤੀਜੇ ਨੰਬਰ ਦੀ ਭਾਸ਼ਾ ਹੈ।
ਸਾਖਰਤਾ ਪੱਖੋਂ ਭਾਰਤ ਦਾ ਕੇਰਲ ਸੂਬਾ 93.91 ਸਾਖਰਤਾ ਦਰ ਨਾਲ ਪਹਿਲੇ ਨੰਬਰ 'ਤੇ ਹੈ। ਲਕਸ਼ਦੀਪ 86.66 ਫੀਸਦੀ ਦਰ ਨਾਲ ਦੂਜੇ ਨੰਬਰ 'ਤੇ ਹੈ। ਪੰਜਾਬ 21ਵੇਂ ਨੰਬਰ 'ਤੇ ਹੈ ਜਦਕਿ 63.82 ਫੀਸਦੀ ਦੀ ਦਰ 'ਤੇ ਸਭ ਤੋਂ ਘੱਟ ਸਾਖਰਤਾ ਵਾਲਾ ਸੂਬਾ ਬਿਹਾਰ ਹੈ। ਪੰਜਾਬ 'ਚ ਔਰਤਾਂ ਦੀ ਸਿੱਖਿਆ ਦਰ 70.83 ਫੀਸਦੀ ਹੈ ਅਤੇ 88.44 ਫੀਸਦੀ ਮਰਦ ਪੜ੍ਹੇ-ਲਿਖੇ ਹਨ। ਹੁਸ਼ਿਆਰਪੁਰ ਜਿਲ੍ਹਾ 84.89 ਫੀਸਦੀ ਦਰ ਨਾਲ ਪੰਜਾਬ 'ਚੋਂ ਸਭ ਤੋਂ ਅੱਗੇ ਹੈ। ਮੋਹਾਲੀ 83.80 ਨਾਲ ਦੂਸਰੇ ਨੰਬਰ 'ਤੇ ਹੈ। ਮਾਨਸਾ 45.07 ਫੀਸਦੀ ਸਾਖਰਤਾ ਦਰ ਫਾਡੀ ਹੈ।
ਇਨ੍ਹਾਂ ਅੰਕੜਿਆਂ ਨੂੰ ਦੇਖਦੇ ਹੋਏ ਪੂਰੀ ਦੁਨੀਆ ਵਿੱਚ ਸਿੱਖਿਆ ਦਾ ਹਾਲ ਬੇਹਾਲ ਹੀ ਜਾਪਦਾ ਹੈ। ਸਰਕਾਰਾਂ ਵੱਲੋਂ ਚਲਾਈਆਂ ਜਾ ਰਹੀਆਂ ਸਿੱਖਿਆ ਸੁਧਰ ਤੇ ਵਿਕਾਸ ਸਕੀਮਾਂ ਨੂੰ ਲਾਗੂ ਕਰਵਾਉਣ ਲਈ ਲਹਿਰ ਉਸਾਰਨਾ ਸਮੇਂ ਦੀ ਮੰਗ ਹੈ ਤਾਂ ਜੋ ਯੂਨੈਸਕੋ, ਕੇਂਦਰ ਜਾਂ ਰਾਜ ਸਰਕਾਰਾਂ ਵੱਲੋਂ ਮਿਲਿਆ ਪੈਸਾ ਸਹੀ ਤਰ੍ਹਾਂ ਖਰਚਿਆ ਜਾਵੇ। ਜੇ ਪੜ੍ਹਾਈ ਦੇ ਨਾਂ 'ਤੇ ਹੋ ਰਹੀ ਅੰਨ੍ਹੀ ਲੁੱਟ ਤੇ ਬਾਹਰਲੇ ਦੇਸ਼ਾਂ ਨੂੰ ਜਾ ਰਹੀ ਮਨੁੱਖੀ ਸ਼ਕਤੀ ਤੇ ਦਿਮਾਗ, ਬੇਹਿਸਾਬਾ ਪੈਸਾ ਅਤੇ ਮਾਪਿਆਂ ਦੀ ਮਾਨਸਿਕ ਤੇ ਆਰਥਿਕ ਪੀੜਾ ਨੂੰ ਬੰਨ੍ਹ ਲੱਗ ਜਾਵੇ ਤਾਂ ਭਾਰਤ ਤੇ ਪੰਜਾਬ ਤੇਜ਼ੀ ਨਾਲ ਤਰੱਕੀ ਦੇ ਰਾਹ ਪੈ ਸਕਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.





















# ਕਹਾਣੀ

# ਪੰਜਵੀਂ ਕੁੜੀ

-ਐਸ ਸਾਕੀ

ਫੋਨ ਦੀ ਘੰਟੀ ਵੱਜਦਿਆਂ ਹੀ ਮੇਰੀ ਅੱਖ ਖੁੱਲ੍ਹ ਗਈ। ਸਵੇਰ ਦੇ ਚਾਰ ਵਜੇ ਸਨ। 'ਕੌਣ ਹੋ ਸਕਦਾ ਹੈ? ਸ਼ਾਇਦ ਗਲਤ ਨੰਬਰ ਹੋਵੇ।' ਇਹ ਸੋਚਦਿਆਂ ਮੈਂ ਰਿਸੀਵਰ ਚੁੱਕ ਕੰਨ ਨੂੰ ਲਾਇਆ। 'ਹੈਲੋ' ਆਖਿਆ ਤਾਂ ਉਧਰੋਂ ਆਵਾਜ਼ ਆਈ, 'ਬਈ ਮੈਂ ਹਰਮੀਤ ਬੋਲ ਰਿਹਾ ਹਾਂ ਕੈਨੇਡਾ ਵਾਲਾ।'

ਤਦੇ ਜਾਣਿਆ ਪਛਾਣਿਆ ਚਿਹਰਾ ਜ਼ਿਹਨ 'ਚ ਆ ਗਿਆ। ਉਸ ਦੀਆਂ ਗੱਲਾਂ ਮਨ 'ਚ ਟੁਰਨ ਲੱਗੀਆਂ। ਪਹਿਲਾਂ ਉਸ ਦੇ ਬਚਪਨ ਅਤੇ ਫਿਰ ਜਵਾਨੀ ਦੇ ਦਿਨ ਚੇਤੇ ਆਏ। ਛੋਟੇ ਹੁੰਦਿਆਂ ਤੋਂ ਉਹ ਮੇਰਾ ਮਿੱਤਰ ਵੀ ਸੀ। ਹਰਮੀਤ ਸਾਡੇ ਬਲਾਕ ਵਿੱਚ ਹੀ ਰਹਿੰਦਾ ਸੀ। ਉਨ੍ਹਾਂ ਦੇ ਘਰ ਵਿੱਚ ਵੱਡੀ ਉਮਰ ਦੇ ਮਾਪੇ ਸੋਹਣ ਸਿੰਘ ਅਤੇ ਰਤਨ ਕੌਰ, ਸਭ ਤੋਂ ਵੱਡਾ ਪੁੱਤਰ ਜਗਰੂਪ ਸਿੰਘ, ਵਿਚਕਾਰਲਾ ਸਤਿਨਾਮ ਸਿੰਘ, ਉਨ੍ਹਾਂ ਤੋਂ ਛੋਟੀ ਭੈਣ ਸ਼ਰਨਜੀਤ ਕੌਰ ਅਤੇ ਸਭ ਤੋਂ ਛੋਟਾ ਹਰਮੀਤ ਰਹਿੰਦੇ ਸਨ। ਸ਼ੁਰੂ ਵਿੱਚ ਉਹ ਚਾਰ ਕਮਰਿਆਂ ਵਿੱਚ ਰਹਿੰਦੇ ਸਨ। ਫਿਰ ਹਰਮੀਤ ਦੇ ਵੱਡਾ ਹੋਣ 'ਤੇ ਉਨ੍ਹਾਂ ਇਕ ਕਮਰਾ ਦੁਕਾਨ ਵਿੱਚ ਬਦਲ ਲਿਆ ਸੀ। ਉਹ ਚੌਥਾ ਕਮਰਾ ਜਗਰੂਪ ਸਿੰਘ ਕੋਲ ਸੀ। ਭਾਵੇਂ ਕਮਰੇ ਦੀ ਜਗਰੂਪ ਸਿੰਘ ਨੂੰ ਸਖਤ ਜ਼ਰੂਰਤ ਸੀ, ਪਰ ਉਸ ਨੂੰ ਦੁਕਾਨ 'ਚ ਬਦਲਣਾ ਉਨ੍ਹਾਂ ਦੀ ਮਜ਼ਬੂਰੀ ਸੀ।

ਦਰਅਸਲ ਚਾਰ ਸਾਲ ਦੀ ਉਮਰ ਵਿੱਚ ਹਰਮੀਤ ਦੀਆਂ ਦੋਵੇਂ ਲੱਤਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ। ਮਾਪੇ ਉਸ ਨੂੰ ਕਈ ਡਾਕਟਰਾਂ ਕੋਲ ਲੈ ਕੇ ਗਏ, ਪਰ ਕੋਈ ਫਰਕ ਨਹੀਂ ਪਿਆ। ਫਿਰ ਉਸ ਦਾ ਤੁਰਨਾ ਫਿਰਨਾ ਬਿਲਕੁਲ ਬੰਦ ਹੋ ਗਿਆ। ਉਸ ਨੂੰ ਇਕ ਤੋਂ ਦੂਜੀ ਥਾਂ ਜਾਣ ਲਈ ਰਿੜ੍ਹਨਾ ਪੈਂਦਾ ਸੀ। ਡਾਕਟਰਾਂ ਕੋਲ ਜਾ-ਜਾ ਥੱਕ ਗਏ ਤਾਂ ਉਨ੍ਹਾਂ ਨੇ ਸੰਤਾਂ, ਪੀਰਾਂ ਅਤੇ ਲੋਕਾਂ ਦੇ ਦੱਸੇ ਟੂਣਿਆਂ ਟੋਟਕਿਆਂ ਦੀ ਮਦਦ ਲੈਣੀ ਸ਼ੁਰੂ ਕਰ ਦਿੱਤੀ। ਸਾਰੇ ਪੀਰ ਫਕੀਰ ਧਿਆਏ, ਪਰ ਕਿਸੇ ਕੋਲੋਂ ਵੀ ਉਸ ਦੀਆਂ ਲੱਤਾਂ ਵਿੱਚ ਜਾਨ ਨਹੀਂ ਫੂਕੀ ਗਈ! ..ਅਤੇ ਹਰਮੀਤ ਉਸੇ ਤਰ੍ਹਾਂ ਰੀਂਗ-ਰੀਂਗ ਕੇ ਚੱਲਦੇ ਰਿਹਾ।

ਅਖੀਰ ਥੱਕ ਕੇ ਮਾਪਿਆਂ ਨੇ ਹਰਮੀਤ ਨੂੰ ਰੱਬ ਆਸਰੇ ਛੱਡ ਦਿੱਤਾ। ਉਸ ਦੇ ਭੈਣ ਭਰਾ ਰੋਜ਼ ਸਕੂਲ ਪੜ੍ਹਨ ਜਾਂਦੇ, ਪਰ ਹਰਮੀਤ ਕਿਤੇ ਵੀ ਜਾਣ ਜੋਗਾ ਨਹੀਂ ਸੀ ਰਿਹਾ। ਸਰੀਰੋਂ ਭਾਵੇਂ ਹਰਮੀਤ ਅਪਾਹਜ ਸੀ, ਪਰ ਦਿਮਾਗ ਪੱਖੋਂ ਉਹ ਭੈਣ ਭਰਾਵਾਂ ਨਾਲੋਂ ਤੇਜ਼ ਸੀ। ਘਰ 'ਚ ਰਹਿੰਦਿਆਂ ਹੌਲੀ-ਹੌਲੀ ਉਨ੍ਹਾਂ ਦੀਆਂ ਕਿਤਾਬਾਂ ਪੜ੍ਹਨ ਦੀ ਕੋਸ਼ਿਸ਼ ਕਰਦਾ। ਇਸ ਵਿੱਚ ਉਸ ਦੀ ਭੈਣ ਸ਼ਰਨਜੀਤ ਕੌਰ ਨੇ ਬਹੁਤ ਮਦਦ ਕੀਤੀ। ਘਰ ਦੇ ਸਾਰੇ ਉਸ ਨੂੰ ਸ਼ਰਨੀ ਆਖਦੇ, ਪਰ ਉਨ੍ਹਾਂ ਵਿੱਚੋਂ ਇਕੱਲਾ ਹਰਮੀਤ ਹੀ ਉਸ ਨੂੰ ਸ਼ਰਨਜੀਤ ਆਖ ਕੇ ਬੁਲਾਉਂਦਾ ਸੀ। ਜਦੋਂ ਸ਼ਰਨੀ ਆਪ ਪੜ੍ਹਨ ਬੈਠਦੀ ਤਾਂ ਉਹ ਹਰਮੀਤ ਨੂੰ ਨਾਲ ਲੈ ਲੈਂਦੀ। ਪਹਿਲਾਂ ਉਸ ਨੇ ਹਰਮੀਤ ਨੂੰ ਅੱਖਰਾਂ ਦੀ ਪਛਾਣ ਕਰਵਾਈ। ਫਿਰ ਹੌਲੀ-ਹੌਲੀ ਅੱਖਰਾਂ ਨੂੰ ਜੋੜ ਸ਼ਬਦ ਪੜ੍ਹਨ ਲਾ ਦਿੱਤਾ। ਅਖੀਰ ਉਹ ਪੰਜਾਬੀ ਅਤੇ ਅੰਗਰੇਜ਼ੀ ਦੀਆਂ ਕਿਤਾਬਾਂ ਵੀ ਪੜ੍ਹਨ ਲੱਗਿਆ। ਘਰ ਵਿੱਚ ਸ਼ਰਨੀ ਨੂੰ ਛੱਡ ਕੇ ਉਸ ਦੇ ਦੂਜੇ ਨੰਬਰ ਦਾ ਭਰਾ ਸਤਿਨਾਮ ਵੀ ਉਸ ਨੂੰ ਬਹੁਤ ਪਿਆਰ ਕਰਦਾ ਸੀ। ਉਹ ਵੀ ਉਸ ਨਾਲ ਗੱਲਾਂ ਕਰਦਾ। ਉਸ ਦੀ ਰੁਚੀ ਅਨੁਸਾਰ ਉਸ ਦੀ ਹਰ ਮੰਗ ਪੂਰੀ ਕਰਦਾ।

ਪਤਾ ਨਹੀਂ ਕਿਉਂ ਪੜ੍ਹਾਈ ਨੂੰ ਛੱਡ ਕੇ ਬਿਜਲੀ ਨਾਲ ਚੱਲਣ ਵਾਲੀਆਂ ਚੀਜ਼ਾਂ ਵਿੱਚ ਹਰਮੀਤ ਦੀ ਰੁਚੀ ਵਧ ਗਈ। ਉਹ ਕਦੇ ਟੇਪ ਰਿਕਾਰਡਰ ਖੋਲ੍ਹ ਲੈਂਦਾ, ਕਦੇ ਕੋਈ ਛੋਟੀ ਮਸ਼ੀਨ ਠੀਕ ਕਰਨ ਦੀ ਕੋਸ਼ਿਸ਼ ਕਰਦਾ। ਸਤਿਨਾਮ ਨੇ ਉਸ ਨੂੰ ਬਿਜਲੀ ਦੇ ਸਾਰੇ ਔਜ਼ਾਰ ਲਿਆ ਕੇ ਦੇ ਦਿੱਤੇ ਸਨ। ਉਹ ਘਰ ਪਹਿਲਾਂ ਬਿਜਲੀ ਦੀ ਕੋਈ ਚੀਜ਼ ਖਰਾਬ ਕਰਦਾ, ਫਿਰ ਉਸ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰਦਾ। ਅਜੇ ਉਹ ਮਸਾਂ ਤੇਰ੍ਹਾਂ ਚੌਦਾਂ ਸਾਲਾਂ ਦੀ ਹੋਇਆ ਸੀ ਕਿ ਬਿਜਲੀ ਦੀਆਂ ਕਈ ਮਸ਼ੀਨਾਂ ਖੋਲ੍ਹ ਕੇ ਸੰਵਾਰਨ ਲੱਗ ਪਿਆ। ਉਸ ਨੇ ਸਕੂਲ ਜਾ ਕੇ ਕੋਈ ਪੜ੍ਹਾਈ ਨਹੀਂ ਕੀਤੀ, ਪਰ ਉਹ ਹਿਸਾਬ ਦੇ ਕਈ ਔਖੇ ਸਵਾਲ ਸ਼ਰਨੀ ਨੂੰ ਸਮਝਾ ਦਿੰਦਾ। ਅੰਗਰੇਜ਼ੀ ਦੀਆਂ ਕਈ ਕਿਤਾਬਾਂ ਪੜ੍ਹ ਉਨ੍ਹਾਂ ਦੇ ਅਰਥ ਦੱਸ ਦਿੰਦਾ।

ਭਰਾਵਾਂ ਵਿੱਚ ਸਭ ਤੋਂ ਵੱਡਾ ਜਗਰੂਪ ਅੱਡ ਬਿਰਤੀ ਦਾ ਬੰਦਾ ਸੀ। ਉਸ ਨੂੰ ਆਪਣੇ ਆਪ ਤੀਕ ਮਤਲਬ ਸੀ। ਉਸ ਨੇ ਸਕੂਲ ਦੀ ਪੜ੍ਹਾਈ ਪੂਰੀ ਕਰਕੇ ਕਾਲਜ ਜਾਣਾ ਠੀਕ ਨਹੀਂ ਸਮਝਿਆ। ਉਹ ਕਾਲੋਨੀ ਦੇ ਆਪਣੇ ਮਿੱਤਰ ਅਤੇ ਉਸ ਦੇ ਠੇਕੇਦਾਰ ਪਿਉ ਨਾਲ ਮਿਲ ਕੇ ਕਈ ਛੋਟੇ-ਛੋਟੇ ਠੇਕੇ ਨਿੱਜੀ ਤੌਰ 'ਤੇ ਲੈਣ ਲੱਗਿਆ।

ਹਰਮੀਤ ਅਠਾਰਾਂ ਸਾਲ ਦਾ ਹੋ ਗਿਆ, ਪਰ ਉਸ ਦੀਆਂ ਲੱਤਾਂ ਅਜੇ ਵੀ ਉਸ ਦਾ ਸਾਥ ਨਹੀਂ ਸਨ ਦਿੰਦੀਆਂ। ਉਹ ਘਰ ਵਿੱਚ ਸਤਿਨਾਮ ਰਾਹੀਂ ਲਿਆਂਦੀਆਂ ਫਹੁੜੀਆਂ ਨਾਲ ਟੁਰਦਾ। ਹੁਣ ਉਸ ਨੂੰ ਜ਼ਮੀਨ 'ਤੇ ਰਿੜ੍ਹਨਾ ਨਹੀਂ ਸੀ ਪੈਂਦਾ।

ਘਰ ਵਿੱਚ ਚਾਰ ਕਮਰੇ ਸਨ। ਇਕ ਨੂੰ ਉਨ੍ਹਾਂ ਡਰਾਇੰਗ ਰੂਮ ਬਣਾ ਰੱਖਿਆ ਸੀ। ਬਾਹਰ ਵਾਲਾ ਕਮਰਾ ਜਗਰੂਪ ਕੋਲ ਸੀ। ਇਕ ਵਿੱਚ ਉਨ੍ਹਾਂ ਦੇ ਮਾਪੇ ਅਤੇ ਭੈਣ ਰਹਿੰਦੀ ਸੀ। ਇਕ ਸਤਿਨਾਮ ਅਤੇ ਹਰਮੀਤ ਦੇ ਹਿੱਸੇ ਸੀ। ਸਤਿਨਾਮ ਦੇ ਮਨ ਵਿੱਚ ਆਇਆ ਕਿ ਉਹ ਆਪਣੇ ਛੋਟੇ ਭਰਾ ਹਰਮੀਤ ਲਈ ਬਾਹਰ ਵਾਲੇ ਭਾਵ ਜਗਰੂਪ ਦੇ ਕਮਰੇ 'ਚ ਬਿਜਲੀ ਦੀਆਂ ਘਰੇਲੂ ਚੀਜ਼ਾਂ ਠੀਕ ਕਰਨ ਲਈ ਦੁਕਾਨ ਖੋਲ੍ਹ ਦੇਵੇ। ਜਦੋਂ ਉਨ੍ਹਾਂ ਨੇ ਜਗਰੂਪ ਕੋਲੋਂ ਬਾਹਰਲਾ ਕਮਰਾ ਮੰਗਿਆ ਤਾਂ ਘਰ ਵਿੱਚ ਜਿਵੇਂ ਇਕ ਤੂਫਾਨ ਉਠ ਖਲੋਤਾ। ਉਹ ਕਿਸੇ ਵੀ ਸ਼ਰਤ 'ਤੇ ਹਰਮੀਤ ਨੂੰ ਕਮਰਾ ਦੇਣ ਨੂੰ ਤਿਆਰ ਨਹੀਂ ਸੀ। ਅਖੀਰ ਸਤਿਨਾਮ ਤੇ ਹਰਮੀਤ ਡਰਾਇੰਗ ਰੂਮ ਵਿੱਚ ਚਲੇ ਗਏ ਤੇ ਉਨ੍ਹਾਂ ਨੇ ਆਪਣਾ ਕਮਰਾ ਜਗਰੂਪ ਨੂੰ ਦੇ ਦਿੱਤਾ। ਜਗਰੂਪ ਵਾਲੇ ਕਮਰੇ ਵਿੱਚ ਸਤਿਨਾਮ ਨੇ ਹਰਮੀਤ ਲਈ ਬਿਜਲੀ ਦੀ ਦੁਕਾਨ ਖੋਲ੍ਹ ਦਿੱਤੀ।

ਪਹਿਲਾਂ ਹੌਲੀ-ਹੌਲੀ ਬਲਾਕ ਅਤੇ ਫਿਰ ਕਾਲੋਨੀ ਦੀਆਂ ਬਿਜਲੀ ਦੀਆਂ ਕਈ ਚੀਜ਼ਾਂ ਠੀਕ ਹੋਣ ਲਈ ਉਸ ਦੀ ਦੁਕਾਨ 'ਤੇ ਆਉਣ ਲੱਗੀਆਂ। ਹਰਮੀਤ ਨੂੰ ਵਕਤ ਕੱਟਣ ਦੇ ਨਾਲ-ਨਾਲ ਥੋੜ੍ਹੀ ਆਮਦਨ ਵੀ ਹੋਣ ਲੱਗੀ। ਫਿਰ ਇਕ ਦਿਨ ਮਾਪਿਆਂ ਨੇ ਜਗਰੂਪ ਦਾ ਵਿਆਹ ਕਰ ਦਿੱਤਾ। ਕੁੜੀ ਦਲੀਪ ਕੌਰ ਵੀ ਪਤੀ ਦੇ ਸੁਭਾਅ ਵਾਲੀ ਸੀ। ਘਰ ਵਿੱਚ ਕਿਸੇ ਤਰ੍ਹਾਂ ਦੀ ਮਦਦ ਕਰਨ ਦੀ ਥਾਂ ਸਹੁਰੇ ਘਰ ਆਉਂਦਿਆਂ ਹੀ ਉਸ ਨੇ ਪਤੀ ਨੂੰ ਪਰਵਾਰ ਵਿਰੁੱਧ ਭੜਕਾਉਣਾ ਸ਼ੁਰੂ ਕਰ ਦਿੱਤਾ।

ਸੋਹਣ ਸਿੰਘ ਦਾ ਇਕ ਜਮਾਤੀ ਦਰਬਾਰਾ ਸਿੰਘ ਕਦੇ ਕੈਨੇਡਾ ਜਾ ਵੱਸਿਆ ਸੀ। ਉਸ ਦੀ ਇਕੋ ਇਕ ਧੀ ਸੀ। ਦਰਬਾਰਾ ਸਿੰਘ ਇਕ ਵਾਰ ਕਿਸੇ ਕੰਮ ਲਈ ਇੰਡੀਆ ਆਇਆ ਅਤੇ ਸੋਹਣ ਸਿੰਘ ਦੇ ਘਰ ਠਹਿਰਿਆ। ਤਿੰਨ ਚਾਰ ਦਿਨਾਂ ਵਿੱਚ ਉਸ ਨੂੰ ਆਪਣੇ ਮਿੱਤਰ ਦਾ ਵੱਡੇ ਤੋਂ ਛੋਟਾ ਪੁੱਤਰ ਸਤਿਨਾਮ ਬਹੁਤ ਜਚ ਗਿਆ। ਇਕ ਦਿਨ ਸਵੇਰੇ ਚਾਹ ਪੀਂਦਿਆਂ ਉਸ ਨੇ ਗੱਲ ਟੋਰੀ, 'ਬਈ ਸੋਹਣ ਸਿੰਘ, ਇਕ ਗੱਲ ਕਰਨੀ ਸੀ ਤੇਰੇ ਨਾਲ।' ਚਾਹ ਪੀਂਦੇ ਸੋਹਣ ਸਿੰਘ ਨੇ ਆਪਣੇ ਦੋਸਤ ਵੱਲ ਵੇਖਿਆ ਜ਼ਰੂਰ, ਪਰ ਬੋਲਿਆ ਕੁਝ ਵੀ ਨਹੀਂ।

'ਯਾਰ ਤੂੰ ਆਪਣਾ ਪੁੱਤਰ ਸਤਿਨਾਮ ਮੈਨੂੰ ਦੇ ਦੇ।' ਸੋਹਣ ਸਿੰਘ ਦੀ ਸਮਝ ਕੁਝ ਨਹੀਂ ਆਇਆ, ਪਰ ਉਹ ਇਸ ਨੂੰ ਸਮਝਣ ਲਈ ਇਸ ਵਾਰੀ ਵੀ ਕੁਝ ਨਹੀਂ ਬੋਲਿਆ। ਉਸੇ ਤਰ੍ਹਾਂ ਚਾਹ ਦਾ ਕੱਪ ਹੱਥ 'ਚ ਫੜੀ ਉਸ ਵੱਲ ਵੇਖਦਾ ਰਿਹਾ।

'ਯਾਰ, ਮੇਰੇ ਵੱਲ ਕੀ ਵੇਖ ਰਿਹਾ ਹੈਂ। ਤੈਨੂੰ ਪਤਾ ਮੇਰੀ ਇਕੋ ਇਕ ਧੀ ਹੈ। ਮੇਰੇ ਕੋਲ ਗੱਡੀਆਂ ਹਨ। ਟਰਾਂਸਪੋਰਟ ਦਾ ਵੱਡਾ ਕੰਮ ਹੈ। ਵੱਡਾ ਘਰ ਹੈ। ਪੈਸਾ ਵੀ ਹੈ। ਜੇ ਕਮੀ ਹੈ ਤਾਂ ਸਤਿਨਾਮ ਜਿਹੇ ਮੁੰਡੇ ਦੀ, ਜਿਹੜਾ ਮੇਰੀ ਧੀ ਨਾਲ ਮੇਰਾ ਕਾਰੋਬਾਰ ਸਾਂਭ ਲਵੇ।'

'ਪਰ ਤੂੰ ਕੈਨੇਡਾ ਰਹਿੰਦਾ ਹੈਂ ਅਤੇ ਅਸੀਂ..?'

'ਬਈ ਸੋਹਣ ਸਿੰਘ, ਜੇ ਮੈਂ ਕੈਨੇਡਾ ਵਿੱਚ ਰਹਿੰਦਾ ਹਾਂ ਤਾਂ ਸਤਿਨਾਮ ਵੀ ਉਥੇ ਰਹਿ ਸਕਦਾ ਹੈ। ਉਥੇ ਜਾਵੇਗਾ ਤਾਂ ਮੌਜ ਕਰੇਗਾ। ਜੰਮਿਆ ਜਮਾਇਆ ਕੰਮ ਮਿਲ ਜਾਵੇਗਾ। ਬੱਸ ਉਸ ਨੂੰ ਸਾਂਭਣ ਵਾਲਾ ਚਾਹੀਦਾ ਹੈ। ਮੇਰੀ ਧੀ ਵੀ ਬਹੁਤ ਚੰਗੀ ਹੈ। ਸਿਆਣੀ ਕੁੜੀ ਹੈ। ਤੇਰੇ ਪੁੱਤ ਨਾਲ ਜ਼ਰੂਰ ਐਡਜਸਟ ਕਰ ਲਵੇਗੀ।'

ਦੋਵਾਂ ਮਿੱਤਰਾਂ ਨੇ ਮਿੰਟਾਂ ਵਿੱਚ ਹੀ ਰਿਸ਼ਤਾ ਪੱਕਾ ਕਰ ਲਿਆ। ਮਹੀਨੇ ਵਿੱਚ ਸਤਿਨਾਮ ਦਾ ਵਿਆਹ ਹੋ ਗਿਆ ਤੇ ਛੇ ਮਹੀਨੇ ਬਾਅਦ ਉਹ ਕੈਨੇਡਾ ਚਲਾ ਗਿਆ। ਉਸ ਦੇ ਚਲੇ



ਜਾਣ ਦਾ ਸਭ ਤੋਂ ਵੱਧ ਦੁੱਖ ਹਰਮੀਤ ਨੂੰ ਸੀ, ਕਿਉਂਕਿ ਸਤਿਨਾਮ ਹੀ ਉਸ ਦੀ ਮਦਦ ਕਰਦਾ ਸੀ। ਇਕ ਸਾਲ ਹੋਰ ਲੰਘਿਆ, ਸੋਹਣ ਸਿੰਘ ਨੇ ਧੀ ਦਾ ਵਿਆਹ ਕਰ ਦਿੱਤਾ ਅਤੇ ਸਤਿਨਾਮ ਸਿੰਘ ਮਾਂ ਪਿਓ ਅਤੇ ਹਰਮੀਤ ਨੂੰ ਕੈਨੇਡਾ ਲੈ ਗਿਆ। ਜਗਰੂਪ ਨੇ ਉਹ ਘਰ ਵੇਚ ਦਿੱਤਾ ਤੇ ਟੁਰਦੀ ਕਹਾਣੀ ਦਾ ਇਥੇ ਹੀ ਅੰਤ ਹੋ ਗਿਆ।

ਕਦੇ ਕਦਾਈਂ ਕੈਨੇਡਾ ਤੋਂ ਮੈਨੂੰ ਹਰਮੀਤ ਦਾ ਫੋਨ ਆਉਂਦਾ ਰਹਿੰਦਾ। ਉਥੇ ਉਸ ਨੇ ਜਨਰਲ ਸਟੋਰ ਖੋਲ੍ਹ ਲਿਆ ਸੀ, ਜਿਹੜਾ ਦਿਨਾਂ ਵਿੱਚ ਚੱਲ ਨਿਕਲਿਆ। ਬਿਜਲੀ ਦੀਆਂ ਛੋਟੀਆਂ-ਛੋਟੀਆਂ ਮਸ਼ੀਨਾਂ ਠੀਕ ਕਰਨ ਵਾਲਾ ਹਰਮੀਤ ਕੈਨੇਡਾ ਜਾ ਕੇ ਇਕ ਚੰਗਾ ਕਾਰੋਬਾਰੀ ਬਣ ਗਿਆ।

ਫਿਰ ਟੁਰਦੀ ਜ਼ਿੰਦਗੀ ਵਿੱਚ ਇਕ ਅਜੀਬ ਘਟਨਾ ਵਾਪਰੀ। ਇਕ ਦਿਨ ਹਰਮੀਤ ਦਾ ਫੋਨ ਆਇਆ। ਕਿੰਨਾ ਚਿਰ ਉਹ ਮੇਰੇ ਨਾਲ ਗੱਲਾਂ ਕਰਦਾ ਰਿਹਾ। ਉਸ ਨੇ ਇਕ ਅਜਿਹੀ ਬਾਤ ਦੱਸੀ ਜਿਸ 'ਤੇ ਮੈਨੂੰ ਯਕੀਨ ਹੀ ਨਹੀਂ ਹੋਇਆ। ਉਹ ਕੈਨੇਡਾ ਜਾਣ ਤੋਂ ਕੁਝ ਸਮੇਂ ਬਾਅਦ ਚੁੱਪਚਾਪ ਆਪਣੇ ਮਾਪਿਆਂ ਨਾਲ ਪੰਜਾਬ ਆਇਆ ਅਤੇ ਇਕ ਬੀ ਏ ਪਾਸ ਕੁੜੀ ਨਾਲ ਵਿਆਹ ਕਰਵਾ ਕੇ ਕੈਨੇਡਾ ਮੁੜ ਗਿਆ। ਮੈਨੂੰ ਇਹ ਸਮਝ ਨਹੀਂ ਆਈ ਕਿ ਬੀ ਏ ਪੜ੍ਹੀ ਕੁੜੀ ਨੇ ਉਸ ਬੰਦੇ ਨਾਲ ਵਿਆਹ ਕਿਵੇਂ ਕਰਵਾ ਲਿਆ, ਜਿਸ ਦੀਆਂ ਦੋਵੇਂ ਲੱਤਾਂ ਕੰਮ ਨਹੀਂ ਕਰਦੀਆਂ? ਜਿਹੜਾ ਕਿੰਨਾ ਲਾਚਾਰ, ਬੇਵੱਸ ਹੈ ਕਿ ਫਹੁੜੀਆਂ ਤੋਂ ਬਿਨਾਂ ਕਿਤੇ ਆ ਜਾ ਨਹੀਂ ਸਕਦਾ। ਜਿਸ ਨੇ ਜੀਵਨ ਵਿੱਚ ਕਦੇ ਠੀਕ ਤਰ੍ਹਾਂ ਟੁਰ ਕੇ ਨਹੀਂ ਵੇਖਿਆ। ਉਹ ਸਾਬਤ ਕੁੜੀ ਕੈਨੇਡਾ 'ਚ ਲੋਕਾਂ ਸਾਹਮਣੇ ਉਸ ਅੱਧੇ ਆਦਮੀ ਨਾਲ ਕਿਵੇਂ ਟੁਰਦੀ ਹੋਵੇਗੀ? ਕੀ ਲੋਕ ਉਸ ਵੱਲ ਤਰਸ ਭਰੀਆਂ ਨਜ਼ਰਾਂ ਨਾਲ ਨਹੀਂ ਵੇਖਦੇ ਹੋਣਗੇ? ਵਕਤ ਲੰਘਦਿਆਂ ਪੰਜ ਸਾਲ ਤੱਕ ਨਾ ਫਿਰ ਕਦੇ ਹਰਮੀਤ ਦਾ ਫੋਨ ਆਇਆ ਤੇ ਨਾ ਮੈਂ ਉਸ ਨੂੰ ਮੁੜ ਸੰਪਰਕ ਕਰ ਸਕਿਆ। ਹੌਲੀ-ਹੌਲੀ ਉਸ ਦੀਆਂ ਸਾਰੀਆਂ ਯਾਦਾਂ ਮਨ 'ਚੋਂ ਬਾਹਰ ਨਿਕਲ ਗਈਆਂ।

ਪਰ ਅੱਜ ਸਵੇਰੇ ਚਾਰ ਵਜੇ ਉਸ ਦੇ ਫੋਨ ਨੇ ਫਿਰ ਉਹ ਸਭ ਯਾਦ ਕਰਵਾ ਦਿੱਤਾ ਸੀ। ਉਸ ਨੇ ਫੋਨ 'ਤੇ ਦੱਸਿਆ ਕਿ ਪਹਿਲਾਂ ਉਹ ਕੈਨੇਡਾ ਤੋਂ ਦਿੱਲੀ ਆਵੇਗਾ ਤੇ ਉਥੋਂ ਫਿਰ ਪੰਜਾਬ ਚਲਿਆ ਜਾਵੇਗਾ। ਪੰਦਰਾਂ ਦਿਨ ਪੰਜਾਬ ਰਹਿ ਕੇ ਉਹ ਫਿਰ ਦਿੱਲੀ ਮੁੜੇਗਾ। ਮੈਂ ਕਾਲੋਨੀ ਵਿੱਚ ਉਸ ਲਈ ਗੈਸਟ ਹਾਊਸ ਦੇ ਦੋ ਕਮਰੇ ਬੁੱਕ ਕਰਵਾ ਦੇਵਾਂ ਤਾਂ ਕਿ ਉਸ ਨੂੰ ਕੋਈ ਤਕਲੀਫ ਨਾ ਹੋਵੇ। ਪੰਦਰਾਂ ਦਿਨਾਂ ਬਾਅਦ ਹਰਮੀਤ ਨਵੀਂ ਚਮਚਮਾਉਂਦੀ ਗੱਡੀ ਵਿੱਚ ਆਪਣੇ ਮਾਂ ਪਿਉ ਨਾਲ ਸਾਡੇ ਘਰ ਆ ਗਿਆ। ਗੱਡੀ ਡਰਾਈਵਰ ਚਲਾ ਕੇ ਲੈ ਆਇਆ ਸੀ ਜਿਹੜੀ ਉਸ ਨੇ ਇਕ ਮਹੀਨੇ ਲਈ ਕਿਰਾਏ 'ਤੇ ਲਈ ਸੀ।

ਹਰਮੀਤ ਉਸੇ ਤਰ੍ਹਾਂ ਦਾ ਸੀ, ਜਿਹੋ ਜਿਹਾ ਪੰਜ ਵਰ੍ਹੇ ਪਹਿਲਾਂ ਦਿੱਲੀ ਤੋਂ ਕੈਨੇਡਾ ਗਿਆ ਸੀ। ਬਸ ਉਸ ਦਾ ਚਿਹਰਾ ਪਹਿਲਾਂ ਨਾਲੋਂ ਭਰਿਆ ਲੱਗ ਰਿਹਾ ਸੀ। ਉਸ ਨੇ ਸਲੀਕੇ ਵਾਲੇ ਕੱਪੜੇ ਪਹਿਨ ਰੱਖੇ ਸਨ। ਉਸ ਵਿੱਚ ਇਕ ਬਦਲਾਅ ਹੋਰ ਆ ਗਿਆ ਸੀ। ਹੁਣ ਉਹ ਉਸ ਦੇ ਭਰਾ ਸਤਿਨਾਮ ਰਾਹੀਂ ਖਰੀਦੀਆਂ ਫਹੁੜੀਆਂ ਨਾਲ ਨਹੀਂ ਸੀ ਟੁਰ ਰਿਹਾ, ਸਗੋਂ ਕੈਨੇਡਾ ਤੋਂ ਆਪਣੇ ਲਈ ਬੈਟਰੀ ਨਾਲ ਚੱਲਣ ਵਾਲੀ ਵੀਲ੍ਹਚੇਅਰ ਲੈ ਕੇ ਆਇਆ ਸੀ। ਅਜਿਹੀ ਵੀਲ੍ਹਚੇਅਰ ਜਿਹੜੀ ਛਤਰੀ ਵਾਂਗ ਬੰਦ ਹੋ ਜਾਂਦੀ ਸੀ। ਉਨ੍ਹਾਂ ਨੇ ਸਾਡੇ ਘਰ ਚਾਹ ਪੀਤੀ। ਅਸੀਂ ਕੈਨੇਡਾ ਦੀਆਂ ਗੱਲਾਂ ਕਰਦੇ ਰਹੇ। ਉਸ ਮੁਲਕ ਵਿੱਚ ਸੁਖ ਭੋਗਦੇ ਬੰਦਿਆਂ ਦੀਆਂ ਗੱਲਾਂ। ਸਰਕਾਰ ਦੀਆਂ ਗੱਲਾਂ, ਜਿਹੜੀ ਉਥੋਂ ਦੇ ਲੋਕਾਂ ਦਾ ਖਿਆਲ ਰੱਖਦੀ ਹੈ। ਜਿਹੜੀ ਉਨ੍ਹਾਂ ਨੂੰ ਕੋਈ ਔਖ ਨਹੀਂ ਆਉਣ ਦਿੰਦੀ। ਹਰਮੀਤ ਜਿਹੇ ਦੀ ਤਾਂ ਉਸ ਥਾਂ ਹੋਰ ਵੀ ਮਦਦ ਹੁੰਦੀ ਹੈ।

ਮੈਂ ਉਸ ਨੂੰ ਕਾਲੋਨੀ 'ਚ ਬਣੇ ਗੈਸਟ ਹਾਊਸ ਵਿੱਚ ਛੱਡ ਕੇ ਘਰ ਆ ਗਿਆ। ਉਹਦੇ ਮਾਂ ਪਿਓ ਦੇ ਨਾਲ ਹੋਣ ਕਰਕੇ ਹਰਮੀਤ ਨਾਲ ਕੋਈ ਵੀ ਨਿੱਜੀ ਗੱਲ ਨਹੀਂ ਕਰ ਸਕਿਆ। ਘਰ ਆ ਕੇ ਮੈਂ ਕਿੰਨਾ ਹੀ ਚਿਰ ਉਸ ਬਾਰੇ ਸੋਚਦਾ ਰਿਹਾ। ਇਸ ਵਾਰੀ ਉਹ ਮੈਨੂੰ ਇੰਨਾ ਸਿੱਧਾ ਨਹੀਂ ਲੱਗਿਆ ਜਿਹੋ ਜਿਹਾ ਉਹ ਪੰਜ ਵਰ੍ਹੇ ਪਹਿਲਾਂ ਕੈਨੇਡਾ ਗਿਆ ਸੀ। ਉਸ ਦੀਆਂ ਗੱਲਾਂ ਇਕ ਵਪਾਰੀ ਵਾਲੀਆਂ ਸਨ, ਜਿਨ੍ਹਾਂ ਵਿੱਚ ਲਾਭ ਤੇ ਹਾਨੀ ਛੁਪੀ ਹੋਈ ਸੀ। ਹੁਣ ਉਸ ਨੂੰ ਦੁਨੀਆਂਦਾਰੀ ਦਾ ਪਤਾ ਸੀ। ਉਸ ਦੇ ਮਾਪਿਆਂ ਦੇ ਹੁੰਦਿਆਂ ਮੈਂ ਉਹਦੇ ਵਿਆਹ ਬਾਰੇ ਨਹੀਂ ਪੁੱਛ ਸਕਿਆ ਕਿ ਉਸ ਦੀ ਗ੍ਰਹਿਸਥੀ ਕਿਵੇਂ ਟੁਰ ਰਹੀ ਹੈ? ਕੀ ਸਾਰਾ ਕੁਝ ਨਿਯਮ ਨਾਲ ਚੱਲ ਰਿਹਾ ਸੀ ਜਾਂ ਉਸ ਵਿੱਚ ਕੋਈ ਅੜਚਣ ਵੀ ਸੀ? ਉਹ ਕੁੜੀ ਜਿਸ ਨੂੰ ਪੰਜਾਬ ਤੋਂ ਪੰਜ ਵਰ੍ਹੇ ਪਹਿਲਾਂ ਵਿਆਹ ਕੇ ਲੈ ਗਿਆ ਸੀ, ਉਸ ਨਾਲ ਕਿਵੇਂ ਕੱਟ ਰਹੀ ਸੀ? ਉਹ ਉਸ ਨਾਲ ਕਿਉਂ ਨਹੀਂ ਆਈ? ਅਜਿਹੇ ਕਈ ਸਵਾਲ ਮੇਰੇ ਮਨ ਵਿੱਚ ਸਨ।

ਅਗਲੇ ਦਿਨ ਸਵੇਰੇ ਜਦੋਂ ਦਸ ਵਜੇ ਮੈਂ ਗੈਸਟ ਹਾਊਸ ਪਹੁੰਚਿਆ ਤਾਂ ਉਹ ਤਿੰਨੋਂ ਕਿਤੇ ਜਾਣ ਵਾਲੇ ਸਨ। ਹਰਮੀਤ ਬਹੁਤ ਸੋਹਣੇ ਕੱਪੜੇ ਪਹਿਨੀ ਵੀਲ੍ਹਚੇਅਰ 'ਤੇ ਬੈਠਾ ਸੀ ਅਤੇ ਮਾਂ ਪਿਓ ਨੇ ਵੀ ਨਵੇਂ ਕੱਪੜੇ ਪਹਿਨ ਰੱਖੇ ਸਨ।

'ਪੁੱਤ, ਅਸੀਂ ਆਹ ਕਾਲੋਨੀ ਦੇ ਗੁਰਦੁਆਰਾ ਸਾਹਿਬ 'ਚ ਮੱਥਾ ਟੇਕਣ ਜਾ ਰਹੇ ਹਾਂ। ਅੱਧਾ ਘੰਟਾ ਤਾਂ ਸਾਨੂੰ ਲੱਗ ਹੀ ਜਾਵੇਗਾ। ਇੰਨਾ ਚਿਰ ਤੂੰ ਹਰਮੀਤ ਨਾਲ ਗੱਲਾਂ ਕਰ।' ਹਰਮੀਤ ਦੀ ਮਾਂ ਨੇ ਕਿਹਾ। ਮੇਰਾ ਕੋਈ ਜਵਾਬ ਸੁਣੇ ਬਿਨਾਂ ਉਹ ਦੋਵੇਂ ਗੁਰਦੁਆਰਾ ਸਾਹਿਬ ਚਲੇ ਗਏ। ਕਮਰੇ ਵਿੱਚ ਮੈਂ ਅਤੇ ਹਰਮੀਤ ਰਹਿ ਗਏ।

'ਤੂੰ ਕੌਫੀ ਪੀਵੇਂਗਾ?' ਹਰਮੀਤ ਨੇ ਪੁੱਛਿਆ। ਮੈਂ ਅਜੇ ਹਾਂ ਜਾਂ ਨਾਂਹ ਨਾਲ ਜਵਾਬ ਦੇਣ ਦੀ ਸੋਚ ਰਿਹਾ ਸੀ ਕਿ ਉਸ ਨੇ ਵੀਲ੍ਹਚੇਅਰ 'ਤੇ ਲੱਗੀ ਘੰਟੀ ਵਜਾਈ ਅਤੇ ਗੈਸਟ ਹਾਊਸ ਦਾ ਇਕ ਕਾਮਾ ਪਲਾਂ ਵਿੱਚ ਹਾਜ਼ਰ ਹੋ ਗਿਆ।

'ਬਈ ਦੋ ਕੱਪ ਕੌਫੀ..!' ਕਾਮਾ ਚਲਾ ਗਿਆ। ਮੇਰੇ ਮਨ ਵਿੱਚ ਕਿੰਨੇ ਹੀ ਸਵਾਲ ਸਨ, ਜਿਨ੍ਹਾਂ ਦੀ ਉਲਝਣ ਵਿੱਚ ਮੈਂ ਰਾਤ ਭਰ ਉਲਝਿਆ ਰਿਹਾ ਸੀ, ਪਰ ਉਨ੍ਹਾਂ ਦਾ ਕੋਈ ਵੀ ਠੀਕ ਹੱਲ ਨਹੀਂ ਲੱਭ ਸਕਿਆ ਸੀ।

'ਹੋਰ ਬਈ ਹਰਮੀਤ, ਕਿਵੇਂ ਚੱਲ ਰਹੀ ਹੈ ਕੈਨੇਡਾ ਵਿੱਚ?' ਗੱਲ ਸ਼ੁਰੂ ਕਰਨ ਵਿੱਚ ਪਹਿਲ ਮੈਂ ਹੀ ਕੀਤੀ।

'ਬਹੁਤ ਵਧੀਆ, ਬਸ ਯਾਰ ਉਸ ਦੇਸ਼ ਵਿੱਚ ਜਾ ਕੇ ਪਤਾ ਲੱਗਿਆ ਕਿ ਜ਼ਿੰਦਗੀ ਕੀ ਹੁੰਦੀ ਹੈ। ਰੱਬ ਕੋਲੋਂ ਮਿਲਿਆ ਇਹ ਜੀਵਨ ਕਿੰਨਾ ਬਹੁਮੁੱਲਾ ਹੈ ਜਿਹੜਾ ਹਿੰਦੁਸਤਾਨ ਜਿਹੇ ਦੇਸ਼ ਵਿੱਚ ਕਿਵੇਂ ਬੇਮਤਲਬ ਜਿਹਾ ਹੋ ਕੇ ਲੰਘ ਜਾਂਦਾ ਹੈ ਅਤੇ ਸਾਨੂੰ ਪਤਾ ਹੀ ਨਹੀਂ ਲੱਗਦਾ।'

ਉਸ ਦੀਆਂ ਗੱਲਾਂ ਸੁਣ ਕੇ ਮੈਂ ਹੈਰਾਨ ਰਹਿ ਗਿਆ, ਬਸ ਇਹੋ ਸੋਚ ਕਿ ਸਾਡੇ ਮੁਲਕ ਵਿੱਚ ਕੀ ਇਨਸਾਨ ਰਹਿੰਦੇ ਹੀ ਨਹੀਂ? ਜੋ ਹਰਮੀਤ ਕਹਿ ਰਿਹਾ, ਕੀ ਉਹ ਠੀਕ ਹੈ?

ਮੈਂ ਇਨ੍ਹਾਂ ਗੱਲਾਂ ਨੂੰ ਪਾਸੇ ਹਟਾ ਉਸ ਕੋਲੋਂ ਅਗਲਾ ਸਵਾਲ ਪੁੱਛਿਆ, 'ਹੋਰ ਬਈ ਤੂੰ ਵਿਆਹ ਕਰਵਾਇਆ ਅਤੇ ਸਾਨੂੰ ਤੇਰੇ ਇੰਡੀਆ ਆਉਣ ਦਾ ਪਤਾ ਹੀ ਨਹੀਂ ਲੱਗਿਆ!'

'ਹਾਂ, ਯਾਰ, ਉਸ ਵੇਲੇ ਮੇਰੇ ਕੋਲ ਦੋ ਹੀ ਦਿਨ ਸਨ। ਕੈਨੇਡਾ 'ਚ ਮੇਰਾ ਕੋਈ ਬਹੁਤ ਜ਼ਰੂਰੀ ਕੰਮ ਅਟਕਿਆ ਪਿਆ ਸੀ। ਮੈਂ, ਬੀਜੀ ਅਤੇ ਭਾਜਪਾ ਜੀ ਬਸ ਦੋ ਦਿਨਾਂ ਲਈ ਹੀ ਇੰਡੀਆ ਆਏ ਸੀ। ਵਿਆਹ ਕਰਵਾ ਕੇ ਮੈਂ ਕੈਨੇਡਾ ਮੁੜ ਗਿਆ ਸੀ।'

ਇਸ ਤੋਂ ਬਾਅਦ ਮੇਰੇ ਮਨ ਵਿੱਚ ਫਿਰ ਉਹੀ ਸਵਾਲ ਕਿ ਬੀ ਏ ਪੜ੍ਹੀ ਕੁੜੀ ਨੇ ਉਸ ਨਾਲ ਵਿਆਹ ਕਿਵੇਂ ਕਰਵਾ ਲਿਆ? ਉਹ ਰਾਜ਼ੀ ਕਿਵੇਂ ਹੋ ਗਈ, ਜਦੋਂ ਕਿ ਉਸ ਸਾਹਮਣੇ ਤਾਂ ਅੱਧਾ ਆਦਮੀ ਸੀ, ਜਿਸ ਨਾਲ ਉਸ ਨੇ ਸਾਰੀ ਉਮਰ ਕੱਟਣੀ ਸੀ। ਮੈਂ ਕੋਸ਼ਿਸ਼ ਕਰਨ 'ਤੇ ਵੀ ਇਹ ਗੱਲ ਹਰਮੀਤ ਕੋਲੋਂ ਨਹੀਂ ਪੁੱਛ ਸਕਿਆ ਤੇ ਉਸ ਮੂਹਰੇ ਅਗਲਾ ਸਵਾਲ ਰੱਖ ਦਿੱਤਾ, 'ਹੋਰ ਯਾਰ, ਤੇਰੀ ਗ੍ਰਹਿਸਥੀ ਕਿਹੋ ਜਿਹੀ ਟੁਰ ਰਹੀ ਹੈ? ਉਹ ਤੇਰੇ ਨਾਲ ਇੰਡੀਆ ਕਿਉਂ ਨਹੀਂ ਆਈ?' ਇਸ ਵਾਰੀ ਮੈਂ ਇਕੱਠੇ ਦੋ ਸਵਾਲ ਪੁੱਛੇ।

ਉਸ ਨੇ ਮੇਰੇ ਇਨ੍ਹਾਂ ਸਵਾਲਾਂ ਦਾ ਜਵਾਬ ਤੁਰੰਤ ਨਹੀਂ ਦਿੱਤਾ ਜਿਵੇਂ ਕਿ ਸੋਚ ਜਿਹੀ ਵਿੱਚ ਪੈ ਗਿਆ ਸੀ ਉਹ। ਕੁਝ ਚਿਰ ਦੀ ਚੁੱਪ ਮਗਰੋਂ ਉਸ ਨੇ ਬੋਲਣਾ ਸ਼ੁਰੂ ਕੀਤਾ, 'ਬਈ ਉਹ ਕੁੜੀ ਤਾਂ ਇਸ ਮਹੀਨੇ ਮੈਨੂੰ ਛੱਡ ਕੇ ਕਿਸੇ ਹੋਰ ਮੁੰਡੇ ਨਾਲ..।' ਉਸ ਦਾ ਜਵਾਬ ਜਿਵੇਂ ਠਾਹ ਕਰਕੇ ਮੇਰੇ 'ਤੇ ਵੱਜਾ। ਜਿਵੇਂ ਕੁਰਾਹੇ ਪਏ ਮੇਰੇ ਸਵਾਲਾਂ ਨੂੰ ਪਲਾਂ ਵਿੱਚ ਸਾਰੇ ਜਵਾਬ ਮਿਲ ਗਏ ਸਨ।

'ਕਿਵੇਂ..?' ਇਸ ਵਾਰ ਮੈਂ ਉਸ ਨੂੰ ਸਿਰਫ ਇਕ ਸ਼ਬਦ ਵਾਲਾ ਸਵਾਲ ਹੀ ਪੁੱਛਿਆ।

'ਉਹ ਪੰਜ ਸਾਲਾਂ ਤੀਕ ਮੇਰੇ ਨਾਲ ਰਹੀ,' ਹਰਮੀਤ ਨੇ ਗੱਲ ਸ਼ੁਰੂ ਕੀਤੀ, 'ਪਰ ਜਦੋਂ ਕੈਨੇਡਾ ਸਰਕਾਰ ਨੇ ਉਸ ਨੂੰ ਗਰੀਨ ਕਾਰਡ ਦੇ ਦਿੱਤਾ ਅਤੇ ਉਹ ਉਥੇ ਪੱਕੀ ਹੋ ਗਈ ਤਾਂ ਮੈਨੂੰ ਛੱਡ ਕੇ ਕਿਸੇ ਹੋਰ ਦੇ ਘਰ ਜਾ ਵੱਸੀ।'

'ਬਹੁਤ ਅਫਸੋਸ ਦੀ ਗੱਲ ਹੈ ਭਾਈ ਸਾਹਿਬ।' ਭਾਵੇਂ ਇਹ ਗੱਲ ਮੈਂ ਉਪਰੋਂ-ਉਪਰੋਂ ਆਖੀ ਸੀ, ਜਦੋਂ ਕਿ ਅਜਿਹਾ ਤਾਂ ਹੋਣਾ ਹੀ ਸੀ, ਪਰ ਇਕ ਵਾਰੀ ਮੈਨੂੰ ਇਸ ਤਰ੍ਹਾਂ ਕਹਿਣਾ ਹੀ ਪਿਆ।

'ਇਸ ਵਿੱਚ ਅਫਸੋਸ ਦੀ ਕਿਹੜੀ ਗੱਲ ਹੈ ਭਾਈ ਸਾਹਿਬ! ਸ਼ਾਇਦ ਤੈਨੂੰ ਪਤਾ ਨਹੀਂ ਇਸ ਵਾਰ ਵੀ ਮੈਂ ਇੰਡੀਆ ਵਿਆਹ ਕਰਵਾਉਣ ਲਈ ਹੀ ਆਇਆ ਹਾਂ।' ਉਸੇ ਤਰ੍ਹਾਂ ਬੈਠਿਆਂ ਉਸ ਨੇ ਕਿਹਾ।

'ਭਾਈ ਸਾਹਿਬ, ਤੁਸੀਂ ਇਸ ਤਰ੍ਹਾਂ ਕਦੋਂ ਤੀਕ ਕਰੋਗੇ ਜੇ ਇਸ ਵਾਰ ਵੀ ਨਵੀਂ ਵਿਆਹੀ ਕੁੜੀ ਪੰਜ ਸਾਲਾਂ ਬਾਅਦ ਧੋਖਾ ਦੇ..?' ਮੇਰੀ ਗੱਲ ਅਜੇ ਅਧੂਰੀ ਸੀ ਕਿ ਹਰਮੀਤ ਨੇ ਜ਼ੋਰ ਦਾ ਠਾਹਕਾ ਮਾਰਿਆ ਅਤੇ ਖੀ-ਖੀ ਕਰਦਾ ਹੋਇਆ ਬੋਲਣ ਲੱਗਿਆ, 'ਭਾਈ ਸਾਹਿਬ, ਕਿੰਨੇ ਭੋਲੇ ਹੋ ਤੁਸੀਂ! ਇਹ ਤਾਂ ਬਹੁਤ ਸਿੱਧੀ ਜਿਹੀ ਗੱਲ ਹੈ। ਪਹਿਲੀ ਕੁੜੀ ਨਾਲ ਮੇਰੀ ਉਮਰ ਦੇ ਪੰਜ ਵਰ੍ਹੇ ਤਾਂ ਬਹੁਤ ਮੌਜ ਨਾਲ ਨਿਕਲੇ। ਇਨ੍ਹਾਂ ਪੰਜ ਸਾਲਾਂ ਵਿੱਚ ਜਦੋਂ ਤੀਕ ਉਹ ਪੱਕੀ ਨਹੀਂ ਹੋਈ ਮੇਰੀ ਪੂਰੀ ਕੇਅਰ ਕਰਦੀ ਰਹੀ। ਉਸ ਨੇ ਮੇਰੀ ਖੂਬ ਸੇਵਾ ਵੀ ਕੀਤੀ। ਠੀਕ ਹੈ ਉਹ ਮੇਰੇ ਬੱਚੇ ਦੀ ਮਾਂ ਨਹੀਂ ਬਣੀ, ਪਰ ਪੰਜ ਸਾਲਾਂ ਤੀਕ ਉਸ ਨੇ ਮੈਨੂੰ ਉਹ ਸੁਖ ਵੀ ਦਿੱਤਾ। ਉਸ ਦੇ ਕੈਨੇਡਾ ਪਹੁੰਚਦਿਆਂ ਹੀ ਮੈਨੂੰ ਪਤਾ ਲੱਗ ਗਿਆ ਸੀ ਕਿ ਉਸ ਦਾ ਇਸ਼ਕ ਮੇਰੇ ਘਰ ਨੇੜੇ ਰਹਿੰਦੇ ਇਕ ਮੁੰਡੇ ਨਾਲ ਮਹੀਨੇ ਬਾਅਦ ਹੀ ਚੱਲ ਪਿਆ ਸੀ। ਉਹੀ ਜਿਸ ਦੇ ਘਰ ਹੁਣ ਉਹ ਜਾ ਵੱਸੀ ਹੈ, ਪਰ ਇਹ ਸਭ ਹੋਣ 'ਤੇ ਮੈਨੂੰ ਕੋਈ ਫਰਕ ਨਹੀਂ ਪਿਆ।'

'ਕਿਉਂ ਫਰਕ ਨਹੀਂ ਪਿਆ?' ਮੈਂ ਉਸ ਦੀ ਟੁਰਦੀ ਗੱਲ ਨੂੰ ਕੱਟ ਕੇ ਪੁੱਛਿਆ।

'ਫਰਕ ਇਸ ਲਈ ਨਹੀਂ ਪਿਆ ਕਿ ਮੈਂ ਕਿਹੜਾ ਇੰਡੀਆ ਤੋਂ ਉਸ ਨੂੰ ਅਸਲੀ ਪਤਨੀ ਬਣਾ ਕੇ ਲੈ ਆਇਆ ਸੀ।'

'ਕਿਉਂ ਲੈ ਕਿਉਂ ਨਹੀਂ ਗਏ? ਕੀ ਤੁਸੀਂ ਉਸ ਨਾਲ ਵਿਆਹ ਨਹੀਂ ਕਰਵਾਇਆ ਸੀ? ਕੀ ਉਸ ਨਾਲ ਚਾਰ ਲਾਵਾਂ ਨਹੀਂ ਲਈਆਂ ਸਨ?' ਇਸ ਵਾਰੀ ਮੈਂ ਉਸ ਨੂੰ ਤਿੱਖੀ ਸੁਰ ਵਿੱਚ ਇਕੱਠੇ ਤਿੰਨ ਸਵਾਲ ਪੁੱਛੇ।

'ਚਾਰ ਲਾਵਾਂ ਲੈਣ ਨਾਲ ਹਰ ਇਕ ਔਰਤ ਲੋਕਾਂ ਤੇ ਧਰਮ ਦੀਆਂ ਨਜ਼ਰਾਂ ਵਿੱਚ ਪਤਨੀ ਜ਼ਰੂਰ ਬਣ ਜਾਂਦੀ ਹੈ। ਉਹ ਪਤਨੀ ਦੇ ਸਾਰੇ ਹੱਕ ਵੀ ਸਾਂਭ ਲੈਂਦੀ ਹੈ, ਪਰ ਪਤਨੀ ਬਣਦੇ ਵੇਲੇ ਕੀ ਉਹਦੇ ਮਨ ਵਿੱਚ ਸੱਚਾਈ ਹੁੰਦੀ ਹੈ? ਇਹ ਵੀ ਤਾਂ ਹੋ ਸਕਦਾ ਹੈ ਕਿ ਉਹ ਇਹ ਸਭ ਦਿਖਾਵੇ ਲਈ ਜਾਂ ਮਜਬੂਰੀ ਵਿੱਚ ਕਰ ਰਹੀ ਹੋਵੇ। ਤੁਸੀਂ ਪਹਿਲੀ ਕੁੜੀ ਨੇ ਨੱਸ ਜਾਣ ਵੱਲ ਇਸ਼ਾਰਾ ਕੀਤਾ। ਇਹ ਤਾਂ ਸਿੱਧੀ ਜਿਹੀ ਗੱਲ ਹੈ। ਇਸ ਵੇਲੇ ਮੈਂ ਚਾਲੀ ਦਾ ਹਾਂ। ਜੇ ਮੇਰੀ ਉਮਰ ਸੱਠ, ਪੈਂਹਠ ਜਾਂ ਸੱਤਰ ਦੀ ਹੋਈ ਤਾਂ ਮੈਨੂੰ ਪੰਜ ਵਰ੍ਹੇ ਦੇ ਹਿਸਾਬ ਨਾਲ ਪੰਜ ਛੇ ਕੁੜੀਆਂ ਦੀ ਲੋੜ ਤਾਂ ਪਵੇਗੀ। ਫਿਰ ਇਹ ਕੀ ਮੁਸ਼ਕਿਲ ਹੈ, ਆਪੇ ਮਿਲ ਜਾਣਗੀਆਂ।'

'ਪਰ ਹਰਮੀਤ ਜੀ, ਤੁਹਾਨੂੰ ਸੱਠ, ਪੈਂਹਠ, ਸੱਤਰ ਸਾਲ ਦੀ ਉਮਰ ਵਿੱਚ ਕੁੜੀ ਕੌਣ ਦੇਵੇਗਾ? ਕੀ ਤੁਸੀਂ ਤਕ ਤੀਕ ਬੁੱਢੇ..?' ਮੈਂ ਗੱਲ ਅਧੂਰੀ ਛੱਡ ਦਿੱਤੀ।

ਇਸ ਵਾਰ ਉਸ ਨੇ ਠਹਾਕਾ ਤਾਂ ਨਹੀਂ ਮਾਰਿਆ, ਪਰ ਖੀ-ਖੀ ਜ਼ਰੂਰ ਕਰਨ ਲੱਗਿਆ। ਛੇਤੀ ਹੀ ਆਪਣੇ ਹਾਸੇ 'ਤੇ ਕਾਬੂ ਪਾ ਕੇ ਉਹ ਬੋਲਣ ਲੱਗਿਆ, 'ਇਸ ਵੇਲੇ ਮੈਂ ਚਾਲੀ ਸਾਲਾਂ ਦਾ ਹਾਂ। ਇਨ੍ਹਾਂ ਦਿਨਾਂ ਵਿੱਚ ਪੰਜਾਬ ਵਿੱਚ ਚਾਰ ਕੁੜੀਆਂ ਵੇਖ ਚੁੱਕਿਆ ਹਾਂ, ਜਿਹੜੀਆਂ ਅਠਾਰਾਂ-ਵੀਹ ਸਾਲਾਂ ਦੀਆਂ ਸਨ। ਉਹ ਸਾਰੀਆਂ ਵਿਆਹ ਕਰਵਾ ਕੇ ਮੇਰੇ ਨਾਲ ਕੈਨੇਡਾ ਜਾਣ ਲਈ ਤਿਆਰ ਹਨ। ਇਥੇ ਦਿੱਲੀ ਵਿੱਚ ਜਿਹੜੀ ਕੁੜੀ ਅੱਜ ਮੈਂ ਵੇਖਣ ਜਾ ਰਿਹਾ ਹਾਂ, ਉਹ ਵੀ ਉਨ੍ਹੀ ਸਾਲਾਂ ਦੀ ਹੈ। ਲੱਗਦਾ ਹੈ ਉਹ ਮੇਰੇ ਨਾਲ ਵਿਆਹ ਕਰਵਾਉਣ ਨੂੰ ਰਾਜ਼ੀ ਹੋ ਜਾਵੇਗੀ ਕਿਉਂਕਿ ਉਸ ਲਈ ਤੇ ਉਹਦੇ ਮਾਪਿਆਂ ਲਈ ਇਹ ਵਿਆਹ ਕੋਈ ਮਾਅਨੇ ਰੱਖਦਾ ਹੀ ਨਹੀਂ। ਬੱਸ ਉਹ ਤਾਂ ਚਾਹੁੰਦੇ ਹਨ ਕਿ ਉਨ੍ਹਾਂ ਦੀ ਧੀ ਕਿਸੇ ਨਾ ਕਿਸੇ ਤਰ੍ਹਾਂ ਕੈਨੇਡਾ ਜਾ ਕੇ ਇਕ ਵਾਰੀ ਪੱਕੀ ਹੋ ਜਾਵੇ, ਫਿਰ ਉਸ ਦੇ ਸਹਾਰੇ ਉਨ੍ਹਾਂ ਦਾ ਸਾਰਾ ਟੱਬਰ ਹੀ ਕੈਨੇਡਾ ਪਹੁੰਚ ਡਾਲਰਾਂ ਵਿੱਚ ਖੇਡਣ ਲੱਗ ਜਾਵੇਗਾ। ਜਦੋਂ ਮੈਨੂੰ ਚਾਲੀ ਸਾਲ ਦੇ ਨੂੰ ਅਠਾਰਾਂ ਤੋਂ ਵੀਹ ਸਾਲਾਂ ਤੀਕ ਦੀਆਂ ਕੁੜੀਆਂ ਮਿਲਦੀਆਂ ਹਨ ਤਾਂ ਜਦੋਂ ਮੈਂ ਸੱਠ, ਪੈਂਹਠ ਜਾਂ ਸੱਤਰ ਦਾ ਹੋ ਜਾਵਾਂਗਾ ਕੀ ਮੈਨੂੰ ਚਾਲੀ ਸਾਲਾਂ..?'

ਇੰਨਾ ਆਖ ਉਹ ਪਹਿਲਾਂ ਵਾਂਗ ਖੀ-ਖੀ ਕਰਨ ਲੱਗਿਆ। ਇਸ ਵਾਰੀ ਉਸ ਨੇ ਗੱਲ ਇਥੇ ਹੀ ਛੱਡ ਦਿੱਤੀ।

ਉਸ ਦੀ ਗੱਲ ਤਾਂ ਪੱਥਰ 'ਤੇ ਵੱਜੀ ਲਕੀਰ ਸੀ, ਜਿਸ ਨੂੰ ਨਾ ਮਿਟਾਇਆ ਜਾ ਸਕਦਾ ਸੀ ਅਤੇ ਨਾ ਝੁਠਲਾਇਆ। ਇਸ ਤੋਂ ਅੱਗੇ ਤਾਂ ਕਹਿਣ ਲਈ ਕੁਝ ਬਚਿਆ ਹੀ ਨਹੀਂ ਸੀ। ਉਸ ਨੇ ਜੋ ਕਿਹਾ, ਸਭ ਸੱਚ ਹੀ ਸੀ।

ਮੇਰੀ ਤੇ ਹਰਮੀਤ ਦੀ ਗੱਲ ਮੁੱਕ ਗਈ ਸੀ। ਸ਼ੰਕਾਵਾਂ ਦਾ ਹੱਲ ਮੇਰੇ ਸਾਹਮਣੇ ਸੀ। ਵੀਲ੍ਹਚੇਅਰ 'ਤੇ ਬੈਠਿਆਂ ਹਰਮੀਤ ਨੇ ਇਕ ਵਾਰੀ ਜਿੱਤ ਦੀ ਸ਼ਕਲ ਬਣਾ ਮੇਰੇ ਵੱਲ ਵੇਖਿਆ ਅਤੇ ਫਿਰ ਉਹ ਵੀਲ੍ਹਚੇਅਰ ਨੂੰ ਚਲਾਉਂਦਾ ਹੋਇਆ ਪੰਜਵੀਂ ਕੁੜੀ ਵੇਖਣ ਲਈ ਬਾਹਰ ਖੜੀ ਕਾਰ ਵੱਲ ਟੁਰ ਪਿਆ।

## ਮੁੱਖ ਅਧਿਆਪਕ ਵੱਲੋਂ ਮੁੱਖ ਦੁਆਰ 'ਤੇ ਟਹਿਲਣ ਦਾ ਅਸਰ ਪਿਆ

-ਲਾਲ ਚੰਦ ਸਿਰਸੀਵਾਲਾ

ਗੱਲ ਚਾਲੀ ਸਾਲ ਪਹਿਲਾਂ ਦੀ ਹੈ। ਨੌਵੀਂ ਜਮਾਤ ਵਿੱਚ ਸ਼ਹਿਰ ਦੇ ਸਕੂਲ ਵਿੱਚ ਦਾਖਲਾ ਲਿਆ। ਸਕੂਲ ਦਾ ਮਾਹੌਲ ਅਜੀਬ ਜਿਹਾ ਸੀ। ਮੇਲੇ ਵਾਂਗ ਕੋਈ ਆ ਅਤੇ ਕੋਈ ਜਾ ਰਿਹਾ ਹੁੰਦਾ। ਕਿਸੇ ਤਰ੍ਹਾਂ ਦੀ ਟੋਕਾ ਟਾਕੀ ਨਹੀਂ ਸੀ। ਪੜ੍ਹਨ ਵਾਲੇ ਵਿਦਿਆਰਥੀ ਤੇ ਪੜ੍ਹਾਉਣ ਵਾਲੇ ਅਧਿਆਪਕ ਚਾਹੁੰਦੇ ਹੋਏ ਵੀ ਹਾਲਾਤ ਵਿੱਚ ਸੁਧਾਰ ਵਾਸਤੇ ਵਿਰੋਧ ਦੇ ਡਰੋਂ ਨਾ ਬੋਲਦੇ, ਕਿਉਂਕਿ ਕੁਝ ਅਧਿਆਪਕ ਤੇ ਵਿਦਿਆਰਥੀ ਫਰਲੋ ਮਾਰਨਾ ਆਪਣਾ ਹੱਕ ਸਮਝਦੇ ਸਨ। ਇਸ ਵਗਦੀ ਗੰਗਾ ਵਿੱਚ ਅਸੀਂ ਵੀ ਕਦੀ-ਕਦੀ ਹੱਥ ਧੋ ਲੈਂਦੇ ਸਾਂ। ਕਈ ਅਧਿਆਪਕ ਜੀਅ ਜਾਨ ਨਾਲ ਪੜ੍ਹਾਉਂਦੇ ਤੇ ਬਾਕੀ ਬੱਸ ਡਿਊਟੀ ਪੂਰੀ ਕਰਦੇ। ਦੋ ਕੁ ਮਹੀਨੇ ਬਾਅਦ ਨਵੇਂ ਮੁੱਖ ਅਧਿਆਪਕ ਆ ਗਏ। ਸ਼ਹਿਰ ਦੇ ਹੀ ਵਸਨੀਕ ਹੋਣ ਕਾਰਨ ਲੋਕ ਉਨ੍ਹਾਂ ਦੇ ਸਮੇਂ ਅਤੇ ਅਨੁਸ਼ਾਸਨ ਦੇ ਪਾਬੰਦ ਸੁਭਾਅ ਤੋਂ ਜਾਣੂ ਸਨ। ਵਿਦਿਆਰਥੀਆਂ ਅਤੇ ਅਧਿਆਪਕਾਂ 'ਚ ਉਨ੍ਹਾਂ ਦੇ ਸਖਤ ਸੁਭਾਅ ਬਾਰੇ ਅਗਲੇ ਹਾਲਾਤ ਸਬੰਧੀ ਘੁਸਰ ਮੁਸਰ ਹੋਣ ਲੱਗੀ। ਦੋ ਤਿੰਨ ਦਿਨ ਉਨ੍ਹਾਂ ਸਕੂਲ ਦੀ ਹਰ ਸਰਗਰਮੀ ਦਾ ਜਾਇਜ਼ਾ ਲਿਆ। ਸਬ ਕੁਝ ਜਾਣਨ ਪਿੱਛੋਂ ਉਨ੍ਹਾਂ ਸਵੇਰ ਦੀ ਸਭਾ ਸਮੇਂ ਦਿਲ ਨੂੰ ਟੁੰਬਣ ਵਾਲਾ ਭਾਸ਼ਣ ਦਿੱਤਾ, 'ਬੱਚਿਓ! ਤੁਹਾਡੇ ਮਾਂ ਬਾਪ ਹੱਡ ਭੰਨਵੀਂ ਮਿਹਨਤ ਕਰ ਕੇ ਕਮਾਏ ਪੈਸੇ ਨਾਲ ਤੁਹਾਨੂੰ ਪੜ੍ਹਨ ਭੇਜਦੇ ਨੇ, ਤੁਹਾਡਾ ਫਰਜ਼ ਹੈ ਕਿ ਉਨ੍ਹਾਂ ਦੇ ਅਰਮਾਨ ਪੂਰੇ ਕਰਨ ਵਾਸਤੇ ਪੜ੍ਹਾਈ ਵੱਲ ਧਿਆਨ ਦਿਓ। ਵੇਲੇ ਕੁਵੇਲੇ ਘਰ ਦੇ ਕੰਮ ਵਿੱਚ ਵੀ ਹੱਥ ਵਟਾਉਣਾ ਚਾਹੀਦਾ ਹੈ। ਅਧਿਆਪਕ ਸਾਹਿਬਾਨ! ਸਰਕਾਰ ਸਾਨੂੰ ਬੱਚਿਆਂ ਨੂੰ ਵਿੱਦਿਆ ਦੇਣ ਵਾਸਤੇ ਤਨਖਾਹ ਦਿੰਦੀ ਹੈ। ਜੇ ਅਸੀਂ ਇਮਾਨਦਾਰੀ ਨਾਲ ਆਪਣਾ ਫਰਜ਼ ਪੂਰਾ ਨਹੀਂ ਕਰਾਂਗੇ ਤਾਂ ਉਹ ਪੈਸਾ ਸਾਨੂੰ ਵਫਾ ਨਹੀਂ ਕਰੇਗਾ। ਆਓ! ਚੰਗੇ ਭਵਿੱਖ ਲਈ ਜੁੱਟ ਜਾਈਏ।

'ਆ ਗਿਆ ਵੱਡਾ ਸਮਾਜ ਸੁਧਾਰਕ? ਨਵੇਂ-ਨਵੇਂ ਇੰਜ ਕਰਦੇ ਹੀ ਹੁੰਦੇ ਨੇ', ਇਹ ਕਹਿ ਕੇ ਗੱਲ ਆਈ ਗਈ ਕਰ ਦਿੱਤੀ ਗਈ। ਬਹੁਤਾ ਅਸਰ ਨਾ ਹੋਇਆ ਦੇਖ ਕੇ ਕੁਝ ਦਿਨਾਂ ਬਾਅਦ ਫਿਰ ਸਵੇਰ ਦੀ ਸਭਾ ਸਮੇਂ ਉਨ੍ਹਾਂ ਲੇਟ ਹੋਣ ਤੇ ਛੁੱਟੀ ਮੰਗਣ ਵਾਲੇ ਬਹਾਨਿਆਂ ਦੀ ਚਰਚਾ ਕੀਤੀ ਤੇ ਕਿਹਾ ਕਿ ਬਹਾਨੇ ਕਦੇ-ਕਦੇ ਤਾਂ ਕਾਰਗਰ ਹੋ ਸਕਦੇ ਹਨ, ਰੋਜ਼ ਨਹੀਂ। ਉਨ੍ਹਾਂ ਪਹਿਲੇ ਭਾਸ਼ਣ ਦੇ ਅੰਸ਼ ਵੀ ਚੇਤੇ ਕਰਵਾਏ। ਉਹ ਖੁਦ ਸਮੇਂ ਤੋਂ ਪਹਿਲਾਂ ਸਕੂਲ ਆ ਕੇ ਮੁਆਇਨਾ ਕਰਦੇ ਮੁੱਖ ਦੁਆਰ ਦੇ ਨੇੜੇ ਤੇੜੇ ਟਹਿਲਣ ਲੱਗਦੇ ਤਾਂ ਕਿ ਲੇਟ ਆਉਣ ਵਾਲੇ ਦਾ ਉਨ੍ਹਾਂ ਨਾਲ ਸਾਹਮਣਾ ਹੋ ਸਕੇ। ਜੋ ਦੇਰੀ ਨਾਲ ਆਉਂਦਾ, ਨੀਵੀਂ ਜਿਹੀ ਪਾ ਕੇ ਸਤਿ ਸ੍ਰੀ ਅਕਾਲ ਕਹਿ ਕੇ ਕੋਈ ਬਹਾਨਾ ਛੋਹ ਲੈਂਦਾ, 'ਸਰ, ਬੱਸ ਲੇਟ ਹੋ ਗਈ।' ਉਨ੍ਹਾਂ ਦਾ ਜਵਾਬ ਹੁੰਦਾ, 'ਹਾਂ ਹਾਂ, ਹੋ ਜਾਂਦੀ ਐ ਕਦੀ-ਕਦੀ, ਚਲੋ ਤੇ ਪੜ੍ਹੋ।' ਕੋਈ ਕਹਿੰਦਾ, 'ਸਰ, ਸਾਈਕਲ ਪੈਂਚਰ ਹੋ ਗਿਆ ਸੀ।' 'ਹਾਂ ਹਾਂ, ਹੋ ਜਾਂਦੈ ਕਦੀ-ਕਦੀ।' 'ਸਰ ਇਹ ਹੋ ਗਿਆ, ਸਰ ਅਹੁ ਹੋ ਗਿਆ।' ਮੁੱਖ ਅਧਿਆਪਕ ਬੱਸ 'ਕਦੇ-ਕਦੇ' ਸ਼ਬਦ ਉਤੇ ਜ਼ੋਰ ਦਿੰਦੇ। ਜੋ ਇਕ ਵਾਰ ਲੇਟ ਹੋ ਗਿਆ, ਉਹ ਦੁਬਾਰਾ ਬਹਾਨਾ ਲਾਉਣ ਤੋਂ ਬਚਣ ਲੱਗਾ। ਕੁਝ ਦਿਨਾਂ ਵਿੱਚ ਸਾਰਾ ਸਕੂਲ ਸਮੇਂ ਸਿਰ ਆਉਣ ਲੱਗਾ ਤੇ ਵਾਹਵਾ ਪੜ੍ਹਾਈ ਹੋਣ ਲੱਗ ਪਈ। ਇਹੀ ਨਹੀਂ, ਸਕੂਲ ਨੇ ਪੜ੍ਹਾਈ ਤੇ ਖੇਡਾਂ ਵਿੱਚ ਮੱਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

ਸਕੂਲ ਵਿੱਚ ਬਾਂਗਰ ਬੋਲਦੇ ਪਿੰਡਾਂ ਦੇ ਬੱਚੇ ਵੀ ਸਨ। ਮਧਰੇ ਕੱਦ ਦੇ ਮਾਲਕ ਮੁੱਖ ਅਧਿਆਪਕ ਬਾਰੇ ਉਹ ਆਪਣੀ ਬੋਲੀ ਵਿੱਚ ਇੰਜ ਗੱਲਾਂ ਕਰਦੇ, 'ਭਹਾਈ ਮਾਰ੍ਹਾਂ ਹੈਡ ਮਾਸਟਰ ਜਿਤਨਾ ਧਰਤੀ ਕੇ ਉਪਰ ਆ, ਉਤਨਾ ਧਰਤੀ ਮੇਂ ਆ। ਬਬਰੇ ਨੇ ਕੈਸਾ ਢੰਗ ਨਕਾਲਿਆ, ਸਾਰੇ ਟੇਮ ਪੇ ਆਣ ਲੱਗਏ। ਅਬ ਕਿਸੀ ਸੁਸਰੇ ਕੀ ਨਾਂ ਬੱਸ ਲੇਟ ਹੋਵੇ, ਨਾਂ ਸੈਕਲ ਪੈਂਚਰ, ਪੇਟ ਔਰ ਸਿਰ ਤੋ ਦੁਖਤਾ ਈ ਨਹੀਂ।' ਉਨ੍ਹਾਂ ਦੇ ਆਖੇ ਸ਼ਬਦ ਕੱਲ੍ਹ ਵਾਂਗ ਯਾਦ ਨੇ।

## ਹਲਕਾ ਫੁਲਕਾ

ਮਾਂ (ਬੱਚੇ ਨੂੰ), ''ਚਿੰਟੂ, ਤੂੰ ਮਠਿਆਈ ਚੋਰੀ ਕਰ ਕੇ ਨਹੀਂ ਖਾ ਸਕੇਂਗਾ। ਮੈਂ ਉਹ ਕਾਫੀ ਉਚਾਈ 'ਤੇ ਰੱਖ ਦਿੱਤੀ ਹੈ। ਤੇਰਾ ਹੱਥ ਬਰਫੀ ਤੱਕ ਨਹੀਂ ਪਹੁੰਚੇਗਾ ਅਤੇ ਜੇ ਕੋਸ਼ਿਸ਼ ਕੀਤੀ ਤਾਂ ਡੈਡੀ ਨੂੰ ਤੇਰੀ ਸ਼ਿਕਾਇਤ ਕਰ ਦੇਵਾਂਗੀ।''

ਥੋੜ੍ਹੀ ਦੇਰ ਬਾਅਦ ਆਵਾਜ਼ ਆਈ, ਬੱਚਾ ਕਹਿ ਰਿਹਾ ਸੀ, ''ਮੰਮੀ, ਮੇਰਾ ਹੱਥ ਪਹੁੰਚ ਗਿਆ ਹੈ ਅਤੇ ਡੈਡੀ ਨੂੰ ਸ਼ਿਕਾਇਤ ਕਰਨ ਦਾ ਕੋਈ ਫਾਇਦਾ ਨਹੀਂ, ਕਿਉਂਕਿ ਮੈਂ ਡੈਡੀ ਦੇ ਮੋਢਿਆਂ 'ਤੇ ਬੈਠਕੇ ਮਠਿਆਈ ਕੱਢ ਰਿਹਾ ਹਾਂ।''

*********

ਇੱਕ ਵਾਰ ਰੇਲ ਗੱਡੀ ਵਿੱਚ ਦੋ ਮੁਸਾਫਰਾਂ ਵਿੱਚ ਝਗੜਾ ਹੋ ਰਿਹਾ ਸੀ। ਇੱਕ ਖਿੜਕੀ ਖੋਲ੍ਹ ਦਿੰਦਾ ਅਤੇ ਕਹਿੰਦਾ ਸੀ, ''ਗਰਮੀ ਲੱਗ ਰਹੀ ਹੈ, ਇਸ ਲਈ ਖਿੜਕੀ ਖੁੱਲ੍ਹੀ ਰਹਿਣ ਦਿਓ।''

ਦੂਜਾ ਖਿੜਕੀ ਬੰਦ ਕਰ ਦਿੰਦਾ ਸੀ ਅਤੇ ਕਹਿੰਦਾ, ''ਠੰਢ ਲੱਗ ਰਹੀ ਹੈ, ਇਸ ਲਈ ਖਿੜਕੀ ਬੰਦ ਰਹਿਣ ਦਿਓ।''


ਜਦੋਂ ਉਨ੍ਹਾਂ ਨੂੰ ਝਗੜਦੇ ਕਾਫੀ ਦੇਰ ਹੋ ਗਈ ਤਾਂ ਤੀਜੇ ਮੁਸਾਫਰ ਨੇ ਕਿਹਾ, ''ਕਿਉਂ ਝਗੜਦੇ ਹੋ ਭਰਾ। ਕੋਈ ਫਰਕ ਨਹੀਂ ਪੈਂਦਾ, ਕਿਉਂਕਿ ਖਿੜਕੀ ਦਾ ਫਰੇਮ ਹੀ ਹੈ, ਇਸ ਵਿੱਚ ਸ਼ੀਸ਼ਾ ਨਹੀਂ।''

*********

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224

# ਨਾਗ ਛੇੜ ਲਿਆ ਕਾਲਾ, ਮੰਤਰ ਯਾਦ ਨਹੀਂ

-ਰਣਜੀਤ ਧੀਰ

ਯੂਨਾਨੀ ਮਿਥਿਹਾਸ ਵਿੱਚ ਇੱਕ ਅਖੌਤ ਹੈ, ਕਿ ਜਿਹੜੇ ਬੰਦਿਆਂ ਨੂੰ ਰੱਬ ਮਾਰਨਾ ਚਾਹੁੰਦੈ, ਪਹਿਲਾਂ ਉਨ੍ਹਾਂ ਨੂੰ ਕਮਲੇ ਕਰਦੈ। ਬਰਤਾਨਵੀ ਲੋਕ ਬ੍ਰੈਗਜ਼ਿਟ ਦੇ ਰੋਣੇ ਕਰ ਕੇ ਕਮਲੇ ਹੋਏ ਪਏ ਹਨ। ਜੂਨ 2016 ਦੀ ਰਾਇਸ਼ੁਮਾਰੀ ਵਿੱਚ ਲੋਕਾਂ ਨੇ ਯੂਰਪੀ ਯੂਨੀਅਨ ਵਿੱਚੋਂ ਨਿਕਲਣ ਦਾ ਫੈਸਲਾ ਕਰ ਦਿੱਤਾ ਸੀ, ਪਰ ਰੌਲਾ ਇਹ ਹੈ ਕਿ ਹਾਊਸ ਆਫ ਕਾਮਨਜ਼ ਤੇ ਹਾਊਸ ਆਫ ਲਾਰਡਜ਼ ਪਾਰਲੀਮੈਂਟ ਦੇ ਦੋਵੇਂ ਸਦਨ ਇਸ ਫੈਸਲੇ ਦੇ ਖਿਲਾਫ ਹਨ। ਇਸ ਸਮੇਂ ਪਾਰਲੀਮੈਂਟ ਲੋਕਾਂ ਦੇ ਜਮਹੂਰੀ ਫੈਸਲੇ ਵਿੱਚ ਅੜਿੱਕਾ ਬਣੀ ਖੜ੍ਹੀ ਹੈ। ਮੱਧ ਯੁੱਗੀ ਸਮਿਆਂ ਤੋਂ ਬਾਅਦ ਦੁਨੀਆ ਦੇ ਕਿਸੇ ਵੀ ਖਿੱਤੇ ਵਿੱਚ ਯੂਰਪ ਵਰਗੀ ਜੰਗੀ ਹਿੰਸਾ ਅਤੇ ਮਾਰਧਾੜ ਨਹੀਂ ਹੋਈ।

ਨੈਪੋਲੀਅਨ ਅਤੇ ਹਿਟਲਰ ਦੀਆਂ ਜੰਗਾਂ ਅਸੀਂ ਜਾਣਦੇ ਹਾਂ। ਵੀਹਵੀਂ ਸਦਗੀ ਦੀਆਂ ਦੋ ਸੰਸਾਰ ਜੰਗਾਂ ਵਿੱਚ 14 ਕਰੋੜ ਬੰਦੇ ਮਾਰੇ ਗਏ। ਯੂਰਪ ਵਿੱਚ ਸ਼ਾਇਦ ਹੀ ਕੋਈ ਘਰ ਸਾਬਤ ਸਬੂਤਾ ਬਚਿਆ ਹੋਵੇ। ਇਕੱਲਾ ਜਰਮਨੀ ਨਹੀਂ, ਸਾਰਾ ਯੂਰਪ ਹਾਰ ਗਿਆ। ਆਰਥਿਕ ਪੱਖੋਂ ਦੀਵਾਲਾ ਨਿਕਲ ਗਿਆ, ਦੂਰ ਦੁਰਾਡੀਆਂ ਬਸਤੀਆਂ ਨੂੰ ਆਜ਼ਾਦੀ ਦੇਣੀ ਪਈ। ਯੂਰਪ ਦੇ ਧਾੜਵੀ ਦੌਰ ਦਾ ਇਹ ਅੰਤ ਸੀ। ਜੰਗਾਂ ਦਾ ਰਾਹ ਖੋਲ੍ਹ ਦਿੱਤਾ। ਸੰਯੁਕਤ ਰਾਸ਼ਟਰ, ਵਿਸ਼ਵ ਬੈਂਕ, ਵਿਸ਼ਵ ਸਿਹਤ ਸੰਗਠਨ ਅਤੇ ਮਨੁੱਖੀ ਅਧਿਕਾਰਾਂ ਦੀ ਅਦਾਲਤ ਬਣਾ ਕੇ ਦੇਸ਼ਾਂ-ਮੁਲਕਾਂ ਵਿੱਚ ਆਪਸੀ ਸਹਿਯੋਗ ਦੇ ਮੌਕੇ ਪੈਦਾ ਕਰ ਦਿੱਤੇ। ਸਾਲ 1963 ਵਿੱਚ ਯੂਰਪੀਅਨ ਕਾਮਨ ਮਾਰਕੀਟ ਇੱਕ ਵਪਾਰਕ ਸੰਸਥਾ ਦੀ ਸ਼ਕਲ ਵਿੱਚ ਸ਼ੁਰੂ ਹੋਈ, ਪਰ ਹੌਲੀ ਹੌਲੀ ਯੂਰਪੀਅਨ ਯੂਨੀਅਨ ਬਣ ਗਈ। ਇਸ ਸਹਿਯੋਗੀ ਮਾਹੌਲ ਕਾਰਨ ਬੀਤੇ 74 ਸਾਲਾਂ ਵਿੱਚ ਪੂਰਬੀ ਯੂਰਪ ਦੀ ਬੋਸਨੀਆ ਵਾਲੀ ਜੰਗ ਤੋਂ ਬਿਨਾਂ ਇਥੇ ਮੁਕੰਮਲ ਸ਼ਾਂਤੀ ਰਹੀ। ਸਨਅਤੀ ਤਰੱਕੀ, ਖੁਸ਼ਹਾਲੀ, ਲੋਕਤੰਤਰੀ ਪ੍ਰਣਾਲੀ ਅਤੇ ਸ਼ਖਸੀ ਆਜ਼ਾਦੀਆਂ ਸਦਕਾ ਵੇਖਦਿਆਂ-ਵੇਖਦਿਆਂ ਯੂਰਪ ਰਾਮ ਰਾਜ ਬਣ ਗਿਆ। ਲੰਡਨ, ਪੈਰਿਸ, ਰੋਮ ਬਰਲਿਨ ਤੋਂ ਲੈ ਕੇ ਧੁਰ 'ਤੇ ਆਈਸਲੈਂਡ ਅਤੇ ਦੱਖਣ ਵਿੱਚ ਸਪੇਨ, ਪੁਰਤਗਾਲ, ਰੋਮਾਨੀਆ, ਯੂਨਾਨ ਤੀਕ ਕਿਤੇ ਚਲੇ ਜਾਓ, ਕੋਈ ਰੋਕ ਨਹੀਂ। ਲੋਕਾਂ ਨੂੰ ਯੂਰਪੀ ਯੂਨੀਅਨ ਦੇ ਪਾਸਪੋਰਟ ਦੇ ਦਿੱਤੇ। ਨਵੀਂ ਯੂਰੋ ਕਰੰਸੀ ਚਲਾ ਦਿੱਤੀ। ਲੋਕਾਂ ਵਿੱਚ ਸੰਪਰਕ ਵੱਧਦੇ ਗਏ।

ਅੱਜ ਯੂਰਪੀ ਯੂਨੀਅਨ ਦੇ 28 ਦੇਸ਼ਾਂ ਵਿੱਚ ਆਪਣੀ ਪੁਰਾਣੀ ਕੌਮੀ ਚੇਤਨਾ ਤੋਂ ਵੱਧ ਕੇ ਯੂਰਪੀ ਹੋਣ ਦੀ ਚੇਤਨਾ ਵਧੀ ਫੁੱਲੀ ਹੈ। ਬੀਤੇ 74 ਸਾਲਾਂ ਵਿੱਚ ਸਾਰੀਆਂ ਜੰਗਾਂ ਯੂਰਪ ਤੋਂ ਬਾਹਰ ਹੋਈਆਂ ਹਨ। ਯੂਰਪ ਨੇ ਆਪਣੀਆਂ ਗਲਤੀਆਂ ਤੋਂ ਸਬਕ ਸਿੱਖ ਕੇ ਮੋੜ ਕੱਟ ਲਿਆ, ਪਰ ਏਸ਼ੀਆ ਅਫਰੀਕਾ ਦੇ ਦੇਸ਼ ਹਾਲੇ ਗਰੀਬੀ ਦੇ ਬਾਵਜੂਦ ਇੱਕ ਦੂਜੇ ਨੂੰ ਵੱਢਣ ਲਈ ਅਰਬਾਂ-ਖਰਬਾਂ ਦੇ ਹਥਿਆਰ ਖਰੀਦੀ ਜਾਂਦੇ ਹਨ। ਮਨ ਵਿੱਚ ਆਉਂਦੈ, ਕੀ ਕਾਰਨ ਹੈ ਭਾਰਤ, ਪਾਕਿਸਤਾਨ, ਬੰਗਲਾ ਦੇਸ਼, ਮਿਆਂਮਾਰ, ਸ੍ਰੀਲੰਕਾ, ਭੂਟਾਨ, ਨੇਪਾਲ, ਥਾਈਲੈਂਡ, ਮਲੇਸ਼ੀਆ ਅਤੇ ਸਿੰਗਾਪੁਰ ਇਸ ਤਰ੍ਹਾਂ ਦੀ ਸਾਂਝੀ ਯੂਨੀਅਨ ਨਹੀਂ ਬਣਾਉਂਦੇ?

ਬਰਤਾਨੀਆ ਵਿੱਚ ਰਹਿੰਦਿਆਂ ਘੱਟ ਗਿਣਤੀਆਂ ਵਾਸਤੇ ਯੂਰਪੀ ਯੂਨੀਅਨ ਯੂਨੀਅਨ ਵਰਦਾਨ ਬਣੀ ਹੋਈ ਹੈ। ਪਹਿਲਾਂ ਪਹਿਲ ਜਦ ਕਦੇ ਅਸੀਂ ਪਾਣੀ ਵਾਲੇ ਜਹਾਜ਼ 'ਤੇ ਬਹਿ ਕੇ ਫਰਾਂਸ ਦੀ ਬੰਦਰਗਾਹ ਕੈਲੇ ਜਾਂਦੇ ਸਾਂ ਤਾਂ ਸਾਨੂੰ ਉਤਰਦਿਆਂ ਇਮੀਗਰੇਸ਼ਨ ਵਾਲੇ ਪਾਸੇ ਕਰ ਕੇ ਘੰਟਿਆਂ ਬੱਧੀ ਬਿਠਾ ਛੱਡਦੇ ਸਨ। ਅੱਜ ਕੱਲ੍ਹ ਸਾਡੇ 'ਤੇ ਕੋਈ ਰੋਕ ਨਹੀਂ। ਸਾਡੇ ਲੋਕਾਂ ਨੇ ਪੋਲੈਂਡ, ਬੋਸਨੀਆ ਤੇ ਸਪੇਨ ਵਿੱਚ ਕਾਰੋਬਾਰ ਖੋਲ੍ਹੇ ਹੋਏ ਹਨ। ਸਾਡੇ ਬੱਚੇ ਯੂਰਪੀ ਯੂਨੀਅਨ ਦੀਆਂ ਵੱਡੀਆਂ ਨੌਕਰੀਆਂ ਕਰਦੇ ਬ੍ਰਸਲਜ਼ ਰਹਿੰਦੇ ਹਨ। ਇਸ ਤੋਂ ਬਿਨਾਂ ਇੱਕ ਹੋਰ ਸਟੁਲਾ ਹੈ ਕਿ ਸਾਡੇ ਭਾਈ ਭਾਵੇਂ ਇਟਲੀ, ਯੂਨਾਨ ਜਾਂ ਪੁਰਤਗਾਲ ਵਿੱਚ ਰਹਿੰਦੇ ਹੋਣ, ਉਨ੍ਹਾਂ ਨੂੰ ਵੀ ਇਹ ਹੱਕ ਹੈ ਕਿ ਬਰਤਾਨੀਆ ਸਮੇਤ ਯੂਨੀਅਨ ਦੇ 28 ਦੇਸ਼ਾਂ ਵਿੱਚ ਕਿਤੇ ਜਾ ਕੇ ਰਹਿਣ। ਯੂਰਪੀ ਦੇਸ਼ਾਂ ਵਿੱਚ ਪੁਰਾਣੇ ਰਾਸ਼ਟਰਵਾਦੀ ਸਮਿਆਂ ਦੀਆਂ ਬਹੁਤ ਦੁਸ਼ਮਣੀਆਂ ਤੁਰੀਆਂ ਆਉਂਦੀਆਂ ਹਨ। ਬਰਤਾਨੀਆ ਦਾ ਨੈਪੋਲੀਅਨ ਵਾਲੇ ਫਰਾਂਸ ਅਤੇ ਹਿਟਲਰ ਵਾਲੇ ਜਰਮਨੀ ਨਾਲ ਕਿੰਨਾ ਵੱਡਾ ਵੈਰ ਰਿਹਾ ਹੈ, ਪਰ ਇੱਕੋ ਯੂਨੀਅਨ ਕਾਰਨ ਇਹ ਵਿਰੋਧ ਖਤਮ ਹੋ ਰਹੇ ਹਨ। ਇਸੇ ਤਰ੍ਹਾਂ ਬਰਤਾਨੀਆ ਅਤੇ ਸਪੇਨ ਵਿਚਲੇ ਜਿਬਰਾਲਟਰ ਦਾ ਰੇੜਕਾ ਹੈ। ਆਇਰਲੈਂਡ ਨਾਲ ਅਲਸਟਰ ਸੂਬੇ ਦਾ ਝਗੜਾ ਹੈ। ਯੂਨਾਨ ਦਾ ਮੈਸਡੋਨੀਆ ਅਤੇ ਸਰਬੀਆ ਅਤੇ ਬੋਸਨੀਆ ਵਿਚਾਲੇ ਕਈ ਫਸਾਦ ਹਨ, ਪਰ ਹੌਲੀ-ਹੌਲੀ ਖੁੱਲ੍ਹੇ ਫੈਡਰਲ ਢਾਂਚੇ ਵਾਲੀ ਯੂਰਪੀ ਯੂਨੀਅਨ ਕਾਰਨ ਇਹ ਪੁਰਾਣੇ ਵਿਰੋਧ ਆਪਣੇ ਆਪ ਰੱਦ ਹੋ ਰਹੇ ਹਨ।

ਇਸ ਤਰ੍ਹਾਂ ਦੇ ਬਹੁ ਸਭਿਆਚਾਰਕ ਸੰਘ ਦੀ ਸਥਾਪਤੀ ਕਾਰਨ ਉਹ ਸਾਰੇ ਪੁਰਾਣੇ ਰੂੜੀਵਾਦੀ ਰਾਸ਼ਟਰਵਾਦ ਨਰਮ ਪੈ ਰਹੇ ਹਨ ਜਿਨ੍ਹਾਂ ਕਰ ਕੇ ਯੂਰਪ ਵਿੱਚ ਸਦੀਆਂ ਤੋਂ ਜੰਗਾਂ ਤੇ ਮਾਰਧਾੜ ਚੱਲਦੀ ਰਹੀ। ਦੂਜੀ ਸੰਸਾਰ ਜੰਗ ਮਗਰੋਂ ਇਥੇ ਆਉਣ ਵਾਲੇ ਪਰਵਾਸੀਆਂ ਨੂੰ ਬਰਤਾਨਵੀ ਸਿਸਟਮ ਦੇਖ ਕੇ ਯਕੀਨ ਨਹੀਂ ਸੀ ਆਉਂਦਾ। ਇਥੋਂ ਦੇ ਸਿਸਟਮ ਵਿੱਚ ਹਰੇਕ ਵਿਅਕਤੀ ਨੂੰ ਬਰਾਬਰੀ ਤੇ ਇਨਸਾਫ, ਨਾਲੇ ਰੁਜ਼ਗਾਰ, ਸਿਹਤ ਸੇਵਾਵਾਂ, ਵਿਦਿਆ, ਪੈਨਸ਼ਨਾਂ ਹਰ ਤਰ੍ਹਾਂ ਦੀਆਂ ਸਹੂਲਤਾਂ ਦਾ ਪ੍ਰਬੰਧ ਹੈ। ਖੁਸ਼ਹਾਲ ਸੋਸ਼ਲ ਡੈਮੋਕ੍ਰੇਟਿਕ ਸਮਾਜ ਦੀ ਸਥਾਪਨਾ ਦਾ ਮਾਡਲ ਯੂਰਪ ਦੀ ਦੁਨੀਆ ਨੂੰ ਦੇਣ ਹੈ। ਉਨ੍ਹਾਂ ਇੱਕ ਨਵੇਂ ਮੋਕਲੇ ਪਰ ਰਾਸ਼ਟਰੀ, ਬਹੁ ਰਾਸ਼ਟਰੀ ਸੰਘ ਦਾ ਮਾਡਲ ਦਿੱਤਾ ਹੈ ਜਿਸ ਵਿੱਚ ਸਭ ਕੌਮੀਅਤਾਂ, ਐਤਖਿਨ ਗਰੁੱਪਾਂ ਅਤੇ ਘੱਟ ਗਿਣਤੀਆਂ ਨੂੰ ਬਾਇੱਜ਼ਤ ਜੀਵਨ ਦੇ ਮੌਕੇ ਮਿਲਣ। ਇਸ ਦੇ ਨਾਲ ਹੀ ਸੌੜੀ ਰਾਸ਼ਟਰੀਅਤਾ ਤੋਂ ਉਤਾਂਹ ਉਠ ਕੇ ਇੱਕ ਬਹੁਕੌਮੀ ਰਾਸ਼ਟਰੀਅਤਾਂ ਦਾ ਵਿਕਾਸ ਹੋ ਸਕੇ। ਇਹੋ ਜਿਹੇ ਵਧੀਆ ਮਾਡਲ ਨੂੰ ਬਰਤਾਨਵੀ ਲੋਕਾਂ ਨੇ 2016 ਵਾਲੀ ਰਾਇਸ਼ੁਮਾਰੀ ਵਿੱਚ ਕਿਉਂ ਰੱਦ ਕਰ ਦਿੱਤਾ?

ਇਸ ਦਾ ਸਿੱਧਾ-ਸਾਦਾ ਜਵਾਬ ਹੈ ਕਿ ਲੋਕ ਇਸ ਮੁਲਕ ਵਿੱਚ ਵਧੀਆ ਜਾ ਰਹੀ ਇਮੀਗਰੇਸ਼ਨ ਤੋਂ ਖੁਸ਼ ਨਹੀਂ ਹੈ। ਯੂਰਪੀ ਯੂਨੀਅਨ ਵਿੱਚ ਰਹਿੰਦੇ ਹਨ ਤਾਂ ਇਨ੍ਹਾਂ ਨੂੰ ਹਰ ਸਾਲ ਲੱਖਾਂ ਸ਼ਰਨਾਰਥੀਆਂ ਨੂੰ ਇਥੇ ਦਾਖਲਾ ਦੇਣਾ ਪੈਂਦਾ ਹੈ। ਲੋਕਾਂ ਵਿੱਚ ਤਰ੍ਹਾਂ-ਤਰ੍ਹਾਂ ਦੇ ਸ਼ੰਕੇ ਹਨ। ਆਰਥਿਕ ਮੰਦਵਾੜਾ ਹੈ, ਘਰਾਂ ਦੀ ਕਮੀ ਹੈ, ਲੋਕਾਂ ਨੂੰ ਨੌਕਰੀਆਂ ਨਹੀਂ ਮਿਲਦੀਆਂ ਅਤੇ ਇਨ੍ਹਾਂ ਸਭ ਕਾਰਨਾਂ ਕਾਰਨ ਲੋਕ ਇਮੀਗਰੇਸ਼ਨ ਬੰਦ ਕਰਨੀ ਚਾਹੁੰਦੇ ਹਨ। ਯੂਰਪ ਤੇ ਬਰਤਾਨੀਆ ਵਿੱਚ ਇਮੀਗਰੇਸ਼ਨ ਦਾ ਮਸਲਾ ਬਹੁਤ ਗੰਭੀਰ ਸਿਰਦਰਦੀ ਬਣ ਚੁੱਕਾ ਹੈ। ਅਸਲੀਅਤ ਇਹ ਹੈ ਕਿ ਲੋਕ ਇਮੀਗਰੇਸ਼ਨ ਦੇ ਮੁਕੰਮਲ ਤੌਰ 'ਤੇ ਖਿਲਾਫ ਨਹੀਂ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਯੂਰਪ ਦੀ ਆਬਾਦੀ ਘੱਟ ਰਹੀ ਹੈ ਅਤੇ ਇਨ੍ਹਾਂ ਨੂੰ ਬਾਹਰੋਂ ਬੰਦਿਆਂ ਦੀ ਲੋੜ ਹਮੇਸ਼ਾ ਰਹਿਣੀ ਹੈ। ਅਸੀਂ ਖੁਦ ਇਥੇ ਬਾਕੀ ਪਰਵਾਸੀਆਂ ਵਾਂਗ ਬਾਹਰੋਂ ਆਏ ਹਾਂ, ਪਰ ਹੈਰਾਨੀ ਦੀ ਗੱਲ ਹੈ ਕਿ ਏਸ਼ੀਅਨ ਕਮਿਊਨਿਟੀ ਵਿੱਚ ਵੀ ਵਧਦੀ ਇਮੀਗਰੇਸ਼ਨ ਬਾਰੇ ਬਹੁਤ ਚਿੰਤਾ ਹੈ। ਬੀਤੇ ਵੀਹ ਸਾਲਾਂ ਵਿੱਚ ਯੂਰਪ ਵਿੱਚ ਕਰੀਬ ਇੱਕ ਕਰੋੜ ਲੋਕ ਬਾਹਰੋਂ ਆਏ ਹਨ। ਇਨ੍ਹਾਂ ਵਿੱਚ ਵੱਡੀ ਗਿਣਤੀ ਸ਼ਰਨਾਰਥੀਆਂ ਦੀ ਹੈ। ਜਿਹੜੇ ਮੱਧ ਪੂਰਬੀ ਦੇਸ਼ਾਂ ਤੋਂ ਬਿਨਾਂ ਮਿਆਂਮਾਰ, ਸ੍ਰੀਲੰਕਾ, ਅਫਗਾਨਿਸਾਤਨ ਅਤੇ ਅਫਰੀਕੀ ਦੇਸ਼ਾਂ ਤੋਂ ਆਏ ਹਨ। ਇਨ੍ਹਾਂ ਅਵਾਸੀਆਂ ਦਾ ਦਾਖਲਾ ਯੂਰਪ ਜਾਂ ਬਰਤਾਨੀਆ ਦੀਆਂ ਸਨਅਤੀ ਲੋੜਾਂ ਅਨੁਸਾਰ ਨਹੀਂ ਬਲਕਿ ਉਹ ਰਫਿਊਜ਼ੀ ਹਨ। ਲੋਕ ਇਸ ਤਰ੍ਹਾਂ ਦੀ ਇਮੀਗਰੇਸ਼ਨ ਦੇ ਵਿਰੁੱਧ ਹਨ। ਵੱਡੀ ਗੱਲ ਇਹ ਹੈ ਕਿ ਸ਼ਰਨਾਰਥੀ ਹਾਲੇ ਵੀ ਹਜ਼ਾਰਾਂ ਲੱਖਾਂ ਦੀ ਗਿਣਤੀ ਵਿੱਚ ਆਈ ਜਾਂਦੇ ਹਨ। ਇਟਲੀ, ਯੂਨਾਨ ਅਤੇ ਦੱਖਣੀ ਯੂਰਪੀ ਦੇਸ਼ਾਂ ਵਿੱਚ ਸ਼ਰਨਾਰਥੀਆਂ ਦੇ ਕੈਂਪ ਲਾਉਣੇ ਪਏ ਹਨ।

ਲੋਕਾਂ ਨੂੰ ਯੂਰਪ ਪਹੁੰਚਾਉਣ ਵਾਲੇ ਏਜੰਟ ਹੋਰ ਬੰਦੇ ਭੇਜੀ ਜਾ ਰਹੇ ਹਨ। ਇਮੀਗਰੇਸ਼ਨ ਸੰਬੰਧੀ ਇੱਕ ਹੋਰ ਚਿੰਤਾ ਹੈ ਕਿ ਇਥੇ ਆਉਣ ਵਾਲੇ ਅਵਾਸੀਆਂ ਨੂੰ ਸਥਾਨਕ ਸਮਾਜ ਵਿੱਚ ਮਿਲਣ-ਜੁਲਣ ਵਾਸਤੇ ਕੋਈ ਉਪਰਾਲਾ ਨਹੀਂ ਕੀਤਾ ਜਾ ਰਿਹਾ। ਨਤੀਜੇ ਵਜੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੇ ਲੰਡਨ ਵਿੱਚ ਵੱਖ-ਵੱਖ ਦੇਸ਼ਾਂ ਤੋਂ ਆਏ ਅਵਾਸੀਆਂ ਦੀਆਂ ਬਸਤੀਆਂ ਸਥਾਪਤ ਹੋ ਰਹੀਆਂ ਹਨ। ਦੇਸ਼ ਵਿੱਚ ਏਕਤਾ-ਇਕਸਾਰਤਾ ਘੱਟਦੀ ਜਾਂਦੀ, ਪਰ ਇਨ੍ਹਾਂ ਸਾਰੇ ਕਾਰਨਾਂ ਦੇ ਬਾਵਜੂਦ ਯੂਰਪੀ ਯੂਨੀਅਨ ਵਿੱਚੋਂ ਨਿਕਲਣ ਦਾ ਫੈਸਲਾ ਬਰਤਾਨੀਆ ਦੇ ਭਵਿੱਖ ਲਈ ਬਹੁਤ ਮੰਦਭਾਗਾ ਹੈ। ਬਰਤਾਨੀਆ ਚਾਰ ਕੌਮੀਅਤਾਂ-ਦੇਸ਼ਾਂ ਦਾ ਸੰਘ ਹੈ ਜਿਸ ਨੂੰ ਯੂ ਕੇ ਜਾਂ ਯੂਨਾਈਟਿਡ ਕਿੰਗਡਮ ਕਹਿੰਦੇ ਹਨ। ਚੌਹਾਂ ਵਿੱਚੋਂ ਸਕਾਟਲੈਂਡ ਅਤੇ ਉਤਰੀ ਆਇਰਲੈਂਡ ਨੇ ਰਾਇਸ਼ੁਮਾਰੀ ਵਿੱਚ ਯੂਰਪੀ ਯੂਨੀਅਨ ਵਿੱਚ ਰਹਿਣ ਦੇ ਹੱਕ ਵਿੱਚ ਵੋਟਾਂ ਪਾਈਆਂ ਸਨ। ਹੁਣ ਇਨ੍ਹਾਂ ਦੋਵਾਂ ਹਿੱਸਿਆਂ ਵਿੱਚ ਭਾਰੀ ਗਿਣਤੀ ਵਿੱਚ ਲੋਕ ਇੰਨਾ ਰੌਲਾ ਪਾ ਰਹੇ ਹਨ ਕਿ ਜੇ ਦੇਸ਼ ਯੂਰਪੀ ਯੂਨੀਅਨ 'ਚੋਂ ਨਿਕਲਦਾ ਹੈ ਤਾਂ ਉਹ ਯੂ ਕੇ ਵਾਲੇ ਯੂਨਾਈਟਿਡ ਕਿੰਗਡਮ ਵਿੱਚੋਂ ਨਿਕਲ ਜਾਣਗੇ। ਇਨ੍ਹਾਂ ਦਾ ਸਮਰਥਨ ਤਾਂ ਕਦੋਂ ਦਾ ਖਤਮ ਹੋ ਗਿਆ ਹੈ। ਹੁਣ ਖਤਰਾ ਇਹ ਹੈ ਕਿ ਯੂਨਾਈਟਿਡ ਕਿੰਗਡਮ ਵਰਗਾ ਵਧੀਆ ਦੇਸ਼ ਹੀ ਨਾ ਟੁੱਟ ਜਾਵੇ।




# ਸਿਆਸੀ ਸੱਭਿਆਚਾਰ ਵਿੱਚ ਨਿਘਾਰ ਦੀ ਵਜ੍ਹਾ

-ਬਲਵੰਤ ਸਿੰਘ ਖੇੜਾ-

ਸਾਰੇ ਦੇਸ਼ਾਂ ਵਿੱਚ ਰਾਜਸੀ ਪਾਰਟੀਆਂ ਕਿਸੇ ਨਾ ਕਿਸੇ ਵਿਚਾਰਧਾਰਾ ਨੂੰ ਪ੍ਰਣਾਈਆਂ ਹੁੰਦੀਆਂ ਹਨ। ਉਨ੍ਹਾਂ ਦਾ ਢਾਂਚਾ ਲੋਕਤੰਤਰੀ ਤਰੀਕੇ ਨਾਲ ਮੁੱਢਲੀ ਇਕਾਈ ਦੇ ਮੈਂਬਰਾਂ ਵੱਲੋਂ ਸਿਰਜਿਆ ਜਾਂਦਾ ਹੈ। ਪਾਰਟੀ ਦਾ ਦ੍ਰਿਸ਼ਟੀਕੋਣ ਆਰਥਿਕ, ਸਮਾਜਿਕ ਤੇ ਰਾਜਨੀਤਕ ਆਦਿ ਪੱਖਾਂ ਨੂੰ ਸੰਬੋਧਨ ਹੁੰਦਾ ਹੈ। ਮੁੱਢਲੇ ਮੈਂਬਰ ਅਤੇ ਰਾਜਸੀ ਨੇਤਾ ਨੈਤਿਕਤਾ ਤੇ ਜਮਹੂਰੀ ਕਦਰਾਂ-ਕੀਮਤਾਂ ਨੂੰ ਸਮਰਪਿਤ ਹੁੰਦੇ ਹਨ। ਉਨ੍ਹਾਂ ਦੀ ਹਰ ਪੱਧਰ 'ਤੇ ਜਵਾਬਦੇਹੀ ਤੈਅ ਹੁੰਦੀ ਹੈ। ਨਿਯਮਾਂ ਦੀ ਉਲੰਘਣਾ ਜਾਂ ਗੈਰ-ਜ਼ਿੰਮੇਵਾਰਾਨਾ ਹਰਕਤ ਕਰਨ 'ਤੇ ਪਾਰਟੀ ਆਪਣੇ ਹਰ ਮੈਂਬਰ ਦੀ ਜਵਾਬ ਤਲਬੀ ਕਰਦੀ ਤੇ ਹੋਈ ਗਲਤੀ ਦਾ ਅਹਿਸਾਸ ਕੀਤਾ ਜਾਂਦਾ ਹੈ। ਇਥੋਂ ਤੱਕ ਕਿ ਦੋਸ਼ ਸਿੱਧ ਹੋਣ ਦੀ ਸੂਰਤ ਵਿੱਚ ਅਸਤੀਫਾ ਦੇਣ ਅਤੇ ਅਸਤੀਫਾ ਲੈਣ ਵਿੱਚ ਦੇਰੀ ਨਹੀਂ ਕੀਤੀ ਜਾਂਦੀ ਪਰ ਸਾਡੇ ਭਾਰਤ ਦਾ ਬਾਬਾ ਆਦਮ ਹੀ ਨਿਰਾਲਾ ਹੈ।

ਭਾਰਤ ਵਿੱਚ ਵੋਟਾਂ ਨਾਲ ਚੁਣੇ ਜਾਣ ਵਾਲੇ ਬਹੁ-ਗਿਣਤੀ ਸਰਪੰਚ, ਕੌਂਸਲਰ, ਵਿਧਇਕ ਅਤੇ ਪਾਰਲੀਮੈਂਟ ਮੈਂਬਰ ਸੇਵਾ ਲਈ ਨਹੀਂ, ਸਗੋਂ ਕਮਾਈ ਕਰਨ ਦੇ ਲਈ ਅੱਗੇ ਆਉਂਦੇ ਹਨ। ਉਨ੍ਹਾਂ ਨੇ ਆਪਣੀ ਸਿਆਸਤ ਦੀ ਦੁਕਾਨ ਵਿੱਚ ਝੂਠਾ ਸੌਦਾ ਪਾਇਆ ਹੋਇਆ ਹੈ ਅਤੇ ਧੰਦਾ ਕੀਤਾ ਜਾ ਰਿਹਾ ਹੈ। ਏਥੇ ਰਾਜਸੀ ਪਾਰਟੀ ਬਣਾਉਣਾ ਅਤੇ ਚਲਾਉਣਾ ਇੱਕ ਵਪਾਰ ਦੇ ਹਿੱਸੇ ਵਜੋਂ ਉਭਰ ਕੇ ਸਾਹਮਣੇ ਆ ਚੁੱਕਾ ਹੈ। ਭਾਰਤ ਦੇ ਚੋਣ ਕਮਿਸ਼ਨ ਕੋਲ 2500 ਤੋਂ ਵੱਧ ਰਜਿਸਟਰਡ ਪਾਰਟੀਆਂ ਹਨ। ਕਈ ਪ੍ਰਾਂਤਾਂ ਵਿੱਚ 300 ਤੋਂ 400 ਰਾਜਸੀ ਦਲ ਬਣੇ ਹੋਏ ਹਨ। ਪੰਜਾਬ ਇੱਕ ਛੋਟਾ ਪ੍ਰਾਂਤ ਹੈ ਪਰ ਇਥੇ ਵੀ ਲਗੱਭਗ 60 ਪਾਰਟੀਆਂ ਰਜਿਸਟਰਡ ਮਿਲਦੀਆਂ ਹਨ। ਕੋਈ ਸਰਮਾਏਦਾਰ ਬੰਦਾ, ਧਰਮ ਜਾਂ ਜਾਤ ਦਾ ਠੇਕੇਦਾਰ ਆਸਾਨੀ ਨਾਲ ਕਿਸੇ ਵਕੀਲ ਰਾਹੀਂ ਫਾਈਲ ਦਾ ਘਰ ਪੂਰਾ ਕਰਕੇ ਆਪੇ ਪ੍ਰਧਾਨ ਬਣ ਜਾਂਦਾ ਹੈ। ਉਹ ਕੇਂਦਰ, ਸੂਬਾ ਅਤੇ ਹੇਠਲੀ ਪੱਧਰ 'ਤੇ ਅਹੁਦੇਦਾਰ ਨਿਯੁਕਤ ਕਰਕੇ ਖੁਦ ਹੀ ਆਗੂ ਹੋਣ ਦੀ ਪੂਛ ਲਾ ਸਕਦਾ ਹੈ। ਫਿਰ ਵਿਧਾਇਕਾਂ ਜਾਂ ਪਾਰਲੀਮੈਂਟ ਮੈਂਬਰਾਂ ਦੀਆਂ ਟਿਕਟਾਂ ਸਬੰਧੀ ਸੌਦੇਬਾਜ਼ੀ ਹੁੰਦੀ ਹੈ। ਟਿਕਟਾਂ ਵੇਚੀਆਂ ਜਾਂਦੀਆਂ ਹਨ। ਦੇਸ਼ ਪੱਧਰੀ ਕੇਵਲ ਚਾਰ ਜਾਂ ਪੰਜ ਪਾਰਟੀਆਂ ਤੇ ਸੂਬਾ ਪੱਧਰੀ ਕੇਵਲ 10-15 ਪਾਰਟੀਆਂ ਚੋਣਾਂ ਲੜਦੀਆਂ ਹਨ। ਬਾਕੀ ਬਹੁਤ ਸਾਰੀਆਂ ਪਾਰਟੀਆਂ ਚੋਣ ਕਮਿਸ਼ਨ ਕੋਲ ਤਾਂ ਦਰਜ ਹਨ, ਪਰ ਲੰਬੇ ਸਮੇਂ ਤੋਂ ਖਤਮ ਹੋ ਚੁੱਕੀਆਂ ਹਨ। ਚੋਣ ਕਮਿਸ਼ਨ ਕੋਲ ਕੇਵਲ ਪਾਰਟੀ ਨੂੰ ਰਜਿਸਟ੍ਰਸ਼ਨ ਦੇਣ ਦਾ ਅਧਿਕਾਰ ਹੈ, ਪਾਰਟੀ ਦੀ ਰੱਦ ਕਰਨ ਦਾ ਅਧਿਕਾਰ ਨਹੀਂ।

ਮੇਰਾ ਸਮਾਜਵਾਦੀ ਲਹਿਰ ਨਾਲ ਸਬੰਧ ਰਿਹਾ ਹੈ। ਲੋਕ ਨਾਇਕ ਮਹਾਤਮਾ ਗਾਂਧੀ, ਜੈ ਪ੍ਰਕਾਸ਼ ਨਰਾਇਣ ਅਤੇ ਡਾ. ਰਾਮ ਮਨੋਹਰ ਲੋਹੀਆ ਦਾ ਆਜ਼ਾਦੀ ਲਹਿਰ ਵਿੱਚ ਪ੍ਰਤੱਖ ਯੋਗਦਾਨ ਵੀ ਦੇਖਿਆ ਹੈ। ਭਾਰਤ ਦੇ ਕਰੋੜਾਂ ਲੋਕਾਂ ਨੂੰ ਉਨ੍ਹਾਂ ਦੇ ਵਿਚਾਰਾਂ ਨੇ ਲੋਕਾਂ ਨੂੰ ਅੰਦੋਲਨ ਦੇ ਰਾਹ ਪਾਇਆ। ਜਿਹੜੇ ਲੱਖਾਂ ਸੁਤੰਤਰਤਾ-ਸੈਨਾਨੀ ਜੇਲ੍ਹ ਗਏ ਸਨ, ਸ਼ਹੀਦੀਆਂ ਪ੍ਰਾਪਤ ਕੀਤੀਆਂ ਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਕੱਟੀਆਂ, ਉਨ੍ਹਾਂ ਨੂੰ ਦੇਸ਼ ਕਦੇ ਭੁਲਾ ਨਹੀਂ ਸਕਦਾ। ਉਨ੍ਹਾਂ ਨੇ ਕੁਰਬਾਨੀਆਂ ਆਪਣੇ ਪਰਵਾਰ ਲਈ ਨਹੀਂ, ਸਗੋਂ ਭਾਰਤ ਦੇ ਸੁਨਹਿਰੀ ਭਵਿੱਖ ਲਈ ਦਿੱਤੀਆਂ ਸਨ। ਮੈਨੂੰ ਇਨ੍ਹਾਂ ਸੁਤੰਤਰਤਾ ਸੈਨਾਨੀਆਂ ਦੇ ਦਰਸ਼ਨ ਅਤੇ ਵਿਚਾਰ ਜਾਣਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਦੇ ਸੋਚਿਆ ਨਹੀਂ ਸੀ ਕਿ ਇਸ ਤਪੱਸਿਆ ਦਾ ਉਹ ਮੁੱਲ ਵੱਟਣਗੇ। ਉਹ ਦੇਣਾ ਜਾਣਦੇ ਸਨ, ਲੈਣਾ ਨਹੀਂ। ਦੇਸ਼ ਆਜ਼ਾਦ ਹੋਣ ਪਿੱਛੋਂ ਨਵੀਂ ਸਿਆਸੀ ਖੇਡ ਸ਼ੁਰੂ ਹੋ ਗਈ ਤੇ ਰਾਜਸੀ ਪਾਰਟੀਆਂ ਅਤੇ ਨੇਤਾਵਾਂ ਨੇ ਸਿਆਸਤ ਨੂੰ ਕੇਵਲ ਨਿੱਜੀ ਸੱਤਾ ਦੀ ਪੌੜੀ ਬਣਾ ਲਿਆ। ਦੇਸ਼ ਸੇਵਾ ਦੀ ਥਾਂ ਪਰਵਾਰ ਸੇਵਾ ਦਾ ਟੀਚਾ ਮਿੱਥ ਲਿਆ ਜਾਪਦਾ ਹੈ। ਨਤੀਜਾ ਇਹ ਨਿਕਲਿਆ ਕਿ ਰਾਜਸੀ ਪਾਰਟੀਆਂ 'ਲੁਟੇਰਾ ਗਿਰੋਹ' ਬਣ ਗਈਆਂ ਹਨ। ਸਿਆਸਤ ਅਤੇ ਸਿਆਸੀ ਚੋਣਾਂ ਨੂੰ ਭ੍ਰਿਸ਼ਟਾਚਾਰ ਦੇ ਕੁੰਭ ਵਜੋਂ ਲਿਆ ਜਾਂਦਾ ਹੈ। ਹਰ ਪਾਰਟੀ, ਨੇਤਾ ਜਾਂ ਕਾਰਕੁੰਨ ਭ੍ਰਿਸ਼ਟ ਬਣਾ ਦਿੱਤਾ ਗਿਆ ਜਾਪਦਾ ਹੈ। ਸੰਨ 1952 ਦੀਆਂ ਲੋਕ ਸਭਾ ਚੋਣਾਂ ਤੋਂ ਪਿੱਛੋਂ ਇਹ ਖੇਡ ਪ੍ਰਤੱਖ ਖੇਡੀ ਜਾਣ ਲੱਗ ਪਈ ਸੀ, ਜਦੋਂ ਕਾਂਗਰਸ ਨੇ ਟਾਟਾ-ਬਾਟਾ ਦੀਆਂ ਵੱਡੀਆਂ ਕੰਪਨੀਆਂ ਤੋਂ ਦਾਨ ਲੈ ਕੇ ਚੋਣਾਂ ਲੜਨੀਆਂ ਸ਼ੁਰੂ ਕੀਤੀਆਂ ਤੇ ਗਰੀਬਾਂ ਦੀਆਂ ਵੋਟਾਂ ਖਰੀਦਣ ਦਾ ਰਿਵਾਜ਼ ਪੈ ਗਿਆ। ਇਸ ਤਰ੍ਹਾਂ ਕਾਂਗਰਸ ਸੇਠਾਂ ਦੇ ਨੋਟਾਂ 'ਤੇ ਗਰੀਬਾਂ ਦੀਆਂ ਵੋਟਾਂ ਨਾਲ ਸਰਕਾਰ ਬਣਾਉਣ ਲੱਗੀ। ਇਹ ਗੁਰ ਅੱਜ ਭਾਰਤੀ ਜਨਤਾ ਪਾਰਟੀ ਨੂੰ ਪਸੰਦ ਹੈ। ਉਨ੍ਹਾਂ ਅੰਬਾਨੀ-ਅਡਾਨੀ ਵਰਗੇ ਕਾਰ-ਪੋਰੇਟ ਘਰਾਣਿਆਂ ਤੋਂ ਅਰਬਾਂ-ਖਰਬਾਂ ਰੁਪਏ ਲੈ ਕੇ ਕੇਂਦਰੀ ਪੱਧਰ ਅਤੇ ਸੂਬਾ ਪੱਧਰ 'ਤੇ ਸਰਕਾਰਾਂ ਬਣਾ ਕੇ ਕਬਜ਼ੇ ਕੀਤੇ ਹਨ।

ਸੰਵਿਧਾਨ ਦੇ ਸਿਧਾਂਤਾਂ ਨੂੰ ਪਰੇ ਰੱਖ ਦਿੱਤਾ ਗਿਆ ਹੈ। ਧਾਰਮਿਕ ਛਲਾਵੇ ਅਤੇ ਝੂਠੇ ਵਾਅਦੇ ਦਾਅਵੇ ਕਰਕੇ ਰਾਜ ਸੱਤਾ ਹਥਿਆਈ ਗਈ ਹੈ। ਇਥੋਂ ਤੱਕ ਕਿ ਸਰਕਾਰ ਭਾਜਪਾ ਦੇ ਨਾਂ ਹੇਠ ਨਹੀਂ, ਨਰਿੰਦਰ ਮੋਦੀ ਦੇ ਨਾਂ ਹੇਠ ਜਾਣੀ ਜਾਂਦੀ ਹੈ। ਪ੍ਰਧਾਨ ਮੰਤਰੀ ਲੋਕਾਂ ਦੇ ਨਹੀਂ, ਸਗੋਂ ਸਿਖਰਲੇ ਕਾਰੋਬਾਰੀਆਂ ਦੇ ਹਨ। ਦੇਸ਼ ਦਾ ਭਵਿੱਖ ਖਤਰੇ ਵਿੱਚ ਹੈ। ਕੁਝ ਕੁ ਸ਼ੁਭ ਸੰਕੇਤ ਵੀ ਸਾਹਮਣੇ ਆ ਰਹੇ ਹਨ। ਕੁਝ ਸੂਝਵਾਨ ਜਨਤਾ ਸੈਂਕੜੇ ਜਾਂ ਵੱਧ ਰਿਸ਼ਵਤ ਲੈਣ ਵਾਲੇ ਕਰਮਚਾਰੀਆਂ ਨੂੰ ਹੀ ਦੋਸ਼ੀ ਨਹੀਂ ਮੰਨਦੀ, ਬਲਕਿ ਅਰਬਾਂ-ਖਰਬਾਂ ਦੀਆਂ ਚੋਣਾਂ ਵਿੱਚ ਕਾਲਾ ਧਨ ਪ੍ਰਾਪਤ ਕਰਨ ਵਾਲੀਆਂ ਪਾਰਟੀਆਂ ਦੇ ਪਰਦੇ ਵੀ ਚੁੱਕ ਰਹੀ ਹੈ। ਸਵਰਾਜ ਜਾਂ ਹੋਰ ਚੋਣ ਸੁਧਾਰਾਂ ਨੂੰ ਪ੍ਰਣਾਏ ਮਿਸ਼ਨਾਂ ਵੱਲੋਂ ਸੰਘਰਸ਼ ਵਿੱਢੇ ਗਏ ਹਨ। ਇਨ੍ਹਾਂ ਸੰਘਰਸ਼ਾਂ ਵਿੱਚ ਨੁਕਸ ਰਹੇ, ਜਿਸ ਕਾਰਨ ਸਫਲਤਾਵਾਂ ਮਿਲਣ ਵਿੱਚ ਦੇਰੀ ਹੋਈ, ਪਰ ਇਨ੍ਹਾਂ ਸੰਘਰਸ਼ਾਂ ਦਾ ਅੰਤ ਨਹੀਂ ਹੋਇਆ ਹੈ। ਚੋਣ ਸੁਧਾਰਾਂ ਬਾਰੇ ਭਾਰਤ ਸਰਕਾਰ ਨੇ ਕਈ ਕਮਿਸ਼ਨ ਅਤੇ ਕਮੇਟੀਆਂ ਦਾ ਗਠਨ ਕੀਤਾ ਹੈ। ਜਿਵੇਂ ਕਿ 1990 ਦੀ ਗੋਸਵਾਮੀ ਕਮੇਟੀ, 1993 ਦੀ ਵੋਹਰਾ ਕਮੇਟੀ, 1998 ਦੀ ਇੰਦਰਜੀਤ ਗੁਪਤਾ ਕਮੇਟੀ, 1999 ਦੀ ਲਾਅ ਕਮਿਸ਼ਨ ਰਿਪੋਰਟ ਅਤੇ 2004 ਦੀ ਭਾਰਤ ਦੇ ਚੋਣ ਕਮਿਸ਼ਨ ਦੀਆਂ ਚੋਣ ਸੁਧਾਰਾਂ ਸਬੰਧੀ ਸਿਫਾਰਸ਼ਾਂ ਆਦਿ।

ਐਸੋਸੀਏਸ਼ਨ ਫਾਰ ਡੈਮੋਕ੍ਰੈਟਿਕ ਰਿਫਾਰਮਜ਼ (ਏ ਡੀ ਆਰ) ਦੇ ਬਹੁਮੁੱਲੇ ਸੁਝਾਅ ਦੇਸ਼ ਦੀ ਕਿਸਮਤ ਬਦਲ ਦੇਣ ਦੇ ਯੋਗ ਹਨ। ਇਨ੍ਹਾਂ ਵਿੱਚੋਂ ਕੁਝ ਵਰਣਨ ਯੋਗ ਹਨ, ਜਿਵੇਂ ਕੇਂਦਰੀ ਸੂਚਨਾ ਕਮਿਸ਼ਨ (ਸੀ ਆਈ ਸੀ) ਬੈਂਚ ਦੇ ਸਰਬ ਸੰਮਤੀ ਵਾਲੇ ਫੈਸਲੇ ਅਨੁਸਾਰ ਰਾਜਸੀ ਦਲ 2005 ਦੇ ਸੂਚਨਾ ਅਧਿਕਾਰ ਕਾਨੂੰਨ ਹੇਠ ਆਏ ਹਨ। ਸਿਆਸੀ ਪਾਰਟੀਆਂ ਦੇ ਆਮਦਾਨ-ਖਰਚ ਵਾਲੀ ਆਡਿਟ ਰਿਪੋਰਟ ਜਨਤਕ ਕੀਤੀ ਜਾਣੀ ਚਾਹੀਦੀ ਹੈ। ਸਾਰੀਆਂ ਪਾਰਟੀਆਂ ਨੂੰ ਪਾਬੰਦ ਕੀਤਾ ਜਾਵੇ ਕਿ ਉਹ ਅਪਰਾਧੀ ਪਿਛੋਕੜ ਵਾਲੇ ਤੇ ਦਾਗੀ ਲੋਕਾਂ ਨੂੰ ਟਿਕਟਾਂ ਨਾ ਦੇਣ। ਚੋਣਾਂ ਪਿੱਛੋਂ ਕੇਵਲ ਉਨ੍ਹਾਂ ਉਮੀਦਵਾਰਾਂ ਨੂੰ ਸਫਲ ਐਲਾਨਿਆ ਜਾਵੇ, ਜਿਨ੍ਹਾਂ ਨੇ ਕੁੱਲ ਵੋਟਾਂ ਦਾ ਘੱਟੋ-ਘੱਟ 50 ਫੀਸਦੀ ਹਿੱਸਾ ਲਿਆ ਹੋਵੇ। ਦੇਸ਼ ਵਿੱਚ ਵਿਧਾਇਕਾਂ, ਪਾਰਲੀਮੈਂਟ ਮੈਂਬਰਾਂ, ਚੇਅਰਮੈਨਾਂ, ਆਦਿ ਨੂੰ ਤਨਖਾਹ ਦੇਣੀ ਬੰਦ ਕੀਤੀ ਜਾਵੇ। ਉਨ੍ਹਾਂ ਨੂੰ ਕੇਵਲ ਉਨ੍ਹਾਂ ਦੇ ਕੀਤੇ ਕੰਮ ਲਈ ਟੀ ਏ/ ਡੀ ਏ ਦਿੱਤਾ ਜਾਵੇ। ਪਾਰਟੀਆਂ ਉਪਰ ਨਿਗ੍ਹਾ ਰੱਖਣ ਲਈ ਲੋਕਪਾਲ ਵਾਂਗ ਇੱਕ ਸੁਤੰਤਰ ਅਦਾਰਾ ਬਣਾਉਣਾ ਸਮੇਂ ਦੀ ਲੋੜ ਹੈ। ਉਹ ਉਨ੍ਹਾਂ ਪਾਰਟੀਆਂ ਦੀ ਮਾਨਤਾ ਖਤਮ ਕਰਨ ਲਈ ਅਧਿਕਾਰਤ ਹੋਵੇ ਜਿਹੜੀਆਂ ਪਾਰਟੀਆਂ ਆਪਣੇ ਨਿਯਮਾਂ ਅਨੁਸਾਰ ਚੋਣਾਂ ਨਹੀਂ ਕਰਾਉਂਦੀਆਂ ਅਤੇ ਚੋਣ ਮਨੋਰਥ ਪੱਤਰ ਦੇ ਵਾਅਦੇ ਪੂਰੇ ਨਹੀਂ ਕਰਦੀਆਂ ਜਾਂ ਜੋ ਲਗਾਤਾਰ ਪੰਜ ਸਾਲਾਂ ਤੱਕ ਚੋਣਾਂ ਵਿੱਚ ਕੋਈ ਉਮੀਦਵਾਰ ਖੜ੍ਹੇ ਨਹੀਂ ਕਰਦੀਆਂ। ਚੋਣਾਂ ਸਮੇਂ ਕਮਿਸ਼ਨ ਵੱਲੋਂ ਸਾਂਝੇ ਪਲੇਟਫਾਰਮਾਂ 'ਤੇ ਉਮੀਦਵਾਰਾਂ ਅਤੇ ਪਾਰਟੀ ਨੇਤਾਵਾਂ ਕੋਲੋਂ ਕਾਰਗੁਜ਼ਾਰੀ ਦੀ ਪੇਸ਼ਕਾਰੀ ਦੇ ਪ੍ਰਬੰਧ ਕੀਤੇ ਜਾਣ। ਦਲ ਬਦਲੀ ਕਰਨ ਵਾਲੇ ਵਿਧਇਕਾਂ ਅਤੇ ਪਾਰਲੀਮੈਂਟ ਮੈਂਬਰਾਂ 'ਤੇ ਪੰਜ ਸਾਲ ਤੱਕ ਚੋਣ ਲੜ ਦੀ ਪਾਬੰਦੀ ਲੱਗਣੀ ਚਾਹੀਦੀ ਹੈ।

ਕਈ ਦੇਸ਼ਾਂ ਵਿੱਚ ਰਾਜਸੀ ਪਾਰਟੀਆਂ ਨੂੰ ਹੀ ਵੋਟਾਂ ਪੈਂਦੀਆਂ ਹਨ। ਉਨ੍ਹਾਂ ਵੱਲੋਂ ਪਹਿਲਾਂ ਦਿੱਤੀਆ ਸੂਚੀਆਂ ਵਿੱਚੋਂ ਅਨੁਪਾਤ ਅਨੁਸਾਰ ਉਮੀਦਵਾਰ ਚੁਣੇ ਜਾਂਦੇ ਹਨ। ਨੋਟਾ ਨੂੰ ਉਤਸ਼ਾਹਿਤ ਕਰਨ ਲਈ ਲੋਕ-ਚੇਤਨਾ ਪੈਦਾ ਕੀਤੀ ਜਾਵੇ ਤਾਂ ਕਿ ਇਸ ਹਥਿਆਰ ਨਾਲ ਰਾਜਸੀ ਪਾਰਟੀਆਂ ਨੂੰ ਲੋਕ ਸਬਕ ਸਿਖਾ ਦੇਣ। ਦੁੱਖ ਨਾਲ ਕਹਿਣਾ ਪੰਦਾ ਹੈ ਕਿ ਇਨ੍ਹਾਂ ਸੁਝਾਵਾਂ 'ਤੇ ਅਮਲ ਨਹੀਂ ਹੋ ਰਿਹਾ। ਦੇਸ਼ ਵਿੱਚ ਜਗਤ ਗੁਰੂ ਬਾਬਾ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ 550ਵੀਂ ਸ਼ਤਾਬਦੀ ਮਨਾਈ ਜਾ ਰਹੀ ਹੈ। ਮਹਾਤਮਾ ਗਾਂਧੀ ਦੀ 150 ਸਾਲਾ ਜਨਮ ਸ਼ਤਾਬਦੀ ਲਈ ਵੀ ਉਤਸ਼ਾਹ ਹੈ। ਕਾਸ਼! ਇਸ ਮੌਕੇ ਦੇਸ਼ ਦੇ ਬੁੱਧੀਜੀਵੀ ਅਤੇ ਪਾਰਟੀਆਂ ਦੇ ਨੇਤਾ ਗੋਲ-ਮੇਜ ਕਾਨਫਰੰਸ ਜਾਂ ਕਨਵੈਸ਼ਨ ਕਰਕੇ ਨਵੀਂ ਸ਼ੁਰੂਆਤ ਕਰਨ। ਭਾਈਚਾਰਕ ਸਾਂਝ, ਸਮਾਨਤਾ, ਮੱਢਲੀਆਂ ਸਹੂਲਤਾਂ ਸਿਹਤ ਤੇ ਸਿੱਖਿਆ ਅਤੇ ਵਾਤਵਰਨ ਦੀ ਸੰਭਾਲ ਦੀਆਂ ਨੀਤੀਆਂ ਬਣਾ ਕੇ ਅਮਲ ਵਿੱਚ ਲਿਆਂਦੀਆਂ ਜਾਣ। ਮਹਾਪੁਰਸ਼ਾਂ ਵੱਲੋਂ ਦੱਸੇ ਮਾਰਗ 'ਤੇ ਚੱਲ ਕੇ ਦੇਸ਼ ਨੂੰ ਸਵਰਗ ਬਣਾਇਆ ਜਾ ਸਕੇਗਾ।

# ਲਾਊਡ ਸਪੀਕਰਾਂ ਦੀ ਵਰਤੋਂ ਕਿੱਥੋਂ ਤੱਕ ਜਾਇਜ਼?

-ਲਕਸ਼ਮੀ ਕਾਂਤਾ ਚਾਵਲਾ-

ਇਹ ਸਾਡੇ ਦੇਸ਼ ਦੀ ਬਦਕਿਸਮਤੀ ਹੈ ਕਿ ਸਮਾਜ ਭਲਾਈ ਜਾਂ ਦੇਸ਼ ਦੀ ਭਲਾਈ ਦਾ ਕੋਈ ਸਹੀ ਫੈਸਲਾ ਹੋਵੇ ਜਾਂ ਅਦਾਲਤਾਂ ਵੱਲੋਂ ਸਮਾਜ ਦੀ ਭਲਾਈ ਲਈ ਲਿਆ ਫੈਸਲਾ ਹੋਵੇ, ਉਸ ਨੂੰ ਰਾਜਨੀਤੀ ਦੇ ਚਸ਼ਮੇ ਨਾਲ ਹੀ ਵੇਖਿਆ ਜਾਂਦਾ ਹੈ। ਇਸ ਚਸ਼ਮੇ ਨਾਲ ਚੰਗਾ ਵੀ ਮਾੜਾ ਨਜ਼ਰ ਆਉਂਦਾ ਹੈ। ਲੋਕ ਭਲਾਈ ਨੂੰ ਜ਼ਿਆਦਾਤਰ ਰਾਜਸੀ ਪਾਰਟੀਆਂ ਭੁੱਲ ਜਾਂਦੀਆਂ ਹਨ। ਬੀਤੇ ਹਫਤੇ ਲੋਕ ਸਭਾ ਵੱਲੋਂ ਪਾਸ ਕੀਤੇ ਅਤੇ ਰਾਜ ਸਭਾ ਵਿੱਚ ਪੈਂਡਿੰਗ ਰਹਿ ਗਏ ਮੁਸਲਿਮ ਔਰਤਾਂ ਦੀ ਭਲਾਈ ਲਈ ਤਿੰਨ ਤਲਾਕ ਖਤਮ ਕਰਨ ਵਾਲੇ ਮੁਸਲਿਮ ਮਹਿਲਾ ਸੁਰੱਖਿਆ ਬਿੱਲ ਦਾ ਵੀ ਇਹੀ ਹਸ਼ਰ ਹੋਇਆ ਅਤੇ ਹੁਣ ਉਤਰ ਪ੍ਰਦੇਸ਼ ਹਾਈ ਕੋਰਟ ਵੱਲੋਂ ਧਾਰਮਿਕ ਸੰਸਥਾਵਾਂ ਵੱਲੋਂ ਲਾਊਡ ਸਪੀਕਰਾਂ ਦੀ ਵਰਤੋਂ 'ਤੇ ਰੋਕ ਲਾਏ ਜਾਣ 'ਤੇ ਵੀ ਹੰਗਾਮਾ ਖੜਾ ਹੋ ਗਿਆ ਹੈ। ਇਕ ਸ਼ੰਕਰਾਚਾਰੀਆ ਨੇ ਕਹਿ ਦਿੱਤਾ ਕਿ ਪਹਿਲਾਂ ਮਸੀਤਾਂ ਦੇ ਲਾਊਡ ਸਪੀਕਰ ਬੰਦ ਕਰਵਾਏ ਜਾਣ ਤੇ ਦੂਜਿਆਂ ਨੇ ਇਸ ਦੇ ਵਿਰੋਧ ਵਿੱਚ ਆਪਣਾ ਪੱਖ ਰੱਖਿਆ।

ਹਕੀਕਤ ਇਹ ਹੈ ਕਿ ਦਿਨ ਰਾਤ ਲਾਊਡ ਸਪੀਕਰਾਂ ਦੀ ਵਰਤੋਂ ਇਕ ਸਮਾਜਿਕ ਅਲਾਮਤ ਹੈ। ਕਿਸੇ ਦੇ ਆਰਾਮ ਤੇ ਸੌਣ ਦਾ ਵੇਲਾ ਹੈ, ਕਿਸੇ ਦੀ ਪੜ੍ਹਨ ਤੇ ਕਿਸੇ ਦਾ ਪੜ੍ਹਾਉਣ ਦਾ ਸਮਾਂ ਹੈ। ਕੋਈ ਬਿਮਾਰ ਆਰਾਮ ਚਾਹੁੰਦਾ ਹੈ, ਹਸਪਤਾਲਾਂ ਦਾ ਕੰਮ ਵੀ ਗੁਆਂਢ ਵਿੱਚ ਉਚੀ ਆਵਾਜ਼ ਵਿੱਚ ਵੱਜਦੇ ਲਾਊਡ ਸਪੀਕਰਾਂ ਕਾਰਨ ਪ੍ਰਭਾਵਿਤ ਹੁੰਦਾ ਹੈ, ਪਰ ਇਸ ਖਿਲਾਫ ਕੋਈ ਆਵਾਜ਼ ਉਠਾਉਣ ਨੂੰ ਤਿਆਰ ਨਹੀਂ, ਕਿਉਂਕਿ ਰਾਜਨੀਤਕ ਪਾਰਟੀਆਂ ਨੂੰ ਵੋਟਾਂ ਦੇ ਨੁਕਸਾਨ ਦਾ ਡਰ ਹੁੰਦਾ ਹੈ ਅਤੇ ਆਮ ਵਿਅਕਤੀ ਧਾਰਮਿਕ ਸਥਾਨ ਦੇ ਪ੍ਰਬੰਧਕਾਂ ਤੋਂ ਡਰਦਾ ਹੈ।



ਛੇ ਸੌ ਸਾਲ ਪਹਿਲਾਂ ਸੰਤ ਕਬੀਰ ਨੇ ਸਮਾਜਿਕ ਕੁਰੀਤੀਆਂ ਅਤੇ ਧਰਮ ਦੇ ਨਾਂ 'ਤੇ ਹੋਣ ਵਾਲੇ ਪਾਖੰਡਾਂ ਦਾ ਵਿਰੋਧ ਕੀਤਾ। ਮੇਰੀ ਰੱਬ ਅੱਗੇ ਇਹੀ ਅਰਦਾਸ ਹੈ ਕਿ ਅੱਜ ਦੇ ਦੂਸ਼ਿਤ ਵਾਤਾਵਰਣ ਵਿੱਚ ਇਕ ਵਾਰ ਮੁੜ ਸੰਤ ਕਬੀਰ ਆ ਜਾਣ ਅਤੇ ਧਰਮ ਦੇ ਨਾਂ 'ਤੇ ਲੜਨ ਵਾਲੇ ਲੋਕਾਂ ਦਾ ਮਾਰਗ ਦਰਸ਼ਨ ਕਰਨ। ਸੰਤ ਕਬੀਰ ਨੇ ਮੁਸਲਿਮਾਂ ਨੂੰ ਵੀ ਕਹਿ ਦਿੱਤਾ ਸੀ, 'ਕੰਕਰ ਪੱਥਰ ਜੋੜ ਕੇ ਮਸਜਿਦ ਲਿਯੇ ਬਨਾਏ, ਤਾਂ ਚੜ੍ਹ ਮੁੱਲਾ ਬਾਂਗ ਦੇ, ਕਿਯਾ ਬਹਰਾ ਹੁਆ ਖੁਦਾਯ।' ਹਿੰਦੂਆਂ ਨੂੰ ਵੀ ਸਮਝਾਇਆ ਕਿ ਧਰਮ ਦਾ ਅਰਥ ਸਿਰਫ ਪੱਥਰ ਦੀ ਮੂਰਤੀ ਦੀ ਪੂਜਾ ਨਹੀਂ, ਸਮਾਜ ਸੇਵਾ ਹੈ। ਉਨ੍ਹਾ ਨੇ ਕਿਹਾ, 'ਪਾਹਨ ਪੂਜੇ ਹਰਿ ਮਿਲੇ ਤੋ ਮੈਂ ਪੂਜੂੰ ਪਹਾੜ, ਘਰ ਕੀ ਚੱਕੀ ਯਹ ਭਲੀ, ਪੀਸ ਖਾਇ ਸੰਸਾਰ।' ਕਬੀਰ ਜੀ ਦਾ ਇਹ ਦੋਹਾਂ ਉਚਿਤ ਹੈ ਜਾਂ ਅਣਉਚਿਤ, ਮੈਂ ਇਸ ਵਿਵਾਦ ਵਿੱਚ ਨਹੀਂ ਪੈਣਾ ਚਾਹੁੰਦੀ, ਪਰ ਇਹ ਸੱਚ ਹੈ ਕਿ ਉਸ ਯੁੱਗ ਵਿੱਚ ਕਬੀਰ ਦੀ ਸਪੱਸ਼ਟ ਬੋਲੀ ਲਈ ਕਿਸੇ ਨੇ ਉਨ੍ਹਾਂ ਦੀ ਝੌਂਪੜੀ ਨੂੰ ਅੱਗ ਨਹੀਂ ਲਾਈ, ਉਨ੍ਹਾਂ ਦਾ ਸਾਮਾਨ ਨਹੀਂ ਸੁੱਟਿਆ। ਅੱਜ ਜੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੀਆਂ ਗੱਲਾਂ ਹੋ ਰਹੀਆਂ ਹਨ ਤਾਂ ਇਸ ਆਜ਼ਾਦੀ ਦੀ ਦੁਰਵਰਤੋਂ ਵੀ ਹੋ ਰਹੀ ਹੈ। ਇਸ ਆਜ਼ਾਦੀ ਦਾ ਵਿਰੋਧ ਕਰਨ ਵਾਲੇ ਕੌਮੀ ਸੰਪਤੀ ਦੀ ਭੰਨ ਤੋੜ ਅਤੇ ਉਸ ਨੂੰ ਅੱਗ ਲਾ ਦਿੰਦੇ ਹਨ। ਇਸ ਲਈ ਇਹ ਚਿੰਤਾ ਹੈ ਕਿ ਜੇ ਸੰਤ ਕਬੀਰ ਅੱਜ ਮੁੜ ਧਰਤੀ 'ਤੇ ਆ ਕੇ ਲੋਕਾਂ ਨੂੰ ਸਮਝਾਉਣ ਤਾਂ ਅੱਜ ਦੇ ਰਾਜਸੀ ਆਗੂ ਉਨ੍ਹਾਂ ਨਾਲ ਵੀ ਬਦਸਲੂਕੀ ਕਰਨਗੇ। ਸੱਚਾਈ ਤਾਂ ਇਹ ਹੈ ਕਿ ਮੱਧਕਾਲ ਵਿੱਚ ਸੰਤ ਕਬੀਰ, ਰੈਦਾਸ, ਭਗਤ ਨਾਮਦੇਵ ਵਰਗੇ ਸੰਤਾਂ ਨੇ ਹੀ ਸਮਾਜ ਦਾ ਮਾਰਗਦਰਸ਼ਨ ਕੀਤਾ ਸੀ।

ਹੁਣ ਸਵਾਲ ਇਹ ਹੈ ਕਿ ਕੀ ਲਾਊਡ ਸਪੀਕਰਾਂ ਦਾ ਸ਼ੋਰ ਧਰਮ ਦਾ ਕੰਮ ਹੈ? ਧਰਮ ਦੀ ਪਰਿਭਾਸ਼ਾ ਜਾਣਨ ਵਾਲਾ ਵਿਅਕਤੀ ਇਹ ਨਹੀਂ ਮੰਨੇਗਾ ਕਿ ਪੂਰੀ ਰਾਤ ਧਾਰਮਿਕ ਸਮਾਗਮਾਂ ਦੇ ਨਾਂ 'ਤੇ ਪੂਰੇ ਇਲਾਕੇ ਦੀ ਸ਼ਾਂਤੀ ਭੰਗ ਕਰਨਾ ਧਰਮ ਦਾ ਕੰਮ ਹੈ। ਜੇ ਸ਼ੋਰ ਮਚਾ ਕੇ ਧਰਮ ਦੇ ਕੰਮ ਪੂਰੇ ਹੁੰਦੇ ਤਾਂ ਸਾਡੇ ਸਾਧ ਸੰਤ ਮਹਾਂਪੁਰਖ ਹਿਮਾਲਿਆਂ ਦੀਆਂ ਗੁਫਾਵਾਂ ਵਿੱਚ ਸ਼ਾਂਤੀ ਲੱਭਣ ਨਾ ਜਾਂਦੇ। ਭਗਵਾਨ ਨੂੰ ਹਰ ਧਰਮ ਅਤੇ ਫਿਰਕੇ ਨੇ ਆਦ੍ਰਿਸ਼ ਮੰਨਿਆ ਹੈ। ਕਦੇ ਵਿਸ਼ੇਸ਼ ਸਮਾਗਮਾਂ ਵਿੱਚ ਕਾਨੂੰਨ ਦੀ ਮਨਜ਼ੂਰੀ ਲੈ ਕੇ ਲਾਊਡ ਸਪੀਕਰ ਵਜਾਏ ਜਾਣ, ਅਜਿਹਾ ਕਰਨ ਲਈ ਤਾਂ ਉਤਰ ਪ੍ਰਦੇਸ਼ ਹਾਈ ਕੋਰਟ ਨੇ ਵੀ ਸੁਝਾਅ ਦਿੱਤਾ ਹੈ, ਪਰ ਬਿਨਾਂ ਮਨਜ਼ੂਰੀ ਤੇ ਲੋਕਾਂ ਦੇ ਦੁੱਖ ਸੁੱਖ ਦਾ ਧਿਆਨ ਰੱਖੇ ਬਿਨਾਂ ਸ਼ੋਰ ਪ੍ਰਦੂਸ਼ਣ ਫੈਲਾਉਣਾ, ਲੋਕਾਂ ਨੂੰ ਪ੍ਰੇਸ਼ਾਨ ਕਰਨਾ ਕਿੱਥੋਂ ਦਾ ਧਰਮ ਹੈ? ਸਰਕਾਰ ਤੇ ਕੋਈ ਸੰਸਥਾ ਇਹ ਸਰਵੇ ਕਰਵਾਏ ਕਿ ਧਾਰਮਿਕ ਸਮਾਗਮਾਂ ਦੇ ਨਾਂ 'ਤੇ ਨਹੀਂ, ਰੋਜ਼ ਦੇ ਕੰਮਾਂ ਲਈ ਕਿੰਨੀ ਵਾਰ ਲਾਊਡ ਸਪੀਕਰਾਂ ਦੀ ਵਰਤੋਂ ਹੁੰਦੀ ਹੈ। ਲਾਊਡ ਸਪੀਕਰਾਂ ਕਾਰਨ ਲੋਕਾਂ ਨੂੰ ਕਿੰਨੀ ਪ੍ਰੇਸ਼ਾਨੀ ਹੁੰਦੀ ਹੈ। ਅਦਾਲਤਾਂ ਨੂੰ ਵੀ ਇਹ ਕਰਨ ਲਈ ਕਹਿਣਾ ਚਾਹੀਦਾ ਹੈ। ਕਾਨੂੰਨ ਹੈ, ਪਰ ਉਸ ਦਾ ਪਾਲਣ ਕੋਈ ਨਹੀਂ ਕਰਦਾ। ਲੋਕ ਸਹੂਲਤਾਂ ਵਿੱਚ ਅੜਿੱਕਾ ਬਣਨਾ ਵੱਡਾ ਜੁਰਮ ਹੈ, ਪਰ ਸ਼ਹਿਰਾਂ ਵਿੱਚ ਵੱਡੇ-ਵੱਡੇ ਬਾਜ਼ਾਰਾਂ ਵਿੱਚ ਕਦੇ-ਕਦੇ ਸੜਕਾਂ ਰੋਕ ਕੇ ਸਮਾਜਿਕ ਜਾਂ ਧਾਰਮਿਕ ਸਮਾਗਮ ਕੀਤੇ ਜਾਂਦੇ ਹਨ। ਤਿੰਨ-ਤਿੰਨ ਦਿਨ ਮੁੱਖ ਮਾਰਗ ਬੰਦ ਕੀਤਾ ਹੁੰਦਾ ਹੈ, ਇਸ ਕਾਰਨ ਆਮ ਵਿਅਕਤੀ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਬਾਰੇ ਇਹ ਲੋਕ ਸੋਚਦੇ ਵੀ ਨਹੀਂ ਹਨ। ਸਰਕਾਰ ਨੂੰ ਇਹ ਸਮੱਸਿਆ ਹੱਲ ਕਰਨ ਲਈ ਵੀ ਕੰਮ ਕਰਨਾ ਚਾਹੀਦਾ ਹੈ।

ਅੱਜ ਕੱਲ੍ਹ ਭਲਾਈ ਦਾ ਫੈਸਲਾ ਲੈਣ ਸਮੇਂ ਸਵਾਰਥ ਤੇ ਰਾਜਨੀਤਕ ਚਸ਼ਮੇ ਤੋਂ ਉਪਰ ਉਠ ਕੇ ਸੋਚਣ ਦੀ ਲੋੜ ਹੈ। ਲੋੜ ਹੈ ਕਬੀਰ ਵਰਗੇ ਮਹਾਂਪੁਰਖਾਂ ਦੀ ਜਿਨ੍ਹਾਂ ਨੇ ਆਪਣੀ ਗੱਲ ਬੜੀ ਬੇਬਾਕੀ ਅਤੇ ਸੰਜਮ ਨਾਲ ਲੋਕਾਂ ਸਾਹਮਣੇ ਰੱਖੀ। ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਨਾਅਰਾ ਲਾਉਣ ਵਾਲੇ ਬਹੁਤ ਘੱਟ ਲੋਕ ਹਨ, ਜਿਹੜੇ ਸੰਤ ਕਬੀਰ ਦੇ ਸੁਨੇਹੇ ਨੂੰ ਖੁੱਲ੍ਹੇ ਮਨ ਨਾਲ ਪ੍ਰਵਾਨ ਕਰ ਲੈਣਗੇ।

# ਪੰਜਾਬ ਦੀਆਂ ਜੇਲ੍ਹਾਂ ਵਿੱਚ ਜੈਮਰ ਲਾਉਣ ਦਾ ਕੰਮ ਤਿੰਨ ਮਹੀਨਿਆਂ ਵਿੱਚ ਪੂਰਾ ਕਰਨ ਦੇ ਹੁਕਮ



ਚੰਡੀਗੜ੍ਹ, 4 ਨਵੰਬਰ (ਪੋਸਟ ਬਿਊਰੋ)- ਪੰਜਾਬ ਦੀਆਂ ਜੇਲ੍ਹਾਂ ਵਿੱਚ ਕੈਦੀਆਂ ਤੋਂ ਆਏ ਦਿਨ ਮੋਬਾਈਲ ਫੋਨ ਫੜੇ ਜਾਣ, ਕੈਦੀਆਂ ਵੱਲੋਂ ਜੇਲ੍ਹ 'ਚੋਂ ਸੋਸ਼ਲ ਮੀਡੀਆ 'ਤੇ ਸਰਗਰਮੀਆਂ ਚਲਾਉਣ ਅਤੇ ਬਾਹਰ ਸੁਨੇਹੇ ਲਾਉਣ ਦੀਆਂ ਘਟਨਾਵਾਂ ਦਾ ਹਾਈ ਕੋਰਟ ਨੇ ਸਖਤ ਨੋਟਿਸ ਲਿਆ ਹੈ ਅਤੇ ਅਜਿਹੇ ਜੁਰਮਾਂ ਨੂੰ ਨੱਥ ਪਾਉਣ ਲਈ ਪੰਜਾਬ ਸਰਕਾਰ ਨੂੰ ਸੂਬੇ ਦੀਆਂ ਸਭ ਕੇਂਦਰੀ ਤੇ ਜ਼ਿਲ੍ਹਾ ਜੇਲ੍ਹਾਂ ਵਿੱਚ ਤਿੰਨ ਮਹੀਨਿਆਂ ਵਿੱਚ ਮੋਬਾਈਲ ਜੈਮਰ ਲਾਉਣ ਦੇ ਹੁਕਮ ਦਿੱਤੇ ਹਨ।

ਇਸ ਸੰਬੰਧ ਵਿੱਚ ਹਾਈ ਕੋਰਟ ਨੇ ਕਿਹਾ ਕਿ ਜੇਲ੍ਹਾਂ ਵਿੱਚ ਗੈਰ ਕਾਨੂੰਨੀ ਸੂਚਨਾਵਾਂ ਨਾ ਪਹੁੰਚ ਸਕਣ, ਇਸ ਉੱਤੇ ਰੋਕ ਲਾਉਣ ਲਈ ਇਹ ਬਹੁਤ ਜ਼ਰੂਰੀ ਹੈ। ਨਾਲ ਹਾਈ ਕੋਰਟ ਨੇ ਜੇਲ੍ਹ ਵਿੱਚ ਕੈਦੀਆਂ ਲਈ ਵਧੀਆ ਸਹੂਲਤਾਂ ਦੇਣ ਲਈ ਵੀ ਪੰਜਾਬ ਸਰਕਾਰ ਨੂੰ ਹੁਕਮ ਦਿੱਤੇ ਹਨ। ਜਸਟਿਸ ਰਾਜੀਵ ਸ਼ਰਮਾ ਅਤੇ ਜਸਟਿਸ ਐੱਚ ਐੱਸ ਸਿੱਧੂ ਦੀ ਬੈਂਚ ਨੇ ਸਟੇਟ ਲੀਗਲ ਸਰਵਿਸਿਜ਼ ਅਥਾਰਟੀ ਨੂੰ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਦਾ ਹਰ 15 ਦਿਨ ਵਿੱਚ ਇੱਕ ਵਾਰ ਦੌਰਾ ਕਰ ਕੇ ਜਾਂਚ ਕਰਨ ਦੇ ਹੁਕਮ ਵੀ ਦਿੱਤੇ ਹਨ ਤਾਂ ਕਿ ਜੇਲ੍ਹਾਂ ਦਾ ਨਿਰੀਖਣ ਕੀਤਾ ਜਾ ਸਕੇ ਤੇ ਪੰਜਾਬ ਸਰਕਾਰ ਨੂੰ ਹੁਕਮ ਦਿੱਤੇ ਗਏ ਹਨ ਕਿ ਜੇਲ੍ਹ ਵਿੱਚ ਕੈਦੀਆਂ ਦੀ ਬੈਠਕ, ਟਾਇਲੈਟ ਆਦਿ ਸਾਫ ਸੁਥਰੇ ਰੱਖੇ ਜਾਣ ਅਤੇ ਕੈਦੀਆਂ ਨੂੰ ਸਰਦੀਆਂ ਵਿੱਚ ਸਾਫ-ਸੁਥਰੇ ਕੰਬਲ, ਰਜਾਈ ਅਤੇ ਗਰਮੀਆਂ ਵਿੱਚ ਬੈੱਡਸ਼ੀਟਾਂ ਦਿੱਤੀਆਂ ਜਾਣ।

ਵਰਨਣ ਯੋਗ ਹੈ ਕਿ ਜੇਲ੍ਹਾਂ ਵਿੱਚ ਕੈਦੀਆਂ ਉੱਤੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਤਸ਼ੱਦਦ ਦੇ ਮਾਮਲੇ ਸਾਹਮਣੇ ਆਉਂਦੇ ਹਨ। ਹਾਈ ਕੋਰਟ ਨੇ ਕਿਹਾ ਹੈ ਕਿ ਜੇ ਕਿਸੇ ਕੈਦੀ ਨਾਲ ਅਜਿਹਾ ਹੁੰਦਾ ਹੈ ਤਾਂ ਉਹ ਸਿੱਧੇ ਤੌਰ 'ਤੇ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਨੂੰ ਸ਼ਿਕਾਇਤ ਕਰ ਸਕਦਾ ਹੈ। ਇਸ ਬਾਰੇ ਹਾਈ ਕੋਰਟ ਨੇ ਜੇਲ੍ਹ ਸੁਪਰਡੈਂਟ ਨੂੰ ਵੀ ਹੁਕਮ ਦਿੱਤੇ ਹਨ ਕਿ ਉਹ ਇਹ ਯਕੀਨੀ ਬਣਾਉਣ ਕਿ ਜੇਲ੍ਹ ਵਿੱਚ ਕਿਸੇ ਕੈਦੀ ਦਾ ਟਾਰਚਰ ਨਾ ਹੋਵੇ ਅਤੇ ਨਾ ਹੀ ਕੋਈ ਸਰੀਰਕ ਅਤੇ ਮਾਨਸਿਕ ਤੌਰ 'ਤੇ ਤਸ਼ੱਦਦ ਹੋਵੇ। ਜੇ ਅਜਿਹਾ ਪਾਇਆ ਗਿਆ ਤਾਂ ਜੇਲ੍ਹ ਸੁਪਰਡੈਂਟ ਇਸ ਦਾ ਜ਼ਿੰਮੇਵਾਰ ਹੋਵੇਗਾ।

# ਪਰਾਲੀ ਸਾੜਨ ਵਾਲੇ 2923 ਕਿਸਾਨਾਂ ਵਿਰੁੱਧ ਕਾਰਵਾਈ ਕੀਤੀ ਜਾ ਚੁੱਕੀ ਹੈ: ਕੈਪਟਨ ਅਮਰਿੰਦਰ



ਚੰਡੀਗੜ੍ਹ, 4 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਪਰਾਲੀ ਸਾੜਨ ਦੇ ਵਿਰੁੱਧ ਮੁਹਿੰਮ ਵਿੱਚ ਇੱਕ ਨਵੰਬਰ ਤੱਕ ਪਰਾਲੀ ਸਾੜਨ ਦੇ ਸਾਹਮਣੇ ਆਏ 20,729 ਕੇਸਾਂ ਵਿੱਚੋਂ 2923 ਕਿਸਾਨਾਂ ਵਿਰੁੱਧ ਕਾਰਵਾਈ ਕੀਤੀ ਜਾ ਚੁੱਕੀ ਹੈ। ਸਾਲ 2018 ਦੇ ਮੁਕਾਬਲੇ ਇਸ ਸਾਲ ਅਜਿਹੇ ਕੇਸਾਂ ਵਿੱਚ 10-20 ਫੀਸਦੀ ਤੱਕ ਕਮੀ ਆਉਣ ਦੀ ਆਸ ਕੀਤੀ ਜਾਂਦੀ ਹੈ।

ਵਰਨਣ ਯੋਗ ਹੈ ਕਿ ਪਿਛਲੇ ਸਾਲ ਪਰਾਲੀ ਸਾੜਨ ਦੇ 49,000 ਮਾਮਲੇ ਸਾਹਮਣੇ ਆਏ ਸਨ ਤੇ ਇਸ ਸਾਲ ਸੂਬਾ ਸਰਕਾਰ ਨੂੰ ਹਾਲੇ ਤੱਕ ਦੀਆਂ ਰਿਪੋਰਟਾਂ ਮੁਤਾਬਕ 20729 ਮਾਮਲੇ ਸਾਹਮਣੇ ਆਏ ਤੇ ਸੱਤਰ ਫੀਸਦੀ ਝੋਨਾ ਵੱਢਿਆ ਜਾ ਚੁੱਕਾ ਹੈ। ਕੱਲ੍ਹ ਜਾਰੀ ਕੀਤੇ ਇੱਕ ਬਿਆਨ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਹਾਈ ਕੋਰਟ ਵੱਲੋਂ ਕਿਸਾਨਾਂ ਨੂੰ ਬੀਤੇ ਸਾਲ ਕੀਤੇ ਜੁਰਮਾਨਿਆਂ ਦੀ ਵਸੂਲੀ ਕਰਨ 'ਤੇ ਲਾਈ ਰੋਕ ਦੇ ਬਾਵਜੂਦ ਸੂਬਾ ਸਰਕਾਰ ਨੇ ਪਰਾਲੀ ਨੂੰ ਅੱਗ ਲਾਉਣ ਦੇ ਖਤਰਨਾਕ ਰੁਝਾਨ ਵਿਰੁੱਧ ਜ਼ੋਰਦਾਰ ਮੁਹਿੰਮ ਚਲਾਈ ਹੋਈ ਹੈ। ਉਨ੍ਹਾਂ ਨੇ ਆਸ ਜ਼ਾਹਰ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਦਿੱਲੀ ਵਿੱਚ ਹਵਾ ਪ੍ਰਦੂਸ਼ਣ ਨਾਲ ਪੈਦਾ ਹੋਈ ਅਤਿ ਗੰਭੀਰ ਸਥਿਤੀ ਬਾਰੇ ਲਿਖੇ ਪੱਤਰ ਨੂੰ ਪ੍ਰਧਾਨ ਮੰਤਰੀ ਵਿਚਾਰਨਗੇ ਅਤੇ ਹਾਂ ਪੱਖੀ ਹੁੰਗਾਰਾ ਦੇਣਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਸਮੱਸਿਆ ਤੋਂ ਭਲੀ ਭਾਂਤ ਜਾਣੂ ਹੈ ਅਤੇ ਪਰਾਲੀ ਸਾੜਨ ਦੀਆਂ ਘਟਨਾਵਾਂ ਰੋਕਣ ਲਈ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ। ਇਸ ਮੁਹਿੰਮ ਹੇਠ ਬਣਾਈਆਂ ਟੀਮਾਂ ਨੇ ਇੱਕ ਨਵੰਬਰ ਤੱਕ ਪਰਾਲੀ ਨੂੰ ਅੱਗ ਲਾਉਣ ਦੀਆਂ 11286 ਥਾਵਾਂ ਦਾ ਦੌਰਾ ਕੀਤਾ ਅਤੇ 1585 ਕੇਸਾਂ ਵਿੱਚ ਮੁਆਵਜ਼ੇ ਵਜੋਂ 41.62 ਲੱਖ ਰੁਪਏ ਦੀ ਵਸੂਲੀ ਕਿਸਾਨਾਂ ਸਿਰ ਪਾਈ ਹੈ, 1136 ਮਾਮਲਿਆਂ ਵਿੱਚ ਖਸਰਾ ਗਿਰਦਾਵਰੀ ਵਿੱਚ ਰੈਡ ਐਂਟਰੀ ਕੀਤੀ ਤੇ ਕਾਨੂੰਨ ਦੀ ਉਲੰਘਣਾ ਵਾਲੇ 202 ਮਾਮਲਿਆਂ ਵਿੱਚ ਕਾਨੂੰਨੀ ਕਾਰਵਾਈ ਕੀਤੀ ਹੈ।

# ਨੌਜਵਾਨ ਨੂੰ ਕੈਨੇਡਾ ਭੇਜਣ ਦੇ ਨਾਂਅ ਉਤੇ 13 ਲੱਖ ਦੀ ਠੱਗੀ

ਮੋਗਾ, 4 ਨਵੰਬਰ (ਪੋਸਟ ਬਿਊਰੋ)- ਰਿਸ਼ਤੇਦਾਰਾਂ ਵੱਲੋਂ ਨੌਜਵਾਨ ਨੂੰ ਕੈਨੇਡਾ ਭੇਜਣ ਦੇ ਨਾਂਅ ਉੱਤੇ 13 ਲੱਖ ਦੀ ਠੱਗੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਨੌਜਵਾਨ ਦੀ ਮਾਂ ਦੀ ਸ਼ਿਕਾਇਤ 'ਤੇ ਚਾਚਾ-ਭਤੀਜਾ ਦੇ ਖਿਲਾਫ ਕੇਸ ਦਰਜ ਕੀਤਾ ਹੈ। ਦੋਸ਼ੀ ਘਰੋਂ ਫਰਾਰ ਹੋ ਗਏ ਹਨ।

ਪਿੰਡ ਮਟਵਾਨੀ ਦੀ ਵਾਸੀ ਪਰਮਜੀਤ ਕੌਰ ਨੇ 19 ਫਰਵਰੀ 2019 ਨੂੰ ਐੱਸ ਐੱਸ ਪੀ ਮੋਗਾ ਨੂੰ ਸ਼ਿਕਾਇਤ ਦੇ ਕੇ ਦੋਸ਼ ਲਾਇਆ ਕਿ ਉਹ ਆਪਣੇ ਬੇਟੇ ਸਤਵਿੰਦਰ ਸਿੰਘ ਨੂੰ ਕੈਨੇਡਾ ਭੇਜਣਾ ਚਾਹੁੰਦੀ ਸੀ। ਇਸ 'ਤੇ ਜਵਾਈ ਸ਼ੇਰਪੁਰਾ ਵਾਸੀ ਨੇ ਉਨ੍ਹਾਂ ਨੂੰ ਦੱਸਿਆ ਕਿ ਉਸ ਦੇ ਫੁੱਫੜ ਬੱਧਨੀ ਕਲਾਂ ਦੇ ਸਵਰਣ ਸਿੰਘ ਦੇ ਕੁੜਮ ਚਰਨਜੀਤ ਸਿੰਘ ਤੇ ਉਸ ਦਾ ਭਤੀਜਾ ਸਰਬਜੀਤ ਸਿੰਘ ਲੋਕਾਂ ਨੂੰ ਵਿਦੇਸ਼ ਭੇਜਣ ਦਾ ਕੰਮ ਕਰਦੇ ਹਨ। ਮਹਿਲਾ ਨੇ ਦੱਸਿਆ ਸਾਲ 2013 ਵਿੱਚ ਚਰਨਜੀਤ ਸਿੰਘ ਤੇ ਉਸ ਦੇ ਭਤੀਜੇ ਸਰਬਜੀਤ ਸਿੰਘ ਨਾਲ ਮੁਲਾਕਾਤ ਹੋਈ ਅਤੇ 16 ਲੱਖ ਵਿੱਚ ਸੌਦਾ ਤੈਅ ਹੋਇਆ। ਫਿਰ ਅੱਧਾ ਕਿੱਲਾ ਜ਼ਮੀਨ ਵੇਚ ਕੇ ਮਿਲੇ 16 ਲੱਖ ਉਨ੍ਹਾਂ ਨੂੰ ਦਿੱਤੇ। ਉਨ੍ਹਾਂ ਲੋਕਾਂ ਨੇ ਕਿਹਾ ਕਿ ਉਨ੍ਹਾਂ ਦੇ ਬੇਟੇ ਨੂੰ ਪਹਿਲਾਂ ਸਾਊਥ ਅਫਰੀਕਾ ਭੇਜਿਆ ਜਾਏਗਾ। ਉਥੇ ਇੱਕ ਹਫਤੇ ਦੇ ਅੰਦਰ ਅੱਗੇ ਕੈਨੇਡਾ ਭੇਜ ਦਿੱਤਾ ਜਾਏਗਾ। ਜਨਵਰੀ 2015 ਵਿੱਚ ਉਸ ਦੇ ਬੇਟੇ ਸਤਵਿੰਦਰ ਸਿੰਘ ਨੂੰ ਚਾਚਾ ਭਤੀਜਾ ਨੇ ਸਾਊਥ ਅਫਰੀਕਾ ਭੇਜ ਦਿੱਤਾ। ਉਨ੍ਹਾਂ ਵੱਲੋਂ ਬੇਟੇ ਨੂੰ ਦੋ ਲੱਖ ਰੁਪਏ ਘਰੋਂ ਉਸ ਦੇ ਖਾਤੇ ਵਿੱਚ ਜਮ੍ਹਾ ਕਰਵਾਏ। ਦੋ ਮਹੀਨੇ ਉਥੇ ਰਹਿਣ ਦੇ ਬਾਅਦ ਉਹ ਵਾਪਸ ਆ ਗਿਆ। ਜਦ ਰਿਸ਼ਤੇਦਾਰਾਂ ਨੂੰ ਕਿਹਾ ਕਿ ਬੇਟੇ ਨੂੰ ਵਿਦੇਸ਼ ਭੇਜੋ, ਨਹੀਂ ਤਾਂ ਉਨ੍ਹਾਂ ਦੇ 18 ਲੱਖ ਰੁਪਏ ਵਾਪਸ ਮੋੜੇ ਤਾਂ ਉਕਤ ਲੋਕਾਂ ਨੇ ਬਾਅਦ ਵਿੱਚ ਪੰਜ ਲੱਖ ਰੁਪਏ ਮੋੜ ਦਿੱਤੇ, ਜਦ ਕਿ 13 ਲੱਖ ਰੁਪਏ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ।

# ਜਾਅਲੀ ਆਈ ਕਾਰਡ ਦੀ ਦੁਰਵਰਤੋਂ ਕਰਨ ਵਾਲੇ 8 ਗ੍ਰਿਫ਼ਤਾਰ



ਲਾਲੜੂ, 4 ਨਵੰਬਰ (ਪੋਸਟ ਬਿਊਰੋ)- ਸਥਾਨਕ ਪੁਲਿਸ ਨੇ ਸਰਕਾਰੀ ਅਫ਼ਸਰਾਂ ਦੇ ਜਾਅਲੀ ਪਛਾਣ ਪੱਤਰ ਬਣਾ ਕੇ ਉਨ੍ਹਾਂ ਦੀ ਦੁਰਵਰਤੋਂ ਕਰਨ ਵਾਲੇ ਇਕ ਗੈਂਗ ਦਾ ਪਰਦਾ ਫਾਸ਼ ਕਰਕੇ ਉਸ ਦੇ 8 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਵਿੱਚੋਂ ਇਕ ਮੈਂਬਰ ਤੋਂ ਇਕ ਪਿਸਤੌਲ ਵੀ ਬਰਾਮਦ ਕੀਤੀ ਗਈ ਹੈ। ਦੋਸ਼ੀਆਂ ਤੋਂ ਪ੍ਰੈਸ, ਪੁਲਿਸ, ਡਿਫੈਂਸ ਫੋਰਸਿਜ਼ ਦੇ ਅਫ਼ਸਰਾਂ ਸਣੇ ਕਈ ਅਸਰਦਾਰ ਵਿਭਾਗਾਂ ਦੇ ਜਾਅਲੀ ਪਛਾਣ ਪੱਤਰ ਮਿਲੇ ਹਨ। ਇਸ ਗੈਂਗ ਦੇ ਤਾਰ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਤਕ ਫੈਲੇ ਹੋਏ ਦੱਸੇ ਜਾ ਰਹੇ ਹਨ।

ਮਿਲੀ ਜਾਣਕਾਰੀ ਅਨੁਸਾਰ ਦੱਪਰ ਟੋਲ ਪਲਾਜਾ ਦੇ ਕਾਰਪੋਰੇਟਰ ਰਿਲੇਸ਼ਨ ਅਫ਼ਸਰ ਦੀਪਕ ਅਰੋੜਾ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ ਸੀ ਕਿ ਕੁਝ ਲੋਕ ਡਿਫੈਂਸ ਫੋਰਸਿਜ਼ ਆਦਿ ਵਿਭਾਗਾਂ ਦੇ ਅਫ਼ਸਰਾਂ ਦੇ ਜਾਅਲੀ ਕਾਰਡ ਬਣਾ ਕੇ ਉਨ੍ਹਾਂ ਦੇ ਟੋਲ ਵਿਚ ਛੋਟ ਦੇ ਲਈ ਦੁਰਵਰਤੋਂ ਕਰਦੇ ਹਨ। ਇਸ ਬਾਰੇ 30 ਅਕਤੂਬਰ ਨੂੰ ਥਾਣਾ ਲਾਲੜੂ ਵਿਚ ਕੇਸ ਦਰਜ ਹੋਇਆ ਸੀ। ਐੱਸ ਐੱਚ ਓ ਇੰਸਪੈਕਟਰ ਰਜਨੀਸ਼ ਚੌਧਰੀ ਨੇ ਦੱਸਿਆ ਕਿ ਇਸ ਦੀ ਡੂੰਘਾਈ ਨਾਲ ਜਾਂਚ ਗਈ ਤਾਂ ਦੋਸ਼ੀ ਬ੍ਰਿਜੇਸ ਭਾਰਦਵਾਜ ਵਾਸੀ ਅਲੀਗੜ੍ਹ ਯੂ ਪੀ, ਜਿਹੜਾ ਅੱਜਕੱਲ੍ਹ ਦੜੂਆ, ਚੰਡੀਗੜ੍ਹ ਰਹਿੰਦਾ ਹੈ ਅਤੇ ਮੋਹਿਤ ਸ਼ਰਮਾ ਵਾਸੀ ਝੱਜਰ ਬੇਰੀ, ਜਿਲ੍ਹਾ ਝੱਜਰ, ਹਰਿਆਣਾ ਨੂੰ ਨਾਮਜ਼ਦ ਕਰਕੇ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਉਕਤ ਦੋਸ਼ੀਆਂ ਤੋਂ ਪੁਲਿਸ, ਡਿਫੈਂਸ ਫੋਰਸਿਜ਼, ਪ੍ਰੈਸ ਅਤੇ ਹੋਰ ਵਿਭਾਗਾਂ ਦੇ ਜਾਅਲੀ ਪਛਾਣ ਪੱਤਰ ਬਰਾਮਦ ਹੋਏ ਹਨ। ਇਹ ਦੋਸ਼ੀ ਜਾਅਲੀ ਪਛਾਣ ਪੱਤਰਾਂ ਨਾਲ ਆਮ ਲੋਕਾਂ ਅਤੇ ਵਪਾਰੀਆਂ ਨੂੰ ਤੰਗ ਵੀ ਕਰਦੇ ਸਨ। 31 ਅਕਤੂਬਰ ਨੂੰ ਦੋਵਾਂ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕਰਨ ਉੱਤੇ ਉਨ੍ਹਾਂ ਦੇ ਇਕ ਦਿਨ ਦਾ ਪੁਲਿਸ ਰਿਮਾਂਡ ਹਾਸਲ ਹੋਇਆ ਸੀ।

ਇੰਸਪੈਕਟਰ ਰਜਨੀਸ਼ ਚੌਧਰੀ ਅਨੁਸ-ਾਰ ਇਸ ਰਿਮਾਂਡ ਮੌਕੇ ਉਨ੍ਹਾਂ ਦੇ ਸਾਥੀਆਂ ਵਿਚ ਵਰਿੰਦਰ ਸਿੰਘ ਰਾਣਾ ਪਿੰਡ ਬਾਤਾ, ਜ਼ਿਲ੍ਹਾ ਕੈਥਲ, ਅਨੀਕੇਤ ਵਾਸੀ ਰਾਮਪੁਰ ਬੁਸ਼ੈਹਰ, ਜ਼ਿਲ੍ਹਾ ਸ਼ਿਮਲਾ, ਜੋ ਫਿਲਹਾਲ ਪੰਚਕੂਲਾ ਵਿਚ ਰਹਿੰਦਾ ਹੈ, ਅਤੇ ਸਚਿਨ ਵਾਸੀ ਪੰਚਕੂਲਾ, ਸੰਗੀਤ ਵਾਸੀ ਪੰਚਕੂਲਾ, ਅਰਵਿੰਦ ਕੁਮਾਰ ਵਾਸੀ ਮਹਿੰਦਰ ਨਗਰ, ਜ਼ਿਲ੍ਹਾ ਅਲੀਗੜ੍ਹ ਯੂ ਪੀ ਤੇ ਰਾਜੀਵ ਠਾਕੁਰ ਵਾਸੀ ਨਰਸਿੰਗ ਕਾਲੋਨੀ ਉਰਫ਼ ਚੱਕ ਖੜਕ ਸਿੰਘ ਵਾਲਾ ਉਰਫ਼ ਡੂਮਵਾਲੀ, ਜ਼ਿਲ੍ਹਾ ਬਠਿੰਡਾ ਨੂੰ ਨਾਮਜ਼ਦ ਕੀਤਾ ਗਿਆ ਤੇ ਇਨ੍ਹਾਂ ਨੂੰ ਜਾਅਲੀ ਆਈ ਕਾਰਡ ਬਣਾਉਂਦੇ ਫੜਿਆ ਹੈ। ਇਨ੍ਹਾਂ ਤੋਂ ਕਾਫ਼ੀ ਮਾਤਰਾ ਵਿੱਚ ਪ੍ਰੈੱਸ, ਪੁਲਿਸ, ਡਿਫੈਂਸ ਫੋਰਸਿਜ਼ ਸਮੇਤ ਵੱਖ-ਵੱਖ ਵਿਭਾਗਾਂ ਦੇ ਜਾਅਲੀ ਆਈ ਕਾਰਡ ਮਿਲੇ ਹਨ। ਇਕ ਜਣੇ ਤੋਂ ਦੇਸੀ ਪਿਸਤੌਲ ਵੀ ਬਰਾਮਦ ਹੋਇਆ ਹੈ।

## ਸਦਨ ਦੀ ਮਾਣਹਾਨੀ ਦਾ ਮਾਮਲਾ:

# ਸੁਖਬੀਰ ਸਿੰਘ ਬਾਦਲ ਵਿਰੁੱਧ ਕਾਰਵਾਈ ਲਈ ਲੋਕ ਸਭਾ ਸਪੀਕਰ ਨੂੰ ਸਿਫਾਰਸ਼



ਚੰਡੀਗੜ੍ਹ, 4 ਨਵੰਬਰ (ਪੋਸਟ ਬਿਊਰੋ)- ਪੰਜਾਬ ਦੀਆਂ ਉੱਪ ਚੋਣਾਂ ਵਾਲੇ ਚਾਰ ਵਿਧਾਨ ਸਭਾ ਹਲਕਿਆਂ ਵਿੱਚੋਂ ਤਿੰਨ ਦੀ ਜਿੱਤ ਹਾਸਲ ਕਰਨ ਅਤੇ ਵਿਸ਼ੇਸ਼ ਕਰ ਕੇ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਜਲਾਲਾਬਾਦ ਸੀਟ ਜਿੱਤ ਕੇ ਸੱਤਾਧਾਰੀ ਕਾਂਗਰਸ ਦੀ ਸਰਕਾਰ ਨੇ ਵਿਧਾਨ ਸਭਾ ਦੇ ਨਿਯਮਾਂ ਰਾਹੀਂ ਸੁਖਬੀਰ ਸਿੰਘ ਬਾਦਲ ਦੇ ਵਿਰੁੱਧ ਵਿਧਾਨ ਸਭਾ ਸਪੀਕਰ ਨੂੰ ਸ਼ਿਕੰਜਾ ਕੱਸਣ ਲਈ ਲਿਖ ਭੇਜਿਆ ਹੈ।

ਜ਼ਿਕਰ ਯੋਗ ਹੈ ਕਿ ਪਿਛਲੇ ਸਾਲ ਪੰਜਾਬ ਵਿਧਾਨ ਸਭਾ ਸੈਸ਼ਨ ਵਿੱਚ ਵੱਖ ਵੱਖ ਮੁੱਦਿਆਂ ਅਤੇ ਖਾਸ ਕਰ ਕੇ ਚਰਚਾ ਦਾ ਮੁੱਖ ਮੁੱਦਾ ਬਣੇ ਬੇਅਦਬੀ ਮਾਮਲੇ ਉੱਤੇ ਵਿਸ਼ੇਸ਼ ਬਹਿਸ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਵਿਧਾਇਕ ਵਜੋਂ ਸਖਤ ਰੁਖ਼ ਧਾਰਨ ਕਰਦੇ ਹੋਏ ਪਹਿਲਾਂ ਸਪੀਕਰ ਰਾਣਾ ਕੇ ਪੀ ਸਿੰਘ ਵਿਰੁੱਧ ਭੱਦੀ ਭਾਸ਼ਾ ਬੋਲੀ ਤੇ ਰਣਜੀਤ ਸਿੰਘ ਦੀ ਕਮਿਸ਼ਨ ਦੀ ਰਿਪੋਰਟ ਪਾੜੀ ਅਤੇ ਫਿਰ ਦੋਸ਼ ਲਾਇਆ ਕਿ ਗਰਮ ਦਲੀਏ ਸਿੱਖ ਨੇਤਾ (ਖਾਲਿਸਤਾਨੀ) ਬਲਜੀਤ ਸਿੰਘ ਦਾਦੂਵਾਲ ਤੇ ਧਿਆਨ ਸਿੰਘ ਮੰਡ, ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰੀ ਰਿਹਾਇਸ਼ 'ਤੇ ਗਏ ਸਨ। ਵਿਧਾਨ ਸਭਾ ਸਕੱਤਰੇਤ ਤੋਂ ਵਿਸ਼ੇਸ਼ ਅਧਿਕਾਰ ਕਮੇਟੀ ਦੇ ਚੇਅਰਮੈਨ ਅਤੇ ਕੁੱਲ 12 ਵਿਧਾਇਕਾਂ ਦੀ ਇਸ ਕਮੇਟੀ ਨੂੰ ਜਾਰੀ ਚਿੱਠੀ ਵਿੱਚ ਸੁਖਬੀਰ ਸਿੰਘ ਬਾਦਲ ਵਿਰੁੱਧ ਦੋ ਦੋਸ਼ ਲਾਏ ਗਏ ਸਨ, ਜਿਨ੍ਹਾਂ ਬਾਰੇ ਪਿਛਲੀਆਂ ਦਰਜਨਾਂ ਬੈਠਕਾਂ ਵਿੱਚ ਕੇਸ ਵਿਚਾਰਿਆ ਗਿਆ ਸੀ। ਪਹਿਲਾ ਦੋਸ਼ ਵਿਧਾਨ ਸਭਾ ਦੇ ਸਦਨ ਅਤੇ ਸਪੀਕਰ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਵਿਰੁੱਧ ਨਿੱਜੀ ਦੂਸ਼ਣਬਾਜ਼ੀ ਕਰਨ ਦਾ ਅਤੇ ਦੂਜਾ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਉੱਤੇ ਬਹਿਸ ਦੌਰਾਨ ਗਲਤ ਬਿਆਨਬਾਜ਼ੀ ਦਾ ਹੈ। ਇਸ ਦੇ ਬਾਅਦ ਹਾਊਸ ਨੇ ਚਾਰ ਮੈਂਬਰੀ ਕਮੇਟੀ ਬਣਾਈ ਅਤੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਵਿਧਾਇਕ ਵਜੋਂ ਚੇਅਰਮੈਨ ਲਾਇਆ ਗਿਆ ਸੀ। ਇਸ ਕਮੇਟੀ ਦੀ ਨੌਂ ਸਫਿਆਂ ਦੀ ਰਿਪੋਰਟ ਪਿੱਛੋਂ ਪਾਰਲੀਮੈਂਟਰੀ ਮਾਮਲਿਆਂ ਦੇ ਮੰਤਰੀ ਬ੍ਰਹਮ ਮਹਿੰ-ਦਰਾ ਨੇ ਹਾਊਸ ਵਿੱਚ ਪ੍ਰਸਤਾਵ ਪਾਸ ਕਰਵਾ ਕੇ ਸੁਖਬੀਰ ਸਿੰਘ ਬਾਦਲ ਦੇ ਵਿਰੁੱਧ ਮਾਣਹਾਨੀ ਦਾ ਮਾਮਲਾ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪ ਦਿੱਤਾ ਸੀ। ਕੱਲ੍ਹ ਇਸ 12 ਮੈਂਬਰੀ ਕਮੇਟੀ ਦੀ ਬੈਠਕ ਵਿੱਚ ਸਾਰੇ ਤੱਥਾਂ ਤੇ ਰਿਪੋਰਟਾਂ ਉੱਤੇ ਵਿਚਾਰ ਕਰਨ ਪਿੱਛੋਂ ਕਮੇਟੀ ਨੇ ਵਿਧਾਨ ਸਭਾ ਸਪੀਕਰ ਨੂੰ ਪੁਰਜ਼ੋਰ ਸਿਫਾਰਸ਼ ਕੀਤੀ ਹੈ ਕਿ ਸੁਖਬੀਰ ਸਿੰਘ ਬਾਦਲ ਦੇ ਵਿਰੁੱਧ ਸਖਤ ਐਕਸ਼ਨ ਲੈਣ ਦੇ ਲਈ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਲਿਖ ਦਿੱਤਾ ਜਾਵੇ। ਸੁਖਬੀਰ ਸਿੰਘ ਬਾਦਲ ਇਸ ਵਕਤ ਫਿਰੋਜ਼ਪੁਰ ਸੀਟ ਤੋਂ ਪਾਰਲੀਮੈਂਟ ਦੇ ਮੈਂਬਰ ਹਨ। ਵਿਧਾਨ ਸਭਾ ਦੀ ਇਸ ਕਮੇਟੀ ਦੇ ਚੇਅਰਮੈਨ, ਫਰੀਦਕੋਟ ਤੋਂ ਸੀਨੀਅਰ ਕਾਂਗਰਸੀ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋ ਨੇ ਦੱਸਿਆ ਕਿ ਲੋਕ ਸਭਾ ਸਪੀਕਰ ਨੂੰ ਕਿਸੇ ਪਾਰਲੀਮੈਂਟ ਮੈਂਬਰ ਦੇ ਵਿਰੁੱਧ ਲਿਖਣਾ ਪਾਰਲੀਮੈਂਟਰੀ ਨਿਯਮਾਂ ਹੇਠ ਜਾਇਜ਼ ਹੈ। ਪੰਜਾਬ ਵਿਧਾਨ ਸਭਾ ਅਤੇ ਇਸ ਦੇ ਸਪੀਕਰ ਅਤੇ ਪਵਿੱਤਰ ਸਦਨ ਦੀ ਮਾਣਹਾਨੀ ਕਰਨ ਵਾਲੇ ਨੂੰ ਸਖਤ ਸਜ਼ਾ ਮਿਲਣੀ ਜ਼ਰੂਰੀ ਹੈ। ਸੀਨੀਅਰ ਕਾਂਗਰਸੀ ਮੰਤਰੀਆਂ, ਵਿਧਾਇਕਾਂ ਤੇ ਹੋਰ ਕਾਨੂੰਨਦਾਨਾਂ ਦਾ ਵਿਚਾਰ ਹੈ ਕਿ ਅਕਸਰ ਇਹੋ ਜਿਹੇ ਵਿਸ਼ੇਸ਼ ਅਧਿਕਾਰਾਂ ਦੀ ਮਾਣਹਾਨੀ ਦੇ ਮਾਮਲੇ ਇੱਕ ਮੈਂਬਰ ਦਾ ਅਹੁਦਾ ਖਤਮ ਕਰਨ ਨਾਲ ਜਾਂ ਉਸ ਦੇ ਕੇਂਦਰੀ ਪਾਰਲੀਮੈਂਟ ਵਿੱਚ ਜਾਣ ਪਿੱਛੋਂ ਖਤਮ ਕਰ ਦਿੱਤੇ ਜਾਂਦੇ ਹਨ, ਪਰ ਇਸ ਕੇਸ ਵਿੱਚ ਵਿਸ਼ੇਸ਼ ਤੌਰ ਉਤੇ ਅਕਾਲੀ ਦਲ ਦੇ ਪ੍ਰਧਾਨ ਦੇ ਫਸੇ ਹੋਣ ਕਰ ਕੇ ਅਤੇ ਇਸ 12 ਮੈਂਬਰੀ ਕਮੇਟੀ ਵਿੱਚ ਸੱਤ ਕਾਂਗਰਸੀ ਮੈਂਬਰ ਹੋਣ ਕਰ ਕੇ ਸੁਖਬੀਰ ਸਿੰਘ ਬਾਦਲ ਦੇ ਵਿਰੁੱਧ ਸ਼ਿਕੰਜਾ ਕੱਸਣ ਦੀ ਮਨਸ਼ਾ ਸ਼ੁਰੂ ਤੋਂ ਭਾਰੂ ਰਹੀ ਹੈ। ਵਰਨਣ ਯੋਗ ਹੈ ਕਿ ਪਿਛਲੇ 20 ਮਹੀਨਿਆਂ ਤੋਂ ਇਹ ਮਾਮਲਾ ਇਸ ਕਮੇਟੀ ਕੋਲ ਹੈ। ਇਸ ਕਮੇਟੀ ਦੇ ਚੇਅਰਮੈਨ ਕੁਸ਼ਲਦੀਪ ਸਿੰਘ ਢਿੱਲੋਂ ਤੋਂ ਇਲਾਵਾ ਬਾਕੀ ਦੇ ਗਿਆਰਾਂ ਵਿਧਾਇਕਾਂ ਵਿੱਚ ਸੱਤ ਕਾਂਗਰਸੀ ਅਮਰਿੰਦਰ ਸਿੰਘ ਰਾਜਾ ਵੜਿੰਗ, ਫਤਿਹਜੰਗ ਸਿੰਘ ਬਾਜਵਾ, ਅਵਤਾਰ ਹੈਨਰੀ ਜੂਨੀਅਰ, ਦਰਸ਼ਨ ਲਾਲ, ਡਾ: ਧਰਮਬੀਰ ਅਗਨੀਹੋਤਰੀ, ਕੁਲਦੀਪ ਵੈਦ ਅਤੇ ਪ੍ਰਗਟ ਸਿੰਘ ਹਨ। ਅਕਾਲੀ ਦਲ ਦੇ ਦੋ ਮੈਂਬਰ ਪਵਨ ਕੁਮਾਰ ਟੀਨੂੰ ਅਤੇ ਡਾਕਟਰ ਸੁਖਵਿੰਦਰ ਅਤੇ ਦੋ ਆਮ ਆਦਮੀ ਪਾਰਟੀ ਦੇ ਅਮਰਜੀਤ ਸਿੰਘ ਸੰਦੋਆ ਤੇ ਜਗਦੇਵ ਸਿੰਘ ਕਮਾਲੂ ਹਨ।

# ਭਾਖੜਾ 'ਚ ਛਾਲ ਮਾਰਨ ਵਾਲੀ ਵਿਦਿਆਰਥਣ ਦੀ ਲਾਸ਼ ਮਿਲੀ

ਪਟਿਆਲਾ, 4 ਨਵੰਬਰ (ਪੋਸਟ ਬਿਊਰੋ)- ਪੜ੍ਹਾਈ ਤੋਂ ਪ੍ਰੇਸ਼ਾਨ ਸਥਾਨਕ ਸ਼ਹਿਰ ਦੀ 11ਵੀਂ ਜਮਾਤ ਦੀ ਵਿਦਿਆਰਥਣ, ਜਿਸ ਨੇ ਭਾਖੜਾ ਨਹਿਰ 'ਚ ਛਾਲ ਮਾਰ ਲਈ ਸੀ, ਦੀ ਲਾਸ਼ ਕੱਲ੍ਹ ਹਰਿਆਣਾ ਦੇ ਰਤੀਆ ਖੇਤਰ ਵਿੱਚੋਂ ਮਿਲੀ ਹੈ। ਇਸ ਲੜਕੀ ਦੀ ਸਕੂਟਰੀ ਅਤੇ ਉਸ ਵੱਲੋਂ ਲਿਖਿਆ ਖੁਦਕੁਸ਼ੀ ਪੱਤਰ ਦੋ ਦਿਨ ਪਹਿਲਾਂ ਨਹਿਰ ਕੋਲੋਂ ਮਿਲ ਗਿਆ ਸੀ। ਮਿਲੀ ਜਾਣਕਾਰੀ ਅਨੁਸਾਰ ਸਥਾਨਕ ਸ਼ਹਿਰ ਦੇ ਇੱਕ ਸਕੂਲ 'ਚ ਗਿਆਰਵੀਂ ਜਮਾਤ ਵਿੱਚ ਪੜ੍ਹਦੀ ਖੁਸ਼ਪ੍ਰੀਤ ਕੌਰ ਨਾਂ ਦੀ ਇਹ ਲੜਕੀ 28 ਅਕਤੂਬਰ ਤੋਂ ਲਾਪਤਾ ਸੀ। ਉਸ ਦਿਨ ਉਹ ਸਵੇਰੇ 11 ਵਜੇ ਘਰੋਂ ਸਕੂਟਰੀ ਉੱਤੇ ਸਿੱਧੂਵਾਲ ਪਿੰਡ ਵੱਲ ਗਈ ਸੀ ਪਰ ਜਦੋਂ ਕਾਫੀ ਦੇਰ ਵਾਪਸ ਨਾ ਆਈ ਤਾਂ ਉਸ ਦੇ ਪਰਵਾਰ ਨੇ ਉਸ ਦੀ ਤਲਾਸ਼ ਸ਼ੁਰੂ ਕੀਤੀ। ਇਸ ਦੌਰਾਨ ਉਸ ਦੀ ਸਕੂਟਰੀ ਇੱਥੇ ਭਾਖੜਾ ਦੇ ਸਿੱਧੂਵਾਲ ਦੇ ਪੁਲ 'ਤੇ ਖੜ੍ਹੀ ਮਿਲੀ ਅਤੇ ਸਕੂਟਰੀ ਵਿੱਚੋਂ ਖੁਦਕੁਸ਼ੀ ਪੱਤਰ ਵੀ ਮਿਲਿਆ ਜਿਸ ਵਿੱਚ ਉਸ ਨੇ ਲਿਖਿਆ ਹੈ ਕਿ ਪੜ੍ਹਾਈ ਨਾ ਹੋ ਸਕਣ ਕਰਕੇ ਖੁਦਕੁਸ਼ੀ ਕਰ ਰਹੀ ਹੈ। ਪਰਵਾਰ ਨੇ ਉਸ ਨੂੰ ਕਿਸੇ ਵੱਲੋਂ ਅਗਵਾ ਕਰ ਲੈਣ ਦਾ ਸ਼ੱਕ ਜ਼ਾਹਰ ਕੀਤਾ ਸੀ।

# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਚੋਣ 27 ਨੂੰ



ਅੰਮ੍ਰਿਤਸਰ, 4 ਨਵੰਬਰ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੇ ਨਾਲ ਅੰਤ੍ਰਿੰਗ ਕਮੇਟੀ ਮੈਂਬਰਾਂ ਦੀ ਚੋਣ ਵਾਸਤੇ ਸਾਲਾਨਾ ਜਨਰਲ ਇਜਲਾਜ 27 ਨਵੰਬਰ ਨੂੰ ਸੱਦਿਆ ਗਿਆ ਹੈ। ਇਸ ਦਾ ਫੈਸਲਾ ਕੱਲ੍ਹ ਇਥੇ ਅੰਤ੍ਰਿੰਗ ਕਮੇਟੀ ਦੀ ਬੈਠਕ ਦੌਰਾਨ ਲਿਆ ਗਿਆ।

ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਹੋਈ ਅੰਤ੍ਰਿੰਗ ਕਮੇਟੀ ਮੀਟਿੰਗ ਕੁਝ ਮਾਮਲਿਆਂ ਨੂੰ ਲੈ ਕੇ ਹੰਗਾਮਾ ਭਰਪੂਰ ਸਥਿਤੀ ਬਣੀ ਰਹੀ। ਮੀਡੀਆ ਨਾਲ ਗੱਲਬਾਤ ਦੌਰਾਨ ਲੌਂਗੋਵਾਲ ਨੇ ਖੁਲਾਸਾ ਕੀਤਾ ਕਿ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਹਰ ਸਾਲ ਨਵੰਬਰ ਵਿੱਚ ਹੁੰਦੀ ਹੈ ਤੇ ਐਕਟ ਦੇ ਇਸ ਨਿਯਮ ਹੇਠ ਇਸ ਵਾਰ ਦੀ ਚੋਣ 27 ਨਵੰਬਰ ਨੂੰ ਬਾਅਦ ਦੁਪਹਿਰ ਇੱਕ ਵਜੇ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਹੋਵੇਗੀ। ਕੱਲ੍ਹ ਬੈਠਕ ਦੌਰਾਨ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਦੇ ਪ੍ਰਬੰਧਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਕਮੇਟੀ ਵੱਲੋਂ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਗਵਾਲੀਅਰ ਕਿਲਾ ਛੱਡਣ ਅਤੇ 52 ਰਾਜਿਆਂ ਨੂੰ ਰਿਹਾਅ ਕਰਾਉਣ ਦੇ ਬੰਦੀ ਛੋੜ ਦਿਵਸ ਦਾ 400 ਸਾਲਾ ਅਤੇ ਭਗਤ ਨਾਮਦੇਵ ਦਾ 750ਵਾਂ ਪ੍ਰਕਾਸ਼ ਦਿਹਾੜਾ ਅਗਲੇ ਸਾਲ ਮਨਾਉਣ ਦਾ ਫੈਸਲਾ ਲਿਆ ਗਿਆ ਹੈ।

ਵਰਨਣ ਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਕੁਲ ਮੈਂਬਰ 190 ਹਨ, ਜਿਨ੍ਹਾਂ ਵਿੱਚ ਪੰਜ ਤਖਤਾਂ ਦੇ ਸਿੰਘ ਸਾ-ਹਬਾਨ ਵੀ ਮੈਂਬਰ ਹਨ, ਪਰ ਉਨ੍ਹਾਂ ਨੂੰ ਜਨਰਲ ਇਜਲਾਸ ਦੌਰਾਨ ਵੋਟ ਪਾਉਣ ਦਾ ਹੱਕ ਨਹੀਂ ਹੁੰਦਾ। ਬਾਕੀ ਮੈਂਬਰਾਂ ਵਿੱਚੋਂ 170 ਚੁਣੇ ਹੋਏ ਅਤੇ 15 ਨਾਮਜ਼ਦ ਮੈਂਬਰ ਹਨ। ਲੱਗਭਗ ਇੱਕ ਦਰਜਨ ਮੈਂਬਰ ਅਕਾਲ ਚਲਾਣਾ ਕਰ ਚੁੱਕੇ ਹਨ ਅਤੇ ਦੋ ਅਸਤੀਫੇ ਦੇ ਚੁੱਕੇ ਹਨ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਦੇ ਮੈਂਬਰਾਂ ਦੀ ਆਮ ਚੋਣ 2011 ਵਿੱਚ ਹੋਈ ਸੀ, ਪਰ ਸਹਿਜਧਾਰੀ ਸਿੱਖਾਂ ਦਾ ਮਾਮਲਾ ਅਦਾਲਤ ਵਿੱਚ ਹੋਣ ਕਾਰਨ ਪੰਜ ਸਾਲ ਇਨ੍ਹਾਂ ਮੈਂਬਰਾਂ ਨੂੰ ਅਦਾਲਤ ਤੋਂ ਮਾਨਤਾ ਨਹੀਂ ਮਿਲੀ ਸੀ। ਫਿਰ ਸਾਲ 2016 ਵਿੱਚ ਅਦਾਲਤ ਵੱਲੋਂ ਮੌਜੂਦਾ ਸਦਨ ਨੂੰ ਮਾਨਤਾ ਮਿਲੀ ਸੀ। ਇਸ ਦੌਰਾਨ ਗੋਬਿੰਦ ਸਿੰਘ ਲੌਂਗੋਵਾਲ ਦੋ ਸਾਲ ਲਗਾਤਾਰ ਸੰਸਥਾ ਦੇ ਪ੍ਰਧਾਨ ਰਹੇ ਹਨ। ਜੇ 27 ਨਵੰਬਰ ਨੂੰ ਉਹ ਮੁੜ ਪ੍ਰਧਾਨ ਬਣਦੇ ਹਨ ਤਾਂ ਇਹ ਉਨ੍ਹਾਂ ਦੀ 'ਹੈਟ੍ਰਿਕ' ਹੋਵੇਗੀ। ਮੀਟਿੰਗ ਦੌਰਾਨ ਅੰਤ੍ਰਿੰਗ ਕਮੇਟੀ ਮੈਬਰਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਨਿੱਜੀ ਸਕੱਤਰ ਅਵਤਾਰ ਸਿੰਘ ਸੈਂਪਲਾ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

# 550ਵਾਂ ਪ੍ਰਕਾਸ਼ ਪੁਰਬ ਮੌਕੇ ਪੰਜਾਬ ਸਰਕਾਰ ਵੱਲੋਂ ਵੱਖਰੇ ਅੰਦਾਜ਼ ਨਾਲ ਜਸ਼ਨਾਂ ਦੀ ਸ਼ੁਰੂਆਤ

ਸੁਲਤਾਨਪੁਰ ਲੋਧੀ, 4 ਨਵੰਬਰ (ਪੋਸਟ ਬਿਊਰੋ)- ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਮੌਕੇ ਜਿੱਥੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਵਲੋਂ ਗੁਰਬਾਣੀ ਕੀਰਤਨ ਤੇ ਗੱਤਕਾ ਸਮਾਗਮ ਕਰਵਾਏ ਜਾ ਰਹੇ ਹਨ, ਓਥੇ ਪੰਜਾਬ ਸਰਕਾਰ ਵਲੋਂ ਸੁਲਤਾਨਪੁਰ ਲੋਧੀ ਵਿਖੇ ਮੁੱਖ ਸਮਾਗਮਾਂ ਲਈ ਤਿਆਰ ਕਰਾਏ ਆਲੀਸ਼ਾਨ ਪੰਡਾਲ ਦੇ ਬਾਹਰ ਕੰਪਲੈਕਸ ਵਿੱਚ ਅੱਜ ਭੰਗੜਾ ਪੇਸ਼ ਕੀਤਾ ਗਿਆ। ਇਸ ਸਮੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਕਪੂਰਥਲਾ ਦੀ ਲੜਕੀਆਂ ਅਤੇ ਸਰਕਾਰੀ ਸਕੂਲ ਕਪੂਰਥਲਾ ਤੇ ਸੁਲਤਾਨਪੁਰ ਲੋਧੀ ਦੇ ਲੜਕਿਆਂ ਨੇ ਰੰਗ ਬਿਰੰਗੇ ਪੰਜਾਬੀ ਪਹਿਰਾਵੇ ਨਾਲ ਢੋਲ ਦੀ ਤਾਲ ਉੱਤੇ ਸ਼ਾਨਦਾਰ ਭੰਗੜਾ ਤੇ ਡਾਂਸ ਪੇਸ਼ ਕੀਤਾ।

ਇਸ ਤਰ੍ਹਾਂ ਕੀਤੀ ਸਮਾਗਮਾਂ ਦੀ ਸ਼ੁਰੂਆਤ ਮੌਕੇ ਦਿਲਚਸਪ ਗੱਲ ਇਹ ਸੀ ਕਿ ਕਪੂਰਥਲਾ ਦੇ ਡਿਪਟੀ ਕਮਿਸ਼ਨਰ ਇੰਜ. ਦਵਿੰਦਰਪਾਲ ਸਿੰਘ ਖਰਬੰਦਾ ਨੇ ਵੀ ਭੰਗੜਾ ਪਾ ਕੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਬਾਰੇ ਖੁਸ਼ੀ ਪ੍ਰਗਟ ਕੀਤੀ ਅਤੇ ਇਸ ਮੇਲੇ ਦੀ ਇੰਚਾਰਜ ਨਵਨੀਤ ਕੌਰ ਬੱਲ ਐਸ ਡੀ ਐਮ ਅਤੇ ਸੁਲਤਾਨਪੁਰ ਲੋਧੀ ਦੀ ਐਸ ਡੀ ਐਮ ਡਾ. ਚਾਰੂਮਿਤਾ ਨੇ ਵੀ ਲੜਕੀਆਂ ਨਾਲ ਨੱਚ ਕੇ ਖੁਸ਼ੀ ਪ੍ਰਗਟਾਈ। ਇਸ ਦੌਰਾਨ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਵਿਧਾਇਕ ਨਵਤੇਜ ਸਿੰਘ ਚੀਮਾ ਨੇ ਵਿਦਿਆਰਥੀਆਂ ਦੇ ਭੰਗੜੇ ਦਾ ਜਾਇਜ਼ਾ ਲਿਆ ਤੇ ਇਸ ਦੇ ਬਾਅਦ ਕਿਹਾ ਕਿ ਇਸ ਸੁੰਦਰ ਪੰਡਾਲ ਵਿੱਚ ਸਹਿਜ ਪਾਠ ਦੀ ਆਰੰਭਤਾ 5 ਨਵੰਬਰ ਨੂੰ ਹੋਵੇਗੀ ਅਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖੁਦ ਉਸ ਦਿਨ ਸਮਾਗਮਾਂ ਦੀ ਸ਼ੁਰੂਆਤ ਕਰਨਗੇ। ਉਨ੍ਹਾਂ ਦੱਸਿਆ ਕਿ ਸਮਾਗਮ ਦੀ ਆਰੰਭਤਾ ਅਤੇ ਮੁੱਖ ਮੰਤਰੀ ਦੇ ਇਸ ਪੰਡਾਲ ਵਿੱਚ ਆਉਣ ਸਮੇ ਵਿਦਿਆਰਥੀਆਂ ਵਲੋਂ ਸੜਕ ਉੱਤੇ ਭੰਗੜਾ ਪਾ ਕੇ ਸ਼ਾਨਦਾਰ ਸਵਾਗਤ ਕੀਤਾ ਜਾਵੇਗਾ।

ਸਥਾਨਕ ਕਾਂਗਰਸੀ ਵਿਧਾਇਕ ਨਵਤੇਜ ਸਿੰਘ ਚੀਮਾ ਨੂੰ ਪੱਤਰਕਾਰਾਂ ਨੇ ਪੁੱਛਿਆ ਕਿ ਪ੍ਰਕਾਸ਼ ਪੁਰਬ ਸਮੇ ਗੱਤਕੇ ਦੀ ਜਗ੍ਹਾ ਭੰਗੜਾ ਡਾਂਸ ਦਾ ਸੰਗਤਾਂ ਬੁਰਾ ਮਨਾ ਸਕਦੀਆਂ ਹਨ ਤਾਂ ਉਨ੍ਹਾਂ ਕਿਹਾ ਕਿ ਜਿਲ੍ਹਾ ਪ੍ਰਸ਼ਾਸ਼ਨ ਨੇ ਇਹ ਦਿਵਸ ਧੂਮ ਧਾਮ ਨਾਲ ਮਨਾਉਣ ਲਈ ਇਹ ਸ਼ਾਨਦਾਰ ਪ੍ਰਬੰਧ ਕੀਤੇ ਹਨ ਤੇ ਇਹ ਬੱਚੇ ਸਿਰਫ ਸੜਕਾਂ ਕਿਨਾਰੇ ਭੰਗੜਾ ਪਾ ਕੇ ਸੰਗਤਾਂ ਨਾਲ ਖੁਸ਼ੀ ਮਨਾਉਣਗੇ।





*ਸੁਲਤਾਨਪੁਰ ਲੋਧੀ ਵਿਖੇ ਬਣਾਏ ਟੈਂਟ ਹਾਊਸਜ਼ ਦਾ ਇਕ ਦ੍ਰਿਸ਼।*

ਇਸੇ ਦੌਰਾਨ ਸੁਲਤਾਨਪੁਰ ਲੋਧੀ ਵਿਖੇ ਮੁੱਖ ਪੰਡਾਲ ਅੱਗੇ ਖੂਨਦਾਨ ਕੈਂਪ ਵਿੱਚ ਪੁੱਜੇ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਪੱਤਰਕਾਰਾਂ ਦੇ ਸਵਾਲ ਉੱਤੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੌਕੇ ਮੁੱਖ ਸਮਾਗਮ ਤੋਂ ਇੱਕ ਦਿਨ ਪਹਿਲਾਂ ਮੁੱਖ ਪੰਡਾਲ ਕੰਪਲੈਕਸ ਵਿੱਚ ਭੰਗੜਾ ਡਾਂਸ ਹੋਣਾ ਗਲਤ ਹੈ, ਇਹ ਨਹੀ ਸੀ ਹੋਣਾ ਚਾਹੀਦਾ। ਇਸ ਬਾਰੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਟਿੱਪਣੀ ਕਰਦੇ ਹੋਏ ਕਿਹਾ ਕਿ ਕਾਂ-ਗਰਸ ਦੀ ਸਰਕਾਰ ਨੂੰ ਗੁਰ ਮਰਿਆਦਾ ਦਾ ਕੀ ਪਤਾ ਹੈ।

# ਸੜਕ ਹਾਦਸੇ ਵਿੱਚ ਬਸ ਕੰਡਕਟਰ ਦੀ ਮੌਤ

ਭੋਗਪੁਰ, 4 ਨਵੰਬਰ (ਪੋਸਟ ਬਿਊਰੋ)- ਕੱਲ੍ਹ ਤੜਕੇ ਭੋਗਪੁਰ ਨੇੜੇ ਇੱਕ ਸੜਕ ਹਾਦਸੇ 'ਚ ਇੱਕ ਸਕੂਟਰ ਅਤੇ ਕਿਸੇ ਅਣਪਛਾਤੇ ਵਾਹਨ ਦੇ ਹਾਦਸੇ 'ਚ ਸਕੂਟਰ ਸਵਾਰ ਬਸ ਕੰਡਕਟਰ ਦੀ ਮੌਤ ਹੋ ਜਾਣ ਦੀ ਖਬਰ ਹੈ। ਕਰਮਜੀਤ ਸਿੰਘ ਨਿਵਾਸੀ ਪਿੰਡ ਮਾਣਕਢੇਰੀ, ਜ਼ਿਲਾ ਹੁਸ਼ਿਆਰਪੁਰ, ਰਾਜਧਾਨੀ ਬਸ ਕੰਪਨੀ 'ਚ ਕੰਡਕਟਰ ਦੀ ਨੌਕਰੀ ਕਰਦਾ ਸੀ ਅਤੇ ਨੌਕਰੀ 'ਤੇ ਜਾਣ ਲਈ ਕੱਲ੍ਹ ਤੜਕੇ ਚਾਰ ਵਜੇ ਦੇ ਕਰੀਬ ਆਪਣੇ ਘਰੋਂ ਆਪਣੇ ਸਕੂਟਰ 'ਤੇ ਭੋਗਪੁਰ ਲਈ ਨਿਕਲਿਆ ਸੀ। ਜਦੋਂ ਉਹ ਭੋਗਪੁਰ ਨੇੜਲੇ ਮੋਗਾ ਫਾਟਕ ਨੂੰ ਪਾਰ ਕਰਨ ਪਿੱਛੋਂ ਜੀ ਟੀ ਰੋਡ 'ਤੇ ਚੜ੍ਹਨ ਲੱਗਾ ਤਾਂ ਪਠਾਨਕੋਟ ਵੱਲੋਂ ਤੇਜ਼ ਗਤੀ ਨਾਲ ਆਏ ਕਿਸੇ ਅਣਪਛਾਤੇ ਵਾਹਨ ਦੀ ਲਪੇਟ ਵਿੱਚ ਆ ਗਿਆ। ਹਾਦਸੇ ਵਿੱਚ ਕਰਮਜੀਤ ਸਿੰਘ ਦੇ ਸਿਰ 'ਤੇ ਗੰਭੀਰ ਸੱਟਾਂ ਲੱਗੀਆਂ ਅਤੇ ਪੇਟ ਪਾਟ ਜਾਣ ਕਾਰਨ ਉਸ ਦੀ ਮੌਕੇ 'ਤੇ ਮੌਤ ਹੋ ਗਈ। ਹਾਦਸੇ ਦੀ ਸੂਚਨਾ ਮਿਲਦਿਆਂ ਹੀ ਥਾਣਾ ਭੋਗਪੁਰ ਤੋਂ ਥਾਣੇਦਾਰ ਕਰਨੈਲ ਸਿੰਘ ਹਾਦਸੇ ਵਾਲੀ ਥਾਂ ਗਏ ਤੇ ਉਨ੍ਹਾਂ ਮ੍ਰਿਤਕ ਕਰਮਜੀਤ ਦੀ ਲਾਸ਼ ਤੇ ਸਕੂਟਰ ਕਬਜ਼ੇ ਵਿੱਚ ਲੈ ਕੇ ਕਾਰਵਾਈ ਸ਼ੁਰੂ ਕੀਤੀ।



### ਪੀ ਐੱਮ ਸੀ ਬੈਂਕ ਘਪਲਾ :

# ਬੰਬੇ ਹਾਈ ਕੋਰਟ ਨੇ ਰਿਜ਼ਰਵ ਬੈਂਕ ਤੋਂ 13 ਨਵੰਬਰ ਤੱਕ ਜਵਾਬ ਮੰਗਿਆ

ਨਵੀਂ ਦਿੱਲੀ, 4 ਨਵੰਬਰ (ਪੋਸਟ ਬਿਊਰੋ)- ਪੰਜਾਬ ਅਤੇ ਮਹਾਰਾਸ਼ਟਰ ਕੋਆਪਰੇਟਿਵ(ਪੀ ਐੱਮ ਸੀ) ਬੈਂਕ ਦੇ ਖਾਤਿਆਂ ਵਿੱਚੋਂ ਕੈਸ਼ ਨਿਕਾਸੀ ਉੱਤੇ ਲੱਗੀ ਰੋਕ ਦੇ ਕੇਸ ਵਿੱਚ ਬੰਬੇ ਹਾਈ ਕੋਰਟ ਨੇ ਖਾਤਾ ਧਾਰਕਾਂ ਦੀਆਂ ਚਿੰਤਾਵਾਂ ਉੱਤੇ ਅਗਲੀ 13 ਨਵੰਬਰ ਤੱਕ ਰਿਜ਼ਰਵ ਬੈਂਕ ਤੋਂ ਜਵਾਬ ਮੰਗਿਆ ਹੈ। ਕੋਰਟ ਨੇ ਕਿਹਾ ਕਿ ਜੇਕਰ ਉਹ ਰਿਜ਼ਰਵ ਬੈਂਕ ਦੇ ਜਵਾਬ ਤੋਂ ਸੰਤੁਸ਼ਟ ਹੋ ਜਾਂਦਾ ਹੈ ਤਾਂ ਉਹ ਇਸ ਮਾਮਲੇ ਵਿੱਚ ਦਖਲ ਅੰਦਾਜ਼ੀ ਨਹੀਂ ਕਰੇਗਾ।



ਵਰਨਣ ਯੋਗ ਹੈ ਕਿ ਇਸ ਕੇਸ ਵਿੱਚ ਦਿੱਲੀ ਹਾਈ ਕੋਰਟ ਵਿੱਚ ਇਕ ਜਨਤਕ ਪਟੀਸ਼ਨ ਦਾਇਰ ਹੋਈ ਸੀ। ਬੀਤੇ ਸ਼ੁੱਕਰਵਾਰ ਇਸ ਪਟੀਸ਼ਨ ਉੱਤੇ ਦਿੱਲੀ ਹਾਈ ਕੋਰਟ ਵਿੱਚ ਸੁਣਵਾਈ ਹੋਈ ਤਾਂ ਕੋਰਟ ਨੇ ਇਸ ਬਾਰੇ ਕੇਂਦਰ ਸਰਕਾਰ ਤੇ ਭਾਰਤੀ ਰਿਜ਼ਰਵ ਬੈਂਕ ਨੂੰ ਆਪਣਾ ਪੱਖ ਰੱਖਣ ਦਾ ਨੋਟਿਸ ਜਾਰੀ ਕੀਤਾ ਹੈ। ਕੋਰਟ ਵਿੱਚ ਕੇਸ ਦੀ ਅਗਲੀ ਸੁਣਵਾਈ 22 ਜਨਵਰੀ 2020 ਨੂੰ ਹੋਵੇਗੀ। ਇਸ ਪਟੀਸ਼ਨ ਵਿੱਚ ਦਿੱਲੀ ਹਾਈ ਕੋਰਟ ਤੋਂ ਪੀ ਐੱਮ ਸੀ ਬੈਂਕ ਦੇ ਖਾਤੇਦਾਰਾਂ ਦੇ ਖਾਤਿਆਂ ਤੋਂ ਨਕਦੀ ਕਢਵਾਉਣ ਉੱਤੇ ਲੱਗੀ ਪਾਬੰਦੀ ਹਟਾਉਣ ਦਾ ਆਦੇਸ਼ ਦੇਣ ਦੀ ਮੰਗ ਕੀਤੀ ਗਈ ਹੈ। ਰਿਜ਼ਰਵ ਬੈਂਕ ਨੇ ਪੀ ਐੱਮ ਸੀ ਬੈਂਕ ਖਾਤਿਆਂ ਵਿੱਚੋਂ ਨਕਦੀ ਕਢਵਾਉਣ ਉੱਤੇ ਪਾਬੰਦੀ ਲਾ ਦਿੱਤੀ ਸੀ ਅਤੇ ਪਹਿਲਾਂ ਇਸ ਦੇ ਗਾਹਕਾਂ ਨੂੰ 6 ਮਹੀਨੇ ਵਿੱਚ ਵੱਧ ਤੋਂ ਵੱਧ 1 ਹਜ਼ਾਰ ਰੁਪਏ ਕਢਾਉਣ ਦੀ ਅਗਿਆ ਦਿੱਤੀ ਗਈ ਸੀ। ਇਸ ਤੋਂ ਬਾਅਦ ਨਕਦੀ ਕਢਾਉਣ ਦੀ ਹੱਦ ਵਧਾ ਕੇ 40 ਹਜ਼ਾਰ ਰੁਪਏ ਕਰ ਦਿੱਤੀ ਸੀ।

ਵਰਨਣ ਯੋਗ ਹੈ ਕਿ ਲਗਭਗ 15 ਲੱਖ ਤੋਂ ਵੱਧ ਖਾਤਾਧਾਰਕਾਂ ਦੇ ਪੈਸੇ ਪੀ ਐੱਮ ਸੀ ਬੈਂਕ ਵਿੱਚ ਫਸੇ ਹੋਣ ਕਾਰਨ ਕਈ ਲੋਕਾਂ ਦੀ ਮੌਤ ਹੋ ਚੁੱਕੀ ਹੈ। ਖਾਤਾਧਾਰਕ ਉਸ ਸਮੇਂ ਤੋਂ ਬਾਅਦ ਲਗਾਤਾਰ ਧਰਨਾ ਪ੍ਰਦਰਸ਼ਨ ਕਰ ਰਹੇ ਹਨ, ਪਰ ਅਜੇ ਤੱਕ ਕੋਈ ਰਾਹਤ ਨਹੀਂ ਮਿਲੀ। ਇਸ ਉੱਤੇ ਪਹਿਲੇ ਖਾਤਾ ਧਾਰਕਾਂ ਨੇ ਦਿੱਲੀ ਹਾਈ ਕੋਰਟ ਤੱਕ ਪਹੁੰਚ ਕੀਤੀ ਸੀ, ਪਰ ਦਿੱਤੀ ਹਾਈ ਕੋਰਟ ਨੇ ਬੰਬੇ ਹਾਈ ਕੋਰਟ ਵਿੱਚ ਜਾਣ ਲਈ ਕਹਿ ਦਿੱਤਾ ਹੈ।

# ਜਾਸੂਸੀ ਕਾਂਡ ; ਭਾਰਤ ਸਰਕਾਰ ਅਤੇ ਵਾਟਸਐਪ ਆਹਮੋ-ਸਾਹਮਣੇ

ਨਵੀਂ ਦਿੱਲੀ, 4 ਨਵੰਬਰ (ਪੋਸਟ ਬਿਊਰੋ)- ਪੱਤਰਕਾਰਾਂ ਅਤੇ ਮਨੁੱਖੀ ਅਧਿਕਾਰ ਕਾਰਕੁੰਨਾਂ ਦੀ ਜਾਸੂਸੀ ਕਰਾਉਣ ਦੇ ਕੇਸ ਵਿੱਚ ਭਾਰਤ ਸਰਕਾਰ ਅਤੇ ਵਾਟਸਐਪ ਆਹਮੋ ਸਾਹਮਣੇ ਆ ਗਏ ਹਨ।

ਵਾਟਸਐਪ ਦੇ ਅਧਿਕਾਰ ਵਾਲੀ ਕੰਪਨੀ ਨੇ ਜਿੱਥੇ ਦਾਅਵਾ ਕੀਤਾ ਹੈ ਕਿ ਉਸ ਨੇ ਸਤੰਬਰ ਵਿੱਚ ਭਾਰਤ ਸਰਕਾਰ ਨੂੰ ਇਹ ਦੱਸਿਆ ਸੀ ਕਿ 121 ਯੂਜਰਜ਼ ਨੂੰ ਇਜ਼ਰਾਈਲੀ ਸਪਾਈਵੇਅਰ ਪੈਗਾਸਸ ਨੇ ਨਿਸ਼ਾਨਾ ਬਣਾਇਆ ਹੈ, ਇਸ ਉਤੇ ਸੂਚਨਾ ਤਕਨੀਕੀ ਮੰਤਰਾਲੇ ਨੇ ਕਿਹਾ ਹੈ ਕਿ ਵ੍ਹਟਸਐਪ ਤੋਂ ਮਿਲੀ ਸੂਚਨਾ ਨਾਕਾਫੀ ਅਤੇ ਅਧੂਰੀ ਸੀ। ਜਾਣਕਾਰ ਸੂਤਰਾਂ ਨੇ ਦੱਸਿਆ ਕਿ ਵਾਟਸਐਪ ਨੇ ਸਰਕਾਰ ਵੱਲੋਂ ਉਸ ਤੋਂ ਪਿਛਲੇ ਹਫਤੇ ਪੈਗਾਸਸ ਜਾਸੂਸੀ ਕਾਂਡ 'ਤੇ ਮੰਗੇ ਸਪਸ਼ਟੀਕਰਨ 'ਤੇ ਆਪਣਾ ਜਵਾਬ ਦੇ ਦਿੱਤਾ ਹੈ। ਪਤਾ ਲੱਗਾ ਹੈ ਕਿ ਇਜ਼ਰਾਈਲੀ ਸਪਾਈਵੇਅਰ ਨਾਲ ਭਾਰਤ ਸਮੇਤ ਦੁਨੀਆ ਭਰ ਵਿੱਚ 14 ਸੌ ਪੱਤਰਕਾਰਾਂ ਅਤੇ ਮਨੁੱਖੀ ਅਧਿਕਾਰ ਕਾਰਕੁੰਨਾਂ ਦੀ ਜਾਸੂਸੀ ਕੀਤੀ ਗਈ ਸੀ। ਆਈ ਟੀ ਮੰਤਰਾਲੇ ਦੇ ਸੂਤਰਾਂ ਦਾ ਕਹਿਣਾ ਹੈ ਕਿ ਵਾਟਸਐਪ ਤੋਂ ਜਵਾਬ ਮਿਲ ਗਿਆ ਹੈ ਅਤੇ ਇਸ ਦਾ ਅਧਿਐਨ ਕੀਤਾ ਜਾ ਰਿਹਾ ਹੈ, ਜਿਸ ਬਾਰੇ ਜਲਦੀ ਅੰਤਿਮ ਰਾਏ ਤੈਅ ਕੀਤੀ ਜਾਵੇਗੀ। ਸਰਕਾਰ ਨੂੰ ਪਿਛਲੇ ਹਫਤੇ ਭੇਜੇ ਜਵਾਬ ਦਾ ਬਿਓਰਾ ਦੇਣ ਤੋਂ ਇਨਕਾਰ ਕਰਦੇ ਹੋਏ ਵਾਟਸਐਪ ਨੇ ਦੱਸਿਆ ਕਿ ਉਸ ਨੇ ਸਰਕਾਰ ਨੂੰ ਮਈ ਤੋਂ ਬਾਅਦ ਸਤੰਬਰ ਵਿੱਚ ਦੂਜੀ ਵਾਰ ਇਹ ਜਾਣਕਾਰੀ ਦਿੱਤੀ ਸੀ। ਇਨ੍ਹਾਂ ਸੂਤਰਾਂ ਨੇ ਕਿਹਾ ਕਿ ਕੰਪਨੀ ਨੇ



ਸਤੰਬਰ ਵਿੱਚ ਭੇਜੀ ਸੂਚਨਾ ਵਿੱਚ ਦੱਸਿਆ ਸੀ ਕਿ 121 ਭਾਰਤੀ ਯੂਜਰਜ਼ ਇਸ ਸਪਾਈਵੇਅਰ ਨਾਲ ਪ੍ਰਭਾਵਿਤ ਹਨ। ਆਈ ਟੀ ਮੰਤਰਾਲੇ ਦੇ ਅਧਿਕਾਰੀਆਂ ਨੇ ਇਸ ਗੱਲ ਨੂੰ ਮੰਨਿਆ ਕਿ ਵਾਟਸਐਪ ਤੋਂ ਇਸ ਦੀ ਸੂਚਨਾ ਮਿਲੀ ਸੀ, ਪਰ ਪਹਿਲਾਂ ਮਿਲੀ ਸੂਚਨਾ ਨਾਰਾਫੀ ਅਤੇ ਅਧੂਰੀ ਵੀ ਸੀ ਅਤੇ ਉਸ ਵਿੱਚ ਬਹੁਤ ਜ਼ਿਆਦਾ ਤਕਨੀਕੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਸੀ। ਇਸ ਬਾਰੇ ਵ੍ਹਟਸਐਪ ਨੂੰ ਭੇਜੇ ਪ੍ਰਸ਼ਨਾਂ ਦਾ ਜਵਾਬ ਨਹੀਂ ਮਿਲਿਆ।

ਇਸ ਸੰਬੰਧ ਵਿੱਚ ਵਾਟਸਐਪ ਨੇ ਬੀਤੀ ਦਿਨੀਂ ਕਿਹਾ ਸੀ ਕਿ ਪੈਗਾਸਸ ਨਾਲ ਕੁਝ ਅਣਪਛਾਤੀਆਂ ਇਕਾਈਆਂ ਨੇ ਦੁਨੀਆ ਭਰ ਵਿੱਚ ਪੱਤਰਕਾਰਾਂ ਤੇ ਮਨੁੱਖੀ ਅਧਿਕਾਰ ਕਾਰਕੁੰਨਾਂ ਦੀ ਜਾਸੂਸੀ ਕੀਤੀ ਹੈ। ਉਹ ਐਨ ਐਸ ਓ ਗਰੁੱਪ ਖਿਲਾਫ ਕਾਨੂੰਨੀ ਕਾਰਵਾਈ ਕਰ ਰਿਹਾ ਹੈ। ਇਸੇ ਕੰਪਨੀ ਨੇ ਪੈਗਾਸਸ ਸਫਾਟਵੇਅਰ ਵਿਕਸਿਤ ਕੀਤਾ ਹੈ, ਜਿਸ ਨਾਲ 1400 ਲੋਕਾਂ ਦੇ ਫੋਨ ਹੈਕ ਕੀਤੇ ਗਏ ਸਨ। ਵਾਟਸਐਪ ਨੇ ਇਹ ਨਹੀਂ ਦੱਸਿਆ ਕਿ ਕਿਸ ਦੇ ਕਹਿਣ 'ਤੇ ਲੋਕਾਂ ਦੇ ਫੋਨ ਹੈਕ ਕੀਤੇ ਗਏ। ਕੰਪਨੀ ਨੇ ਕਿਹਾ ਸੀ ਕਿ ਮਈ ਵਿੱਚ ਉਸ ਨੂੰ ਅਜਿਹੇ ਸਾਈਬਰ ਹਮਲੇ ਦਾ ਪਤਾ ਲੱਗਾ, ਜਿਸ ਵਿੱਚ ਉਸ ਦੀ ਵੀਡੀਓ ਕਾਲਿੰਗ ਪ੍ਰਣਾਲੀ ਰਾਹੀਂ ਯੂਜਰਜ਼ ਨੂੰ ਮਾਲੇਵਅਰ ਭੇਜਿਆ ਗਿਆ। ਵਾਟਸਐਪ ਨੇ ਇਸ ਹਮਲੇ ਬਾਰੇ ਪ੍ਰਭਾਵਿਤ ਲੋਕਾਂ ਨੂੰ ਜਾਣਕਾਰੀ ਦੇ ਦਿੱਤੀ ਸੀ, ਜਿਸ ਦੇ ਬਾਰੇ ਅੱਜ ਕੱਲ੍ਹ ਵਿਵਾਦ ਛਿੜਿਆ ਪਿਆ ਹੈ।

# ਛਠ ਪੂਜਾ ਦੇ ਦੌਰਾਨ ਡੁੱਬਣ ਅਤੇ ਹਾਦਸਿਆਂ ਵਿੱਚ 60 ਮੌਤਾਂ

ਪਟਨਾ, 4 ਨਵੰਬਰ (ਪੋਸਟ ਬਿਊਰੋ)- ਛਠ ਪੂਜਾ ਦੇ ਦੌਰਾਨ ਪਾਣੀ ਵਿੱਚ ਡੁੱਬਣ ਤੇ ਵੱਖ ਵੱਖ ਹਾਦਸਿਆਂ ਵਿੱਚ ਬਿਹਾਰ ਵਿੱਚ 55, ਝਾਰਖੰਡ ਵਿੱਚ ਚਾਰ ਅਤੇ ਉੜੀਸਾ ਵਿੱਚ ਇੱਕ ਦੀ ਮੌਤ ਹੋ ਗਈ ਹੈ।

ਬਿਹਾਰ ਦੇ ਔਰੰਗਾਬਾਦ ਵਿੱਚ ਦੇਵ ਛਠ ਮੇਲਾ ਵਿੱਚ ਸ਼ਨੀਵਾਰ ਸ਼ਾਮ ਨੂੰ ਮਚੀ ਭਾਜੜ ਦੇ ਦੌਰਾਨ ਦੋ ਬੱਚਿਆਂ ਦੀ ਕੁਚਲੇ ਜਾਣ ਕਾਰਨ ਮੌਤ ਹੋ ਗਈ। ਸਮਸਤੀਪੁਰ ਵਿੱਚ ਕੱਲ੍ਹ ਸਵੇਰੇ ਛਠ ਪੂਜਾ ਮੌਕੇ ਕਾਲੀ ਮੰਦਰ ਦੀ ਕੰਧ ਤਲਾਬ ਵਿੱਚ ਡਿੱਗਣ ਕਾਰਨ ਤਿੰਨ ਛਠ ਪੂਜਾ ਦੇ ਵਰਤ ਵਾਲਿਆਂ ਦੀ ਮੌਤ ਹੋ ਗਈ। ਵੈਸ਼ਾਲੀ ਜ਼ਿਲੇ ਵਿੱਚ ਵੱਖ-ਵੱਖ ਥਾਵਾਂ 'ਤੇ ਡੁੱਬਣ ਕਾਰਨ ਸਭ ਤੋਂ ਵੱਧ ਅੱਠ, ਬੇਗੂਸਰਾਏ ਵਿੱਚ ਤਿੰਨ, ਆਰਾ ਵਿੱਚ ਦੋ ਅਤੇ ਛਪਰਾ ਅਤੇ ਨਾਲੰਦਾ ਵਿੱਚ ਇੱਕ ਇੱਕ ਮੌਤ ਹੋ ਗਈ। ਖਗੜੀਆ ਜ਼ਿਲੇ ਵਿੱਚ ਚਾਰ ਜਣੇ ਡੁੱਬ ਗਏ। ਮੁਜ਼ੱਫਰਨਪੁਰ ਵਿੱਚ ਛੇ, ਪੱਛਮੀ ਚੰਪਾਰਨ ਵਿੱਚ ਇੱਕ ਜਣਾ, ਪੂਰਬੀ ਚੰਪਾਰਨ ਦੇ ਤਿੰਨ ਅਤੇ ਸਮਸਤੀਪੁਰ ਵਿੱਚ ਚਾਰ ਲੋਕਾਂ ਦੀ ਡੁੱਬਣ ਕਾਰਨ ਮੌਤ ਹੋ ਗਈ। ਸਹਿਰਸਾ ਵਿੱਚ ਪੰਜ, ਮਧੇਪੁਰਾ ਵਿੱਚ ਚਾਰ, ਅਰਰੀਆ ਵਿੱਚ ਇੱਕ, ਕਟਿਹਾਰ ਵਿੱਚ ਚਾਰ ਅਤੇ ਪੂਰਨੀਆ ਵਿੱਚ ਪੰਜ ਮੌਤਾਂ ਹੋਈਆਂ ਹਨ।

ਝਾਰਖੰਡ ਰਾਜ ਦੇ ਜ਼ਿਲਾ ਪਲਾਮੂ ਦੇ ਪਾਟਨ ਵਿੱਚ ਛਠ ਘਾਟ ਉੱਤੇ ਨਹਾਉਣ ਵੇਲੇ ਦੋ ਬੱਚੀਆਂ ਦੀ ਡੁੱਬਣ ਕਾਰਨ ਮੌਤ ਹੋ ਗਈ। ਹਜ਼ਾਰੀਬਾਗ ਵਿੱਚ ਟੋਏ ਵਿੱਚ ਡੁੱਬਣ ਨਾਲ ਦੋ ਬੱਚਿਆਂ ਦੀ ਮੌਤ




ਹੋ ਗਈ ਦੱਸੀ ਜਾਂਦੀ ਹੈ। ਏਦਾਂ ਉੜੀਸਾ ਦੀ ਰਾਜਧਾਨੀ ਭੁਵਨੇਸ਼ਵਰ ਵਿੱਚ ਵੀ ਕੱਲ੍ਹ ਸਵੇਰੇ ਛਠ ਪੂਜਾ ਮੌਕੇ 'ਤੇ ਇੱਕ ਬੱਚੇ ਦੀ ਡੁੱਬਣ ਕਾਰਨ ਮੌਤ ਹੋ ਗਈ ਅਤੇ ਕੋਲਕਾਤਾ ਦੇ ਰਵਿੰਦਰ ਸਰੋਵਰ ਵਿੱਚ ਛਠ ਪੂਜਾ ਕਰਨ ਨੂੰ ਲੈ ਕੇ ਇੱਕ ਵਾਰ ਫਿਰ ਵਿਵਾਦ ਪੈਦਾ ਹੋ ਗਿਆ ਹੈ।

# ਸੋਸ਼ਲ ਮੀਡੀਆ ਤੋਂ ਜੱਜਾਂ ਨੂੰ ਪਰੇਸ਼ਾਨ ਦੇਖ ਕੇ ਦੁੱਖ ਹੁੰਦੈ: ਬੋਬਡੇ

ਨਵੀਂ ਦਿੱਲੀ, 4 ਨਵੰਬਰ (ਪੋਸਟ ਬਿਊਰੋ)- ਭਾਰਤ ਅਗਲੇ ਮੁੱਖ ਜੱਜ (ਸੀ ਜੇ ਆਈ) ਜਸਟਿਸ ਸ਼ਰਦ ਅਰਵਿੰਦ ਬੋਬਡੇ ਦਾ ਕਹਿਣਾ ਹੈ ਕਿ ਜੱਜਾਂ ਦੀ ਉਨ੍ਹਾਂ ਦੇ ਕੁਝ ਜੁਡੀਸ਼ਲ ਕੰਮਾਂ ਲਈ ਸੋਸ਼ਲ ਮੀਡੀਆ 'ਤੇ ਆਲੋਚਨਾ ਕਾਰਨ ਜਦੋਂ ਉਹ ਇਸ ਵਜ੍ਹਾ ਨਾਲ ਜੱਜਾਂ ਨੂੰ ਪਰੇਸ਼ਾਨ ਦੇਖਦੇ ਹਨ ਤਾਂ ਉਨ੍ਹਾਂ ਨੂੰ ਦੁੱਖ ਹੁੰਦਾ ਹੈ। ਜਸਟਿਸ ਬੋਬਡੇ 18 ਨਵੰਬਰ ਨੂੰ ਭਾਰਤ ਦੇ 47ਵੇਂ ਚੀਫ ਜਸਟਿਸ ਵਜੋਂ ਕੰਮਕਾਜ ਸੰਭਾਲਣਗੇ। ਉਨ੍ਹਾਂ ਕਿਹਾ ਕਿ ਬੇਲੋੜੀ ਆਲੋਚਨਾ ਨਾ ਸਿਰਫ ਨਿੰਦਣ ਯੋਗ ਹੈ, ਬਲਕਿ ਇਹ ਜੱਜਾਂ ਦੇ ਵੱਕਾਰ ਨੂੰ ਵੀ ਪ੍ਰਭਾਵਿਤ ਕਰਦੀ ਹੈ। 63 ਸਾਲਾਂ ਦੇ ਜਸਟਿਸ ਬੋਬਡੇ ਨੇ ਕਿਹਾ ਕਿ ਫੈਸਲਿਆਂ ਦੀ ਬਜਾਏ ਜੱਜਾਂ ਦੀ ਸੋਸ਼ਲ ਮੀਡੀਆ 'ਤੇ ਆਲੋਚਨਾ ਅਸਲ ਵਿੱਚ 'ਮਾਣਹਾਨੀ' ਦਾ ਅਪਰਾਧ ਹੈ। ਇਹ ਪੁੱਛੇ ਜਾਣ ਉੱਤੇ ਕਿ ਕੀ ਜੱਜਾਂ ਦੀ ਆਲੋਚਨਾ ਉਨ੍ਹਾਂ ਨੂੰ ਪਰੇਸ਼ਾਨ ਕਰਦੀ ਹੈ, ਜਸਟਿਸ ਬੋਬਡੇ ਨੇ ਕਿਹਾ, 'ਇੱਕ ਹੱਦ ਤੱਕ। ਹਾਂ, ਇਹ ਮੈਨੂੰ ਪਰੇਸ਼ਾਨ ਕਰਦੀ ਹੈ। ਇਹ ਅਦਾਲਤਾਂ ਦੇ ਕੰਮ ਨੂੰ ਪ੍ਰਭਾਵਿਤ ਕਰ ਸਕਦੀ ਹੈ ਅਤੇ ਮੈਂ ਅਜਿਹੇ ਜੱਜਾਂ ਨੂੰ ਦੇਖਦਾ ਹਾਂ, ਜਿਹੜੇ ਪਰੇਸ਼ਾਨੀ ਮਹਿਸੂਸ ਕਰਦੇ ਹਨ। ਇਹ ਮੈਨੂੰ ਪਰੇਸ਼ਾਨ ਕਰਦਾ ਹੈ। ਕੋਈ ਵੀ ਇਸ ਨੂੰ ਪਸੰਦ ਨਹੀਂ ਕਰਦਾ। ਹਰ ਕੋਈ ਮੋਟੀ ਚਮੜੀ ਵਾਲਾ ਨਹੀਂ ਹੁੰਦਾ, ਜਿਹੜਾ ਇਸ ਦੀ ਅਣਦੇਖੀ ਕਰ ਸਕੇ। ਜੱਜ ਵੀ ਆਮ ਇਨਸਾਨ ਹੁੰਦੇ ਹਨ।' ਉਨ੍ਹਾਂ ਕਿਹਾ ਕਿ ਫਿਲਹਾਲ ਸੁਪਰੀਮ ਕੋਰਟ ਸੋਸ਼ਲ ਮੀਡੀਆ 'ਚ ਬੇਲੋੜੀ ਆਲੋਚਨਾ 'ਤੇ ਕਾਬੂ ਕਰਨ ਲਈ ਕੁਝ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਅਸੀਂ ਇਸ ਤਰ੍ਹਾਂ ਦੇ ਮੀਡੀਆ ਲਈ ਹਾਲੇ ਕੁਝ ਨਹੀਂ ਕਰ ਸਕਦੇ। ਅਸੀਂ ਨਹੀਂ ਜਾਣਦੇ ਕਿ ਅਸੀਂ ਕੀ ਕਦਮ ਉਠਾਉਣਾ ਹੈ। ਉਹ ਨਾ ਸਿਰਫ ਬੇਬੁਨਿਆਦ ਦੋਸ਼ ਲਾ ਰਹੇ ਹਨ ਸਗੋਂ ਲੋਕਾਂ ਅਤੇ ਜੱਜਾਂ ਦੇ ਵੱਕਾਰ ਨੂੰ ਵੀ ਪ੍ਰਭਾਵਿਤ ਕਰ ਰਹੇ ਹਨ। ਉਨ੍ਹਾਂ ਉਪਰ ਇਹ ਸ਼ਿਕਾਇਤ ਵੀ ਹੈ ਕਿ ਬੋਲਣ ਦੀ ਆਜ਼ਾਦੀ ਨਹੀਂ ਹੈ।

# ਦਿੱਲੀ ਵਿਚ ਪ੍ਰਦੂਸ਼ਣ ਵਧਦਾ ਜਾਣ ਕਰ ਕੇ ਸੁਪਰੀਮ ਕੋਰਟ ਨੇ ਨਵੇਂ ਨਿਰਦੇਸ਼ ਦਿੱਤੇ

ਨਵੀਂ ਦਿੱਲੀ, 4 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਹੁਕਮ ਦਿੱਤਾ ਹੈ ਕਿ ਦਿੱਲੀ-ਐਨ ਸੀ ਆਰ ਵਿਚ ਉਸਾਰੀ ਕੰਮਾਂ ਦੀ ਪਾਬੰਦੀ ਦਾ ਉਲੰਘਣ ਕਰਨ ਵਾਲਿਆਂ ਨੂੰ ਇਕ ਲੱਖ ਜੁਰਮਾਨਾ ਲੱਗੇਗਾ। ਕੂੜੇ ਨੂੰ ਸਾੜਿਆ ਤਾਂ 5000 ਰੁਪਏ ਜੁਰਮਾਨਾ ਲੱਗੇਗਾ। ਕੋਰਟ ਨੇ ਨਗਰ ਨਿਗਮਾਂ ਨੂੰ ਕੂੜੇ ਦੇ ਖੁਲ੍ਹੇ ਡੰਪਿੰਗ ਨੂੰ ਰੋਕਣ ਦੇ ਹੁਕਮ ਵੀ ਦਿੱਤੇ ਹਨ ਤੇ ਦਿੱਲੀ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਉਹ ਸ਼ੁਕਰਵਾਰ ਤੱਕ ਡਾਟਾ ਜਾਂ ਰਿਕਾਰਡ ਰਾਹੀਂ ਸਾਬਤ ਕਰੇ ਕਿ ਔਡ-ਈਵਨ ਸਕੀਮ ਨਾਲ ਦਿੱਲੀ ਵਿਚ ਪ੍ਰਦੂਸ਼ਣ



ਘਟਿਆ ਹੈ, ਜਦੋਂ ਕਿ ਆਟੋ ਟੈਕਸੀ ਸੜਕਾਂ ਉੱਤੇ ਦੌੜ ਰਹੀਆਂ ਹਨ।

ਦਿੱਲੀ ਦੇ ਪ੍ਰਦੂਸ਼ਣ ਬਾਰੇ ਸੁਪਰੀਮ ਕੋਰਟ ਨੇ ਸੂਬਾ ਸਰਕਾਰਾਂ ਨੂੰ ਕਰੜੀ ਫਟਕਾਰ ਲਾਈ ਹੈ। ਕੋਰਟ ਨੇ ਬੁਧਵਾਰ ਤੱਕ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਦੇ ਮੁੱਖ ਸਕੱਤਰਾਂ ਨੂੰ ਹਾਜ਼ਰ ਹੋਣ ਦੇ ਹੁਕਮ ਨਾਲ ਕਿਹਾ ਹੈ ਕਿ ਪਰਾਲੀ ਸਾੜਨ ਦੀ ਇਕ ਵੀ ਘਟਨਾ ਨਾ ਹੋਵੇ। ਇਸ ਦੇ ਨਾਲ ਅਦਾਲਤ ਨੇ ਹੁਕਮ ਦਿੱਤਾ ਹੈ ਕਿ ਜੇ ਏਦਾਂ ਹੁੰਦਾ ਹੈ ਤਾਂ ਚੀਫ਼ ਸੈਕਟਰੀ ਤੋਂ ਲੈ ਕੇ ਗ੍ਰਾਮ ਪ੍ਰਚਾਇਤ ਦੇ ਇਕ-ਇਕ ਅਧਿਕਾਰੀ ਤੱਕ ਨੂੰ ਦੋਸ਼ੀ ਮੰਨਿਆ ਜਾਵੇਗਾ। ਇਸ ਤੋਂ ਪਹਿਲਾਂ ਕੋਰਟ ਨੇ ਕਿਹਾ ਕਿ ਹਰ ਸਾਲ 15 ਦਿਨ ਤਕ ਦਿੱਲੀ ਦਾ ਸਾਹ ਘੁੱਟਦਾ ਹੈ, ਘਰ ਦੇ ਅੰਦਰ ਤੱਕ ਦੀ ਹਵਾ ਸ਼ੁੱਧ ਨਹੀਂ ਹੈ। ਹਰ ਸੂਬਾ ਸਰਕਾਰ ਸਿਰਫ਼ ਚੋਣਾਂ ਵਿਚ ਰੁੱਝੀ ਰਹਿੰਦੀ ਹੈ। ਕੋਈ ਫਸਲ ਸਾੜਦਾ ਹੈ, ਨਤੀਜੇ ਸੱਭ ਨੂੰ ਭੁਗਤਣੇ ਪੈਂਦੇ ਹਨ।

# ਮੁਸਲਿਮ ਕਿਰਤੀ ਬਣਾਉਂਦੇ ਹਨ ਅਯੁੱਧਿਆ ਵਿੱਚ ਮੂਰਤੀਆਂ ਉੱਤੇ ਪੈਣ ਵਾਲੇ ਹਾਰ

ਫੈਜ਼ਾਬਾਦ, 4 ਨਵੰਬਰ (ਪੋਸਟ ਬਿਊਰੋ)- ਅਯੁੱਧਿਆ ਵਿੱਚ ਰਾਮ ਮੰਦਰ ਦੀ ਉਸਾਰੀ ਬਾਰੇ ਚਰਚਾ ਗਰਮ ਹੈ। ਸੁਪਰੀਮ ਕੋਰਟ ਵਿੱਚ ਰਾਮ ਜਨਮ ਭੂਮੀ ਤੇ ਬਾਬਰੀ ਮਸਜਿਦ ਦੇ ਜ਼ਮੀਨੀ ਵਿਵਾਦ ਦੇ ਕੇਸ ਦੀ ਸੁਣਵਾਈ ਪੂਰੀ ਹੋ ਚੁੱਕੀ ਹੈ। ਫੈਸਲੇ ਦੀ ਅਯੁੱਧਿਆ ਵਿਚ ਸਭ ਨੂੰ ਉਡੀਕ ਹੈ। ਮੁਸਲਿਮ ਚਾਹੁੰਦੇ ਹਨ ਕਿ ਇਸ ਥਾਂ ਉੱਤੇ ਅਸੀਂ ਨਮਾਜ਼ ਅਦਾ ਕਰਾਂਗੇ ਤੇ ਹਿੰਦੂ ਕਹਿੰਦੇ ਹਨ ਕਿ ਜ਼ਮੀਨ ਉੱਤੇ ਸਾਡਾ ਹੱਕ ਹੈ ਅਤੇ ਇੱਥੇ ਰਾਮ ਮੰਦਰ ਬਣਨਾ ਚਾਹੀਦਾ ਹੈ। ਕੋਰਟ ਦਾ ਜੋ ਵੀ ਫੈਸਲਾ ਹੋਵੇ, ਸਭ ਨੂੰ ਪ੍ਰਵਾਨ ਕਰਨਾ ਪਵੇਗਾ। ਉਂਜ ਏਥੇ ਭਾਈਚਾਰਕ ਸਾਂਝ ਦੀ ਵੱਡੀ ਮਿਸਾਲ ਦੇਖਣ ਨੂੰ ਮਿਲ ਰਹੀ ਹੈ। ਅਯੁੱਧਿਆ ਵਿਚ ਮੁਸਲਮਾਨਾਂ ਵੱਲੋਂ ਧਾਗੇ ਵਿੱਚ ਪਰੋਏ ਫੁੱਲ ਹਿੰਦੂਆਂ ਵੱਲੋਂ ਭਗਵਾਨ ਨੂੰ ਚੜ੍ਹਾਏ ਜਾਂਦੇ ਹਨ। ਇਕ ਹਿੰਦੀ ਅਖਬਾਰ ਮੁਤਾਬਕ ਫੈਜ਼ਾਬਾਦ, ਜਿਸ ਦਾ ਨਾਂ ਬਦਲ ਕੇ ਅਯੁੱਧਿਆ ਕਰ ਦਿੱਤਾ ਗਿਆ ਹੈ, ਵਿਖੇ ਰਾਮ ਜਨਮ ਭੂਮੀ ਦੇ ਆਲੇ-ਦੁਆਲੇ ਬਣੇ ਮੰਦਰਾਂ ਕੋਲ ਫੁੱਲਾਂ ਦੀਆਂ ਕਈ ਦੁਕਾਨਾਂ ਹਨ। ਅਯੁੱਧਿਆ ਦੇ 90 ਫੀਸਦੀ ਮੁਸਲਿਮ ਪਰਿਵਾਰ ਇਸ ਕੰਮ ਵਿਚ ਲੱਗੇ ਰਹਿੰਦੇ ਹਨ। ਫੁੱਲਾਂ ਦੇ ਛੋਟੇ-ਛੋਟੇ ਬਾਗਾਂ ਤੋਂ ਰੋਜ਼ ਫੁੱਲ ਅਯੁੱਧਿਆ ਪੁੱਜਦੇ ਹਨ ਅਤੇ ਫਿਰ ਮਾਲਾ, ਗੁਲਦਸਤੇ ਸਮੇਤ ਸਭ ਸਜਾਵਟੀ ਕਿਸਮਾਂ ਵਿੱਚ ਬਦਲ ਜਾਂਦੇ ਹਨ। ਇੱਥੇ ਫੁੱਲਾਂ ਦੀਆਂ ਦੁਕਾਨਾਂ ਨਜ਼ਰ ਆਉਂਦੀਆਂ ਹਨ, ਕੋਈ ਅਜ਼ਮਲ ਫੁੱਲ ਭੰਡਾਰ ਅਤੇ ਕੋਈ ਅਮੀਨ ਫੁੱਲ ਹਾਊਸ ਦੇ ਨਾਮ ਨਾਲ ਮਸ਼ਹੂਰ ਹਨ।

BEST FOR DIWALI, EID, CHRISTMAS GIFT
ALL PICTURES INSIDE FRAME ARE 24K PURE GOLD



10 ਫੋਟੋਆਂ ਨਾਲ ਇਕ ਗੋਲਡ KEY RING FREE
FOR ALL INQUIRES CALL TARSEM SINGH 647-206-6109

# ਦਿੱਲੀ ਵਿੱਚ ਹਵਾ ਪ੍ਰਦੂਸ਼ਣ ਅੱਗੇ ਮਾਸਕ ਤੇ ਏਅਰ ਪਿਓਰੀਫਾਇਰ ਵੀ ਬੇਕਾਰ ਹੋਣ ਲੱਗੇ

ਨਵੀਂ ਦਿੱਲੀ, 4 ਨਵੰਬਰ (ਪੋਸਟ ਬਿਊਰੋ)- ਭਾਰਤ ਦੇ ਸਭ ਤੋਂ ਵੱਡੇ ਹਸਪਤਾਲ ਤੇ ਖੋਜ ਸੰਸਥਾ ਏਮਜ਼ ਦੇ ਡਾਇਰੈਕਟਰ ਡਾਕਟਰ ਰਣਦੀਪ ਗੁਲੇਰੀਆ ਨੇ ਰਾਜਧਾਨੀ ਦਿੱਲੀ 'ਚ ਪ੍ਰਦੂਸ਼ਣ ਦੀ ਸਥਿਤੀ ਉੱਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਸਾਫ ਤੌਰ 'ਤੇ ਕਹਿ ਦਿੱਤਾ ਹੈ ਕਿ ਪ੍ਰਦੂਸ਼ਣ ਦੀ ਮੌਜੂਦਾ ਸਥਿਤੀ ਵਿੱਚ ਮਾਸਕ ਅਤੇ ਏਅਰ ਪਿਓਰੀਫਾਇਰ ਵੀ ਬਚਾਅ ਵਿੱਚ ਸਹਾਇਤਾ ਨਹੀਂ ਕਰ ਰਹੇ। ਉਨ੍ਹਾਂ ਨੇ ਤਰਕ ਦਿੱਤਾ ਹੈ ਕਿ ਮਾਸਕ ਪਾ ਵੀ ਲਿਆ ਜਾਵੇ ਤਾਂ ਆਸੇ ਪਾਸਿਓਂ ਛੋਟੇ-ਛੋਟੇ ਪ੍ਰਦੂਸ਼ਿਤ ਕਣ ਪ੍ਰਵੇਸ਼ ਕਰ ਜਾਂਦੇ ਹਨ।

ਆਲ ਇੰਡੀਆ ਮੈਡੀਕਲ ਇੰਸਟੀਚਿਊਟ (ਏਮਜ਼) ਦੇ ਡਾਇਰੈਕਟਰ ਨੇ ਕਿਹਾ ਕਿ ਪ੍ਰਦੂਸ਼ਣ ਦੀ ਸਥਿਤੀ ਗੰਭੀਰ ਹੋਣ 'ਤੇ ਤਿੰਨ-ਚਾਰ ਦਿਨਾਂ ਦੇ ਅੰਦਰ ਓ ਪੀ ਡੀ ਅਤੇ



ਐਮਰਜੈਂਸੀ ਮਰੀਜ਼ਾਂ ਦੀ ਗਿਣਤੀ ਅਚਾਨਕ ਵਧ ਗਈ ਹੈ। ਉਨ੍ਹਾਂ ਕਿਹਾ ਕਿ ਏਅਰ ਪਿਓਰੀਫਾਇਰ ਭਾਰਤੀ ਘਰਾਂ ਵਿੱਚ ਇਸ ਲਈ ਜ਼ਿਆਦਾ ਕਾਰਗਰ ਨਹੀਂ ਹੁੰਦੇ ਕਿ ਘਰ ਖੁੱਲ੍ਹੇ ਹੁੰਦੇ ਹਨ ਅਤੇ ਇਨ੍ਹਾਂ ਦੇ ਅੰਦਰ ਬਾਹਰ ਹਵਾ ਅਸਾਨੀ ਨਾਲ ਦਾਖਲ ਹੁੰਦੀ ਰਹਿੰਦੀ ਹੈ ਨਤੀਜੇ ਵਜੋਂ ਪ੍ਰਦੂਸ਼ਿਤ ਹਵਾਵਾਂ ਨਾਲ ਘਰ ਦਾ ਵਾਤਾਵਰਣ ਵਿਗੜ ਜਾਂਦਾ ਹੈ। ਏਅਰ ਪਿਓਰੀਫਾਇਰ ਥੋੜ੍ਹੇ ਸਮੇਂ ਲਈ ਕੰਮ ਕਰਦੀ ਹੈ ਤੇ ਬਾਅਦ ਵਿੱਚ ਸਥਿਤੀ ਪਹਿਲਾਂ ਵਾਂਗੂ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹ ਸੰਭਵ ਨਹੀਂ ਕਿ ਕੋਈ 24 ਘੰਟੇ ਏਅਰ ਪਿਓਰੀਫਾਇਰ ਦੇ ਕੋਲ ਰਹੇ, ਇਸ ਲਈ ਅਸੀਂ ਇਸ ਨੂੰ ਕਾਰਗਰ ਨਹੀਂ ਮੰਨਦੇ। ਹਵਾ ਪ੍ਰਦੂਸ਼ਣ ਇੱਕ ਤਰ੍ਹਾਂ ਦਾ ਸਾਈਲੈਂਟ ਕਿਲਰ ਹੈ।

ਵਰਨਣ ਯੋਗ ਹੈ ਕਿ ਦਿੱਲੀ ਦੇ ਵੱਖ ਵੱਖ ਹਸਪਤਾਲਾਂ ਵਿੱਚ ਸਾਹ ਤੇ ਦਿਲ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਲਗਭਗ 25 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਇਸ ਦੌਰਾਨ ਰਾਜਧਾਨੀ ਦਿੱਲੀ ਦੇ ਏਮਜ਼ ਅਤੇ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ (ਆਈ ਆਈ ਟੀ) ਨੇ ਸਟੇਨ ਫੋਰਡ ਅਤੇ ਸਿੰਗਾਪੁਰ ਯੂਨੀਵਰਸਿਟੀ ਦੇ ਖੋਜਕਾਰਾਂ ਨਾਲ ਮਿਲ ਕੇ ਏਅਰਲੈਸ ਕਾਰ ਏਅਰ ਸੈਨੇਟਾਈਜ਼ਰ ਨਾਂਅਦਾ ਇੱਕ ਉਤਪਾਦ ਤਿਆਰ ਕੀਤਾ ਹੈ, ਜੋ ਯਾਤਰੀ ਵਾਹਨਾਂ ਦੇ ਅੰਦਰਲੀ ਹਵਾ ਨੂੰ ਸ਼ੁੱਧ ਰੱਖਣ 'ਚ ਮਦਦ ਕਰਦਾ ਹੈ। ਇਹ ਸੈਨੇਟਾਈਟਜ਼ਰ ਐਕਟਿਵ ਮਾਲਕਿਊਲਰ ਟੈਕਨਾਲੋਜੀ 'ਤੇ ਆਧਾਰਤ ਹੈ ਅਤੇ ਇਹ ਡਬਲਯੂ ਐੱਚ ਓ ਸਟੈਂਡਰਡ ਅਨੁਸਾਰ ਵਾਹਨਾਂ ਦੀ ਹਵਾ ਨੂੰ ਸ਼ੁੱਧ ਕਰਦਾ ਹੈ। ਦਿੱਲੀ ਅਤੇ ਨੇੜਲੇ ਇਲਾਕੇ ਵਿੱਚ ਦੀਵਾਲੀ ਦੇ ਸਮੇਂ ਇੱਕ ਮਹੀਨੇ ਦੀ ਸਮੇਂ ਨੂੰ ਰੈਡ ਅਲਰਟ ਮੰਨਿਆ ਜਾਂਦਾ ਹੈ। ਲੋਕ ਆਪਣੇ ਘਰਾਂ ਅਤੇ ਦਫਤਰਾਂ ਵਿੱਚ ਏਅਰ ਪਿਓਰੀਫਾਇਰ ਦੀ ਵਰਤੋਂ ਕਰਦੇ ਹਨ, ਪਰ ਹੁਣ ਤੱਕ ਵਾਹਨਾਂ ਦੀ ਹਵਾ ਨੂੰ ਸਾਫ ਕਰਨ ਲਈ ਕੋਈ ਪ੍ਰੋਡਕਟ ਨਹੀਂ ਸੀ।





# ਪ੍ਰਕਾਸ਼ ਉਤਸਵ ਸਮਾਗਮ ਲਈ ਇਕ ਹਜ਼ਾਰ ਤੋਂ ਵਧੇਰੇ ਸਿੱਖ ਪੱਛਮੀ ਪੰਜਾਬ ਪਹੁੰਚੇ



ਇਲਸਾਮਾਬਾਦ, 4 ਨਵੰਬਰ (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਇਕ ਹਜ਼ਾਰ ਤੋਂ ਵੱਧ ਸਿੱਖ ਗੁਰੂ ਜੀ ਦੇ ਜਨਮ ਸਥਾਨ ਪਾਕਿਸਤਾਨੀ ਪੰਜਾਬ ਦੇ ਗੁਰ-ਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਪੁੱਜ ਚੁੱਕੇ ਹਨ। ਲਹਿੰਦੇ ਪੰਜਬ ਦੇ ਗੁਰਦੁਆਰਿਆਂ ਨੂੰ ਰੋਸ਼ਨੀਆਂ ਨਾਲ ਸਜਾਇਆ ਗਿਆ ਹੈ ਅਤੇ ਇੱਥੇ ਦੀਵਾਨਾਂ ਦੀ ਲੜੀ ਚੱਲ ਰਹੀ ਹੈ। ਇਹ ਭਾਰਤੀ ਲੋਕ ਇੱਕ ਜਥੇ ਵਿੱਚ ਨਗਰ ਕੀਰਤਨ ਦੇ ਰੂਪ ਵਿੱਚ ਪਾਕਿਸਤਾਨ ਪੁੱਜੇ ਹਨ।

ਇਵੈਕੁਈ ਟਰੱਸਟ ਪ੍ਰਾਪਰਟੀਜ਼ ਬੋਰਡ (ਈ ਟੀ ਪੀ ਬੀ) ਦੇ ਡਿਪਟੀ ਸਕੱਤਰ ਇਮਰਾਨ ਗੋਂਡਲ ਨੇ ਦੱਸਿਆ ਕਿ ਭਾਰਤੀ ਜਥਾ 31 ਅਕਤੂਬਰ ਨੂੰ ਵਾਹਗਾ ਤੋਂ ਲੁਧਿਆਣਾ ਅਤੇ ਅੰਮ੍ਰਿਤਸਰ ਹੁੰਦੇ ਹੋਏ ਪਾਕਿਸਤਾਨ ਸਰਹੱਦ ਵਿਚ ਦਾਖ਼ਲ ਹੋਇਆ ਸੀ। ਐਤਵਾਰ ਨੂੰ ਇਹ ਜਥਾ ਪੰਜਾ ਸਾਹਿਬ ਹਸਨ ਅਬਦਾਲ ਸ਼ਹਿਰ ਪੁੱਜਾ ਸੀ ਅਤੇ ਸਿੱਖ ਤੀਰਥ ਯਾਤਰੀਆਂ ਨੇ ਗੁਰਦੁ-ਆਰਾ ਨਨਕਾਣਾ ਸਾਹਿਬ ਅਤੇ ਗੁਰਦ-ਆਰਾ ਸੱਚਾ ਸੌਦਾ ਅਤੇ ਹੋਰ ਗੁਰਦੁ-ਆਰਿਆਂ ਦੇ ਦਰਸ਼ਨ ਵੀ ਕੀਤੇ ਸਨ। ਇਸ ਯਾਤਰਾ ਦੀ ਸਮਾਪਤੀ ਕਰਤਾਰ-ਪੁਰ ਸਾਹਿਬ ਦੇ ਗੁਰਦੁਆਰਾ ਦਰਬਾਰ ਸਾਹਿਬ ਵਿਚ ਹੋਵੇਗੀ। ਇੱਥੇ ਇਹ ਜਥਾ ਸੋਨੇ ਦੀ ਪਾਲਕੀ ਸਥਾਪਤ ਕਰੇਗਾ। ਗੋਂਡਲ ਨੇ ਕਿਹਾ ਕਿ 1300 ਵੀਜ਼ੇ ਪਾਕਿਸਤਾਨ ਤੇ ਭਾਰਤ ਦੇ ਵਿਚ ਧਾਰਮਿਕ ਅਸਥਾਨਾਂ ਦੀਆਂ ਯਾਤਰਾਵਾਂ ਉੱਤੇ ਇਕ ਪਰੋਟੋਕਾਲ ਤਹਿਤ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੇ ਰਹਿਣ-ਸਹਿਣ, ਖਾਣ-ਪੀਣ ਦੇ ਸਾਰੇ ਪ੍ਰਬੰਧ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਤੇ ਹਨ। ਇਹ ਜਥਾ 9 ਨਵੰਬਰ ਨੂੰ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ ਉਦਘਾਟਨੀ ਸਮਾਗਮ ਵਿਚ ਵੀ ਸ਼ਾਮਲ ਹੋਵੇਗਾ।

# ਨਿਊਜ਼ੀਲੈਂਡ ਦੇ ਇੰਮੀਗਰੇਸ਼ਨ ਵਿਭਾਗ ਤੇ ਇੱਕ ਮੰਤਰੀ ਦੇ ਖਿਲਾਫ ਸੜਕਾਂ 'ਤੇ ਲੋਕ ਉਤਰੇ



ਆਕਲੈਂਡ, 4 ਨਵੰਬਰ (ਪੋਸਟ ਬਿਊਰੋ)- ਨਿਊਜ਼ੀਲੈਂਡ ਸਰਕਾਰ ਦੇ ਇੰਮੀਗਰੇਸ਼ਨ ਵਿਭਾਗ ਵੱਲੋਂ ਵਿਦਿਆਰਥੀ ਵਰਗ, ਪਾਰਟਨਰਸ਼ਿਪ ਵੀਜ਼ਾ, ਪੀ ਆਰ ਅਤੇ ਇਸ ਦੇ ਬਾਅਦ ਮਾਪਿਆਂ ਦੀ ਪੱਕੀ ਨਾਗਰਿਕਤਾ ਦੇ ਵੀਜ਼ਿਆਂ ਲਈ ਬਣਾਈਆਂ ਨਵੀਆਂ ਨੀਤੀਆਂ ਕਾਰਨ ਨਿਊਜ਼ੀਲੈਂਡ ਵਸਦੇ ਪ੍ਰਵਾਸੀ ਭਾਈਚਾਰੇ 'ਚ ਰੋਸ ਹੈ। ਬੀਤੇ ਦਿਨੀਂ ਆਪਣਾ ਰੋਸ ਜ਼ਾਹਰ ਕਰਨ ਲਈ ਆਕਲੈਂਡ ਦੀਵਾਲੀ ਮੇਲੇ ਦੇ ਉਦਘਾਟਨੀ ਸਮਾਗਮ ਮੌਕੇ ਇਨ੍ਹਾਂ ਲੋਕਾਂ ਨੇ ਦੇਸ਼ ਦੀ ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਨੂੰ 'ਮਾਈਗ੍ਰੇਟਸ ਐਸੋਸੀਏਸ਼ਨ' ਨੇ ਰੋਸ ਪ੍ਰਦਰਸ਼ਨ ਕਰਕੇ ਤਖ਼ਤੀਆਂ ਵਿਖਾਈਆਂ ਸਨ। ਇਸ ਤੋਂ ਬਾਅਦ ਇਸ ਦੇਸ਼ ਦੀ ਸਰਕਾਰ 'ਚ ਭਾਈਵਾਲ ਸਿਆਸੀ ਪਾਰਟੀ ਦੇ ਇੱਕ ਮੰਤਰੀ ਨੇ ਭਾਰਤੀ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਇਸ ਦੇਸ਼ ਵਿੱਚੋਂ ਚਲੇ ਜਾਣ ਵਾਲੀ ਵਿਵਾਦਿਤ ਟਿੱਪਣੀ ਕੀਤੀ ਸੀ, ਜਿਸ ਨੇ ਭਾਰਤੀ ਭਾਈਚਾਰੇ ਨੂੰ ਹੋਰ ਨਾਰਾਜ਼ ਕਰ ਦਿੱਤਾ ਸੀ।

ਇਸ ਟਿੱਪਣੀ ਦੇ ਰੋਸ ਵਜੋਂ 'ਮਾਈਗ੍ਰੇਟਸ ਐਸੋਸੀਏਸ਼ਨ' ਦੇ ਸੱਦੇ ਉਤੇ ਵੱਡੀ ਗਿਣਤੀ 'ਚ ਭਾਰਤੀ ਅਤੇ ਹੋਰਨਾਂ ਦੇਸ਼ਾਂ ਦੇ ਲੋਕਾਂ ਨੇ ਓਟੀਆ ਸੁਕੇਅਰ ਆਕਲੈਂਡ ਸਿਟੀ 'ਚ ਰੋਸ ਮੁਜ਼ਾਹਰਾ ਕੀਤਾ ਅਤੇ ਇੱਕ ਰੈਲੀ ਵੀ ਕੱਢੀ ਗਈ, ਜਿਹੜੀ ਕੁਈਨ ਸਟਰੀਟ ਤੋਂ ਹੁੰਦੀ ਹੋਈ ਸਕਾਈ ਸਿਟੀ ਸੈਂਟਰ ਤੇ ਫਿਰ ਓਟੀਆ ਸੁਕੇਅਰ ਆ ਕੇ ਸਮਾਪਤ ਹੋਈ। ਐਸੋਸੀਏਸ਼ਨ ਦੀ ਜਰਨਲ ਸਕੱਤਰ ਅਨੁ ਕਲੋਟੀ ਨੇ ਕਿਹਾ ਕਿ ਮੌਜੂਦਾ ਸਰਕਾਰ ਦੇ ਕੈਬਨਿਟ ਮੰਤਰੀ ਸੈਨ ਜੋਨਸ ਨੇ ਜੋ ਟਿੱਪਣੀ ਕੀਤੀ, ਉਸ ਲਈ ਉਸ ਨੂੰ ਮੁਆਫੀ ਮੰਗਣੀ ਚਾਹੀਦੀ ਅਤੇ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਸਰਕਾਰ ਜੋ ਨਵੀਆਂ ਨੀਤੀਆਂ ਬਣਾ ਕੇ ਪ੍ਰਵਾਸੀਆਂ ਨੂੰ ਤੰਗ ਕਰ ਰਹੀ ਹੈ, ਉਸ ਨੂੰ ਬੰਦ ਕਰਨਾ ਚਾਹੀਦਾ ਹੈ। ਇਸ ਮੌਕੇ ਬੋਲਦਿਆਂ ਭਾਰਤੀ ਕੋਲਾਟੀ, ਸ਼ੇਰ ਸਿੰਘ ਆਦਿ ਨੇ ਕਿਹਾ ਕਿ ਇਸ ਦੇਸ਼ ਦੀ ਤਰੱਕੀ 'ਚ ਪ੍ਰਵਾਸੀਆਂ ਦਾ ਸਭ ਤੋਂ ਵੱਡਾ ਯੋਗਦਾਨ ਹੈ ਪਰ ਫਿਰ ਵੀ ਮੌਜੂਦਾ ਸਰਕਾਰ ਜਾਣ-ਬੁੱਝ ਕੇ ਪ੍ਰਵਾਸੀਆਂ ਨੂੰ ਤੰਗ ਪ੍ਰੇਸ਼ਾਨ ਕਰ ਰਹੀ ਹੈ।

# ਸੱਪ ਪਾਲਣ ਦਾ ਸ਼ੌਕ ਹੀ ਮੌਤ ਬਣ ਗਿਆ, ਘਰੋਂ 140 ਸੱਪ ਮਿਲੇ

ਇੰਡੀਆਨਾ, 4 ਨਵੰਬਰ (ਪੋਸਟ ਬਿਊਰੋ)- ਸੱਪ ਦਾ ਨਾਮ ਸੁਣ ਕੇ ਕਿਸੇ ਦੇ ਵੀ ਦਿਲ ਵਿਚ ਡਰ ਪੈਦਾ ਹੋ ਜਾਂਦਾ ਹੈ, ਉਨ੍ਹਾਂ ਨੂੰ ਘਰ ਵਿਚ ਪਾਲਣ ਬਾਰੇ ਸੋਚਣਾ ਵੀ ਔਖਾ ਹੈ। ਅਮਰੀਕਾ ਦੇ ਇੰਡੀਆਨਾ ਰਾਜ ਦੀ ਇਕ ਮਹਿਲਾ ਨੂੰ ਸੱਪ ਪਾਲਣ ਦਾ ਸ਼ੌਕ ਸੀ। ਜਦੋਂ ਉਸ ਦੀ ਮੌਤ ਹੋਈ ਤਾਂ ਉਸ ਦੇ ਗਲੇ ਨੂੰ 8 ਫ਼ੁੱਟ ਲੰਬਾ ਅਜਗਰ ਲਿਪਟਿਆ ਹੋਇਆ ਸੀ।

ਮੀਡੀਆ ਰਿਪੋਰਟਸ ਦੇ ਅਨੁਸਾਰ 36 ਸਾਲਾ ਮ੍ਰਿਤਕ ਮਹਿਲਾ ਦਾ ਨਾਮ ਲਾਰਾ ਹਸਟਰ ਸੀ ਅਤੇ ਉਹ ਆਕਸਫੋਰਡ ਸ਼ਹਿਰ ਦੀ ਰਹਿਣ ਵਾਲੀ ਸੀ। ਆਪਣੇ ਘਰ ਵਿਚ ਉਸ ਮਹਿਲਾ ਦੇ ਮ੍ਰਿਤਕ ਪਾਏ ਜਾਣ ਦੀ ਸੂਚਨਾ ਉੱਤੇ ਪੁਲਿਸ ਪਹੁੰਚੀ ਤਾਂ ਪਤਾ ਲੱਗਾ ਕਿ ਲਾਰਾ ਹਸਟਰ ਦੇ ਘਰ ਵਿਚ 140 ਸੱਪ ਸਨ। ਉਨ੍ਹਾਂ ਨੂੰ ਦੇਖ ਕੇ ਪ੍ਰਤੀਤ ਹੁੰਦਾ ਹੈ ਕਿ ਉਹ ਉਥੇ ਰਹਿੰਦੇ ਹਨ। ਉਨ੍ਹਾਂ ਵਿਚ 20 ਸੱਪ ਲਾਰਾ ਪਸਟਰ ਦੇ ਸਨ। ਉਹ ਹਫ਼ਤੇ ਵਿਚ ਦੋ ਵਾਰ ਓਥੇ ਆਉਂਦੀ ਸੀ। ਉਹ ਸੱਪਾਂ ਦੀ ਬ੍ਰੀਡਿੰਗ ਕਰਾਉਂਦੀ ਅਤੇ ਉਨ੍ਹਾਂ ਨੂੰ ਵੇਚਦੀ ਸੀ। ਖ਼ਬਰ ਮੁਤਾਬਿਕ ਉਹ ਘਰ ਬੇਂਟਨ ਕਾਉਂਟੀ ਸ਼ੇਰਿਫ਼ ਡਾਨ ਮੁਨਸਨ ਦਾ ਹੈ। ਉਨ੍ਹਾਂ ਦੱਸਿਆ ਕਿ ਜਦ ਉਹ ਘਰ ਵਿਚ ਗਏ ਤਾਂ ਲਾਰਾ ਹਸਟਰ ਜਮੀਨ ਉਤੇ ਪਈ ਸੀ।

ਇਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਮੁਨਸਨ ਨੇ ਲਾਰਾ ਹਸਟਰ ਦੇ ਗਲੇ ਵਿਚੋਂ ਅਜਗਰ ਨੂੰ ਕੱਢ ਦਿੱਤਾ ਸੀ, ਪਰ ਐਮਰਜੈਂਸੀ ਸੇਵਾ ਉਨ੍ਹਾਂ ਨੂੰ ਜਿੰਦਾ ਨਹੀਂ ਕਰ ਸਕੀ। ਪੁਲਿਸ ਅਧਿਕਾਰੀ ਦੇ ਮੁਤਾਬਕ ਲਾਰਾ ਹਸਟਰ ਅਪਣੇ ਸੱਪਾਂ ਨੂੰ ਦੇਖਣ ਲਈ ਉਥੇ ਗਏ ਸੀ। ਉਸ ਨੇ ਸੱਪ ਨੂੰ ਬਾਹਰ ਕੱਢਿਆ ਤੇ ਉਹ ਉਹੀ ਕਰ ਰਹੀ ਸੀ, ਜੋ ਲੋਕ ਸੱਪ ਦੇ ਨਾਲ ਕਰਦੇ ਹਨ। ਡਾਨ ਮੁਨਸਨ ਇਸ ਘਟਨਾ ਦੀ ਜਾਂਚ ਵਿਚ ਪੁਲਿਸ ਦੇ ਨਾਲ ਪੂਰਾ ਸਹਿਯੋਗ ਕਰ ਰਹੀ ਹੈ।

# ਮੋਦੀ ਨੂੰ ਧਮਕੀ ਦੇਣ ਵਾਲੀ ਪਾਕਿਸਤਾਨੀ ਕਲਾਕਾਰ ਦੀਆਂ ਅਡਲਟ ਤਸਵੀਰਾਂ ਤੇ ਵੀਡੀਓ ਲੀਕ

ਇਸਲਾਮਾਬਾਦ, 4 ਨਵੰਬਰ (ਪੋਸਟ ਬਿਊਰੋ)- ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖਤਰਨਾਕ ਧਮਕੀ ਦੇਣ ਵਾਲੀ ਪਾਕਿਸਤਾਨੀ ਕਲਾਕਾਰ ਰਬੀ ਪੀਰਜ਼ਾਦਾ ਇੱਕ ਵਾਰ ਫਿਰ ਸੁਰਖੀਆਂ ਵਿੱਚ ਆ ਗਈ ਹੈ।

ਅਸਲ ਵਿੱਚ ਰਬੀ ਪੀਰਜ਼ਾਦਾ ਦਾ ਇੱਕ ਅਡਲਟ ਵੀਡੀਓ ਅਤੇ ਤਸਵੀਰਾਂ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਗਈਆਂ ਹਨ। ਇਸ ਵੀਡੀਓ ਵਿੱਚ ਰਬੀ ਟਾਪਲੈੱਸ ਅੰਦਾਜ਼ ਵਿੱਚ ਡਾਂਸ ਕਰਦੀ ਦਿਖਾਈ ਦੇ ਰਹੀ ਹੈ। ਤਸਵੀਰਾਂ ਅਤੇ ਵੀਡੀਓ ਵਾਇਰਲ ਹੋਣ ਤੋਂ ਬਾਅਦ ਸੋਸ਼ਲ ਮੀਡੀਆ ਯੂਜ਼ਰਜ਼ ਰਬੀ ਪੀਰਜ਼ਾਦਾ ਦੇ ਸਮਰਥਨ ਵਿੱਚ ਆ ਗਏ। ਰਬੀ ਦੀਆਂ ਅਜਿਹੀਆਂ ਤਸਵੀਰਾਂ ਅਤੇ ਵੀਡੀਓ ਲੀਕ ਹੋਣ ਤੋਂ ਬਾਅਦ ਉਸ ਦੇ ਫੈਨਸ ਸੋਸ਼ਲ ਮੀਡੀਆ 'ਤੇ ਇਨ੍ਹਾਂ ਨੂੰ ਵਾਇਰਲ ਅਤੇ ਸ਼ੇਅਰ ਨਾ ਕਰਨ ਅਤੇ ਡਿਲੀਟ ਕਰਨ ਦੀ ਵੀ ਅਪੀਲ ਕਰ ਰਹੇ ਹਨ। ਫੈਨਸ ਦਾ ਕਹਿਣਾ ਹੈ ਕਿ ਪਾਕਿਸਤਾਨ ਆਰਮੀ ਦੇ ਬੁਲਾਰੇ ਮੇਜਰ ਜਨਰਲ ਆਸਿਫ ਗਫੂਰ ਦੇ ਨਾਲ ਰਬੀ ਪੀਰਜ਼ਾਦਾ ਦੀ ਬਹਿਸ ਹੋ ਗਈ ਸੀ, ਜਿਸ ਕਾਰਨ ਗਫੂਰ ਨੇ ਰਬੀ ਦੀ ਅਡਲਟ ਵੀਡੀਓ ਅਤੇ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਕੀਤੀਆਂ ਹਨ। ਕੁਝ ਫੈਨਸ ਦਾ ਕਹਿਣਾ ਹੈ ਕਿ ਇਸ ਸਾਜ਼ਿਸ਼ ਪਿੱਛੇ ਰਬੀ ਦੇ ਸਾਬਕਾ ਬੁਆਏ ਫਰੈਂਡ ਦਾ ਹੱਥ ਹੋ ਸਕਦਾ ਹੈ।

ਵਰਨਣ ਯੋਗ ਹੈ ਕਿ ਰਬੀ ਪੀਰਜ਼ਾਦਾ ਪਾਕਿਸਤਾਨ ਦੀ ਪੌਪ ਸਿੰਗਰ ਹੈ ਅਤੇ ਉਸ ਨੇ ਸੋਸ਼ਲ ਮੀਡੀਆ 'ਤੇ ਇੱਕ ਤਸਵੀਰ ਸ਼ੇਅਰ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਦੀ ਤੁਲਨਾ ਐਡਾਲਫ ਹਿਟਲਰ ਨਾਲ ਕੀਤੀ ਸੀ। ਉਥੇ ਰਬੀ ਨੇ ਸਤੰਬਰ ਮਹੀਨੇ ਵਿੱਚ ਵੀ ਇੱਕ ਵੀਡੀਓ ਸੋਸ਼ਲ ਮੀਡੀਆ ਉੱਤੇ ਸ਼ੇਅਰ ਕੀਤੀ ਸੀ ਜਿਸ ਵਿੱਚ ਰਬੀ ਸੱਪ, ਅਜਗਰ ਅਤੇ ਇੱਕ ਮਗਰਮੱਛ ਨਾਲ ਭਾਰਤ ਤੇ ਪ੍ਰਧਾਨ ਮੰਤਰੀ ਮੋਦੀ ਨੂੰ ਧਮਕੀ ਦਿੰਦੀ ਨਜ਼ਰ ਆ ਰਹੀ ਸੀ।

# ਚੋਰੀ ਕੀਤੀਆਂ ਅਮਰੀਕੀ ਖੋਜਾਂ ਚੀਨ ਪੁੱਜਣ ਲੱਗੀਆਂ

ਵਾਸ਼ਿੰਗਟਨ, 4 ਨਵੰਬਰ (ਪੋਸਟ ਬਿਊਰੋ)- ਅਮਰੀਕਾ ਵਿਚ ਜਾਸੂਸੀ ਦੇ ਸ਼ੱਕ ਵਿਚ ਟਰੰਪ ਪ੍ਰਸ਼ਾਸਨ ਚੀਨ ਦੀ ਟੈਲੀਕਾਮ ਕੰਪਨੀ ਹੁਆਵੇ ਸਣੇ ਕਈ ਤਕਨੀਕੀ ਕੰਪਨੀਆਂ ਉੱਤੇ ਰੋਕ ਲਾ ਚੁੱਕਾ ਹੈ। ਤਾਜ਼ਾ ਜਾਣਕਾਰੀ ਇਹ ਪਤਾ ਲੱਗੀ ਹੈ ਕਿ ਚੋਰੀ ਕੀਤੀਆਂ ਅਮਰੀਕੀ ਖੋਜਾਂ ਚੀਨ ਭੇਜੀਆਂ ਜਾ ਰਹੀਆਂ ਹਨ। ਇਸ ਵਿਚ ਚੀਨੀ ਮੂਲ ਦੇ ਕਈ ਨਾਗਰਿਕਾਂ ਦੀ ਵੀ ਭੂਮਿਕਾ ਨਿਕਲੀ ਹੈ। ਅਮਰੀਕਾ ਦੀ ਫੈਡਰਲ ਜਾਂਚ ਏਜੰਸੀ ਐੱਫ ਬੀ ਆਈ ਅਤੇ ਨੈਸ਼ਨਲ ਇੰਸਟੀਚਿਊਟ ਆਫ ਹੈਲਥ (ਐੱਨ ਆਈ ਐੱਚ) ਇਸ ਦੀ ਜਾਂਚ-ਪੜਤਾਲ ਕਰਨ ਲੱਗ ਗਈਆਂ ਹਨ।

ਐੱਫ ਬੀ ਆਈ ਅਤੇ ਐੱਨ ਆਈ ਐੱਚ ਨੇ ਅਜਿਹੇ ਵਿਗਿਆਨਕਾਂ ਦਾ ਪਤਾ ਲਾਉਣ ਲਈ ਵੱਡੀ ਜਾਂਚ ਸ਼ੁਰੂ ਕੀਤੀ ਹੈ, ਜਿਨ੍ਹਾਂ ਦੇ ਬਾਰੇ ਕਿਹਾ ਜਾ ਰਿਹਾ ਹੈ ਕਿ ਉਹ ਦੂਸਰੇ ਦੇਸ਼ਾਂ ਲਈ ਅਮਰੀਕੀ ਅਦਾਰਿਆਂ ਤੋਂ ਬਾਇਓਮੈਡੀਕਲ ਰਿਸਰਚ ਚੋਰੀ ਕਰਦੇ ਹਨ। ਹਾਲੇ ਤਕ ਦੀ ਜਾਂਚ ਵਿਚ ਰਿਸਰਚ ਚੋਰੀ ਦੇ ਜਿਹੜੇ ਕੇਸ ਸਾਹ-ਮਣੇ ਆਏ, ਲਗਪਗ ਉਨ੍ਹਾਂ ਸਾਰਿਆਂ ਵਿਚ ਅਮਰੀਕੀ ਨਾਗਰਿਕਾਂ ਸਣੇ ਚੀਨੀ ਮੂਲ ਦੇ ਕਈ ਵਿਗਿਆਨਕਾਂ ਦੀ ਭੂਮਿਕਾ ਨਿਕਲੀ ਹੈ। ਇਨ੍ਹਾਂ ਨੂੰ ਚੀਨ ਲਈ ਚੋਰੀ ਕਰਦੇ ਪਾਇਆ ਗਿਆ ਹੈ। ਐੱਨ ਆਈ ਐੱਚ ਹਾਲੇ ਤਕ 24 ਮਾਮਲੇ ਹੈਲਥ ਐਂਡ ਹਿਊਮਨ ਸਰਵਿਸਿਜ਼ ਡਿਪਾਰਟਮੈਂਟ ਦੇ ਡਾਇਰੈਕਟਰ ਜਨਰਲ ਦਫ਼ਤਰ ਕੋਲ ਭੇਜ ਚੁੱਕਾ ਹੈ। ਇਨ੍ਹਾਂ ਵਿੱਚ ਅਪਰਾਧਿਕ ਸਰਗਰਮੀ ਦਾ ਸ਼ੱਕ ਪ੍ਰਗਟ ਕਰਦੇ ਹੋਏ ਐੱਨ ਆਈ ਐੱਚ ਨੇ ਕਿਹਾ ਕਿ ਬਾਇਓਮੈਡੀਕਲ ਰਿਸਰਚ ਦੇ ਨਿਯਮਾਂ ਦੀ ਉਲੰਘਣਾ ਕੀਤੀ ਗਈ ਹੈ। ਇਨ੍ਹਾਂ ਮਾਮਲਿਆਂ ਦੇ ਜ਼ਾਹਰ ਹੋਣ ਪਿੱਛੋਂ ਅਮਰੀਕਾ ਦੀਆਂ 71 ਸੰਸਥਾਵਾਂ ਵੀ ਬੌਧਿਕ ਸੰਪਦਾ ਦੀ ਚੋਰੀ ਦੇ ਸ਼ੱਕ ਵਿਚ 180 ਕੇਸਾਂ ਦੀ ਜਾਂਚ ਕਰ ਰਹੀਆਂ ਹਨ। ਇਨ੍ਹਾਂ ਸੰਸਥਾਵਾਂ ਵਿਚ ਅਮਰੀਕਾ ਦੇ ਕਈ ਉੱਘੇ ਮੈਡੀਕਲ ਸਕੂਲ ਵੀ ਦੱਸੇ ਜਾ ਰਹੇ ਹਨ। ਜਾਂਚ ਵਿਚ ਵਿਗਿਆਨਕ ਵਿਚਾਰਾਂ, ਡਿਜ਼ਾਈਨ, ਡਿਵਾਈਸ, ਡਾਟਾ ਤੇ ਸਿਧਾਂਤਾਂ ਨੂੰ ਨਿਸ਼ਾਨਾ ਬਣਾਏ ਜਾਣ ਦੀ ਗੱਲ ਸਾਹਮਣੇ ਆਈ ਹੈ। ਇਨ੍ਹਾਂ ਨਾਲ ਨਵੇਂ ਉਪਾਅ ਜਾਂ ਜਾਂਚ ਦੇ ਟੂਲ ਵਿਕ-ਸਿਤ ਕੀਤੇ ਜਾ ਸਕਦੇ ਹਨ, ਪਰ ਇਸ ਚੋਰੀ ਵਿਚ ਫ਼ੌਜ ਦੀਆਂ ਗੁਪਤ ਜਾਣਕਾਰੀਆਂ ਸ਼ਾਮਲ ਨਹੀਂ ਹਨ। ਐੱਨ ਆਈ ਐੱਚ ਨੇ ਦੱਸਿਆ ਕਿ ਜਾਂਚ ਦੇ ਘੇਰੇ ਵਿਚ ਆਏ ਕਈ ਖੋਜ ਕਰਤਾਵਾਂ ਨੇ ਅਮਰੀਕੀ ਸਰਕਾਰ ਅਤੇ ਸੰਸਥਾਵਾਂ ਦੀ ਮਦਦ ਨਾਲ ਕੀਤੀਆਂ ਖੋਜਾਂ ਨੂੰ ਚੀਨ ਵਿਚ ਪੇਟੈਂਟ ਕਰਾ ਲਿਆ ਅਤੇ ਕਈ ਹੋਰ ਸ਼ੱਕੀਆਂ ਨੇ ਚੀਨ ਵਿਚ ਆਪਣੀ ਲੈਬ ਬਣਾ ਲਈ ਹੈ। ਐੱਨ ਆਈ ਐੱਚ ਨੇ ਜਾਂਚ ਦੇ ਦਾਇਰੇ ਵਿਚ ਆਏ ਜ਼ਿਆਦਾਤਰ ਵਿਗਿਆਨਕਾਂ ਦੇ ਨਾਂ ਜ਼ਾਹਰ ਨਹੀਂ ਕੀਤੇ, ਪ੍ਰੰਤੂ ਪਤਾ ਲੱਗਾ ਹੈ ਕਿ ਹਾਲੇ ਕਰੀਬ ਇਕ ਦਰਜਨ ਵਿਗਿਆਨਕਾਂ ਨੇ ਅਮਰੀਕੀ ਯੂਨੀਵਰਸਿਟੀ ਅਤੇ ਰਿਸਰਚ ਸੈਂਟਰਾਂ ਤੋਂ ਅਸਤੀਫ਼ਾ ਦੇ ਦਿੱਤਾ ਜਾਂ ਉਨ੍ਹਾਂ ਨੂੰ ਕੱਢ ਦਿੱਤਾ ਗਿਆ ਹੈ।

# ਬ੍ਰਿਟੇਨ ਵਿੱਚ 39 ਲਾਸ਼ਾਂ ਮਿਲਣ ਦੇ ਕੇਸ ਵਿੱਚ 8 ਹੋਰ ਗ੍ਰਿਫ਼ਤਾਰ

ਹਨੋਈ, 4 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ ਪੁੱਜੇ ਇਕ ਰੈਫਰਿਜਰੇਟਿਡ ਟਰੱਕ ਕੰਟੇਨਰ ਵਿਚੋਂ 39 ਲਾਸ਼ਾਂ ਮਿਲਣ ਦੇ ਕੇਸ ਵਿਚ ਵੀਅਤਨਾਮ ਵਿਚ ਹੋਰ ਅੱਠ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪਿਛਲੇ ਮਹੀਨੇ ਕੰਟੇਨਰ ਤੋਂ ਮਿਲੀਆਂ ਇਨ੍ਹਾਂ ਲਾਸ਼ਾਂ ਦੀ ਪਛਾਣ ਵੀਅਤਨਾਮੀ ਨਾਗਰਿਕਾਂ ਵਜੋਂ ਕੀਤੀ ਗਈ ਸੀ।

ਵੀਅਤਨਾਮ ਦੀ ਪੁਲਿਸ ਨੇ ਕਿਹਾ ਕਿ ਮਨੁੱਖੀ ਸਮੱਗਲਿੰਗ ਦੇ ਦੋਸ਼ ਵਿਚ ਐਤਵਾਰ ਅੱਠ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਬ੍ਰਿਟੇਨ ਦੀ ਪੁਲਿਸ ਨੇ ਬੀਤੇ ਸ਼ੁੱਕਰਵਾਰ ਕਿਹਾ ਸੀ ਕਿ ਕੰਟੇਨਰ ਵਿਚ ਮ੍ਰਿਤਕ ਮਿਲੇ ਲੋਕ ਵੀਅਤਨਾਮੀ ਸਨ। ਪਹਿਲਾਂ ਉਨ੍ਹਾਂ ਨੂੰ ਚੀਨੀ ਨਾਗਰਿਕ ਦੱਸਿਆ ਗਿਆ ਸੀ, ਪ੍ਰੰਤੂ ਜਦੋਂ ਪੀੜਤ ਵੀਅਤਨਾਮੀ ਪਰਿਵਾਰਾਂ ਨੇ ਆਪਣਿਆਂ ਦੇ ਲਾਪਤਾ ਹੋਣ ਦੀ ਸ਼ਿਕਾਇਤ ਕੀਤੀ ਤਾਂ ਇਹ ਮਾਮਲਾ ਖੁੱਲ੍ਹ ਗਿਆ। ਬ੍ਰਿਟੇਨ ਦੀ ਪੁਲਿਸ ਨੇ 23 ਅਕਤੂਬਰ ਨੂੰ ਮੱਧ ਲੰਡਨ ਤੋਂ ਕਰੀਬ 32 ਕਿਲੋਮੀਟਰ ਦੂਰ ਗ੍ਰੇਜ ਉਦਯੋਗਿਕ ਖੇਤਰ ਵਿਚ ਪੁੱਜੇ ਇਕ ਟਰੱਕ ਕੰਟੇਨਰ ਤੋਂ 39 ਲਾਸ਼ਾਂ ਬਰਾਮਦ ਕੀਤੀਆਂ ਸਨ। ਇਸ ਬਾਰੇ ਉੱਤਰੀ ਆਇਰਲੈਂਡ ਦੇ ਟਰੱਕ ਡਰਾਈਵਰ ਮੌਰਿਸ ਰਾਬਿਨਸਨ (25) ਨੂੰ ਹੱਤਿਆ ਦੇ ਸ਼ੱਕ ਵਿਚ ਗ੍ਰਿਫ਼ਤਾਰ ਕੀਤਾ ਗਿਆ ਤੇ ਇਸ ਪਿੱਛੋਂ ਬੀਤੇ ਸ਼ੁੱਕਰਵਾਰ ਉੱਤਰੀ ਆਇਰਲੈਂਡ ਤੋਂ ਇਕ ਹੋਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਸੇ ਦਿਨ ਦੋ ਹੋਰ ਵੀਅਤਨਾਮੀ ਨਾਗਰਿਕਾਂ ਨੂੰ ਵੀ ਫੜਿਆ ਗਿਆ ਸੀ।

ਇਸ ਦੌਰਾਨ ਗ੍ਰੀਸ ਦੀ ਪੁਲਿਸ ਨੂੰ ਜਾਂਚ ਦੌਰਾਨ ਇਕ ਰੈਫਰਿਜਰੇਟਿਡ ਟਰੱਕ ਵਿਚੋਂ 41 ਸ਼ਰਨਾਰਥੀ ਮਿਲੇ ਹਨ। ਉਹ ਟਰੱਕ ਵਿਚ ਲੁੱਕ ਕੇ ਬੈਠੇ ਹੋਏ ਸਨ, ਪਰ ਸਾਰੇ ਸੁਰੱਖਿਅਤ ਹਨ। ਪੁਲਿਸ ਨੇ ਦੱਸਿਆ ਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਅਫ਼ਗਾਨ ਨਾਗਰਿਕ ਹਨ। ਉੱਤਰੀ ਗ੍ਰੀਸ ਦੇ ਜਾਨਥੀ ਸ਼ਹਿਰ ਵਿਚ ਰੋਜ਼ਾਨਾ ਜਾਂਚ ਮੌਕ ਟਰੱਕ ਨੂੰ ਰੋਕਿਆ ਸੀ। ਟਰੱਕ ਦੇ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

# ਬ੍ਰਿਟੇਨ ਵਿੱਚ 310 ਸਾਲ ਪੁਰਾਣੀ ਕਰੋੜਾਂ ਦੀ ਵਾਇਲਨ ਗਵਾਚਣ ਦੇ ਬਾਅਦ ਮਿਲੀ

ਲੰਡਨ, 4 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਮਸ਼ਹੂਰ ਸੰਗੀਤਕਾਰ ਸਟੀਫ ਮਾਰਿਸ ਨੂੰ ਉਨ੍ਹਾਂ ਦੀ ਗੁਆਚੀ ਹੋਈ ਐਂਟਿਕ ਵਾਇਲਨ ਘਟਨਾ ਦੇ 10 ਦਿਨ ਬਾਅਦ ਮਿਲ ਗਈ ਹੈ। ਇਹ 310 ਸਾਲ ਪੁਰਾਣੀ ਹੈ। ਇਸ ਦੀ ਕੀਮਤ 2.5 ਲੱਖ ਪੌਂਡ (ਭਾਰਤੀ ਕਰੰਸੀ ਵਿੱਚ ਕਰੀਬ 2.28 ਕਰੋੜ ਰੁਪਏ) ਹੈ ਅਤੇ ਕਿਹਾ ਜਾਂਦਾ ਹੈ ਕਿ ਇਸ ਵਾਇਲਨ ਨੂੰ 1709 ਵਿੱਚ ਡੇਵਿਡ ਟੈਕਲਰ ਨੇ ਬਣਾਇਆ ਸੀ।

ਵਰਨਣ ਯੋਗ ਹੈ ਕਿ 22 ਅਕਤੂਬਰ ਨੂੰ ਦੱਖਣੀ ਲੰਡਨ ਵਿੱਚ ਸਫਰ ਦੌਰਾਨ ਇਹ ਟਰੇਨ ਵਿੱਚ ਰਹਿ ਗਈ ਅਤੇ ਇੱਕ ਵਿਅਕਤੀ ਇਸ ਵਾਇਲਨ ਨੂੰ ਚੁੱਕ ਕੇ ਲੈ ਗਿਆ ਸੀ। ਵਾਇਲਨ ਗੁੰਮ ਹੋਣ ਦੀ ਸ਼ਿਕਾਇਤ ਕਰਨ ਪਿੱਛੋਂ ਬ੍ਰਿਟਿਸ਼ ਟਰਾਂਸਪੋਰਟ ਪੁਲਸ ਨੇ ਸੀ ਸੀ ਟੀ ਵੀ ਫੁਟੇਜ ਅਤੇ ਉਸ ਨੂੰ ਲੈ ਜਾਣ ਵਾਲੇ ਵਿਅਕਤੀ ਦੀ ਫੋਟੋ ਜਾਰੀ ਕੀਤੀ ਸੀ। ਇਸ ਦੇ 24 ਘੰਟੇ ਦੇ ਅੰਦਰ ਵਿਅਕਤੀ ਨੇ ਮਾਰਿਸ ਨੂੰ ਟਵਿੱਟਰ 'ਤੇ ਮੈਸੇਜ ਕਰ ਕੇ ਕਿਹਾ ਕਿ ਵਾਇਲਨ ਵਾਪਸ ਕਰਨਾ ਚਾਹੁੰਦਾ ਹੈ। ਵਾਇਲਨ ਮਿਲਣ 'ਤੇ ਮਾਰਿਸ ਨੇ ਕਿਹਾ, ਉਸ ਨੇ ਮੇਰੇ ਤੋਂ ਮੁਆਫੀ ਵੀ ਮੰਗੀ ਹੈ।

# ਅਮਰੀਕਾ ਅਤੇ ਦੱਖਣੀ ਕੋਰੀਆ ਅਜੇ ਸਾਂਝੀਆਂ ਜੰਗੀ ਮਸ਼ਕਾਂ ਨਹੀਂ ਕਰਨਗੇ

ਸਿਓਲ, 4 ਨਵੰਬਰ (ਪੋਸਟ ਬਿਊਰੋ)- ਅਮਰੀਕਾ ਅਤੇ ਦੱਖਣੀ ਕੋਰੀਆ ਇਸ ਸਾਲ ਵੀ ਸਾਂਝੀਆਂ ਜੰਗੀ ਮਸ਼ਕਾਂ ਨਹੀਂ ਕਰਨਗੇ। ਉਤਰ ਕੋਰੀਆ ਨਾਲ ਐਟਮੀ ਹਥਿਆਰ ਨਸ਼ਟ ਕਰਨ ਬਾਰੇ ਚੱਲਦੇ ਕੂਟਨੀਤਕ ਯਤਨਾਂ ਨੂੰ ਉਤਸ਼ਾਹਤ ਕਰਨ ਦੇ ਲਈ ਇਹ ਤੈਅ ਕੀਤਾ ਗਿਆ ਹੈ। ਦੋਵੇਂ ਦੇਸ਼ਾਂ ਨੇ ਬੀਤੇ ਸਾਲ ਵੀ ਇਹ ਏਅਰ ਡਰਿਲ ਨਹੀਂ ਕੀਤੀ ਸੀ।

ਨਿਊਜ਼ ਏਜੰਸੀ ਨੇ ਇੱਕ ਜਾਣਕਾਰ ਸੂਤਰ ਦੇ ਹਵਾਲੇ ਨਾਲ ਦੱਸਿਆ ਕਿ ਦੋਵੇਂ ਦੇਸ਼ਾਂ ਨੇ 'ਵਿਜੀਲੈਂਟ ਐਟ ਏਅਰ ਐਕਸਰਸਾਈਜ਼' ਨੂੰ ਮੁਲਤਵੀ ਕਰਨ ਦੀ ਸੂਚਨੀ ਸਾਂਝੀ ਕੀਤੀ ਹੈ। ਇਹ ਹਵਾਈ ਫੌਜੀ ਅਭਿਆਸ ਆਮ ਤੌਰ ਉੱਤੇ ਹਰ ਸਾਲ ਦਸੰਬਰ ਵਿੱਚ ਹੁੰਦਾ ਹੈ। ਇਸ ਦੇ ਮੁਲਤਵੀ ਕਰਨ ਦਾ ਐਲਾਨ ਹਾਲੇ ਨਹੀਂ ਕੀਤਾ ਗਿਆ ਹੈ। ਅਮਰੀਕਾ ਅਤੇ ਦੱਖਣੀ ਕੋਰੀਆ ਦੇ ਰੱਖਿਆ ਮੰਤਰੀਆਂ ਵਿਚਾਲੇ ਇਸ ਮਹੀਨੇ ਹੋਣ ਵਾਲੀ ਸਾਲਾਨਾ ਮੀਟਿੰਗ ਵਿੱਚ ਇਸ ਦਾ ਪੱਕਾ ਫੈਸਲਾ ਲਿਆ ਜਾਵੇਗਾ। ਦੋਵੇਂ ਦੇਸ਼ਾਂ ਨੇ 2015 ਵਿੱਚ 'ਵਿਜੀਲੈਂਟ ਐਸ ਡਰਿਲ' ਦੀ ਸ਼ੁਰੂਆਤ ਕੀਤੀ ਸੀ। 2017 ਦੇ ਅਭਿਆਸ ਵਿੱਚ ਰਡਾਰ ਨੂੰ ਚਕਮਾ ਦੇਣ ਵਿੱਚ ਸਮਰੱਥ ਲੜਾਕੂ ਜਹਾਜ਼ਾਂ ਸਮੇਤ 270 ਜਹਾਜ਼ਾਂ ਨੇ ਹਿੱਸਾ ਲਿਆ ਸੀ। ਪਿਛਲੇ ਸਾਲ ਸ਼ਾਂਤੀ ਦੀ ਰਾਹ ਉਤੇ ਆਏ ਉਤਰ ਕੋਰੀਆ ਦੇ ਐਟਮੀ ਹਥਿਆਰਾਂ ਦੇ ਖਾਤਮੇ ਬਾਰੇ ਅਮਰੀਕਾ ਯਤਨ ਕਰ ਰਿਹਾ ਹੈ। ਇਸ ਯਤਨ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਤਰ ਕੋਰੀਆ ਦੇ ਸਰਬ ਉਚ ਨੇਤਾ ਕਿਮ ਯੋਂਗ ਉਨ ਵਿਚਾਲੇ ਦੋ ਵਾਰ ਸਿਖਰ ਵਾਰਤਾ ਵੀ ਹੋ ਚੁੱਕੀ ਹੈ। ਉਂਜ ਇਸ ਵਾਰਤਾ ਨੂੰ ਲੈ ਕੇ ਕਈ ਵਾਰ ਅੜਚਨਾਂ ਵੀ ਪੈਦਾ ਹੋਈਆਂ।

# ਹਾਫਿਜ਼ ਦੀ ਵਿਚੋਲਗੀ ਪਿੱਛੋਂ ਪਾਕਿ ਅਦਾਲਤ ਨੇ ਏ ਟੀ ਐੱਮ ਚੋਰ ਦੀ ਮੌਤ ਦੇ ਦੋਸ਼ੀ ਬਰੀ ਕੀਤੇ



ਲਾਹੌਰ, 4 ਨਵੰਬਰ (ਪੋਸਟ ਬਿਊਰੋ)- ਪੁਲਸ ਹਿਰਾਸਤ ਵਿੱਚ ਇੱਕ ਏ ਟੀ ਐੱਮ ਚੋਰ ਨੂੰ ਮਾਰ ਦੇਣ ਦੇ ਦੋਸ਼ੀ ਸਾਰੇ ਤਿੰਨ ਪੁਲਸ ਅਧਿਕਾਰੀਆਂ ਨੂੰ ਪਾਕਿਸਤਾਨ ਦੀ ਇੱਕ ਅਦਾਲਤ ਨੇ ਯੂ ਐੱਨ ਵੱਲੋਂ ਅੱਤਵਾਦੀ ਐਲਾਨੇ ਹੋਏ ਹਾਫਿਜ਼ ਸਈਦ ਦੀ ਵਿਚੋਲਗੀ ਦੇ ਬਾਅਦ ਬਰੀ ਕਰ ਦਿੱਤਾ ਹੈ।

ਜੁਡੀਸ਼ਲ ਮੈਜਿਸਟਰੇਟ ਜਾਹਿਦ ਹੁਸੈਨ ਬਖਤਿਆਰ ਨੇ ਏ ਟੀ ਐੱਮ ਚੋਰ ਸਲਾਊਦੀਨ ਅਯੂਬੀ ਦੇ ਕਤਲ ਦੇ ਦੋਸ਼ ਵਿੱਚ ਮਹਿਮੂਦੁਲ ਹਸਨ, ਸ਼ਫਾਤ ਅਲੀ ਅਤੇ ਮਤਲੂਬ ਹੁਸੈਨ ਨਾਂਅ ਦੇ ਪੁਲਸ ਅਧਿਕਾਰੀਆਂ ਨੂੰ ਇਸ ਹਫਤੇ ਬਰੀ ਕਰ ਦਿੱਤਾ ਹੈ। ਅਦਾਲਤ ਨੇ ਇਨ੍ਹਾਂ ਲੋਕਾਂ ਨੂੰ ਉਦੋਂ ਬਰੀ ਕੀਤਾ, ਜਦ ਮੁੰਬਈ ਹਮਲਿਆਂ ਦੇ ਮਾਸਟਰ ਮਾਈਂਡ ਹਾਫਿਜ਼ ਸਈਦ ਦੀ ਇੱਛਾ ਉੱਤੇ ਅਯੂਬੀ ਦੇ ਘਰਦਿਆਂ ਨੇ ਦੋਸ਼ੀਆਂ ਨੂੰ ਮੁਆਫ ਕਰ ਦਿੱਤਾ ਸੀ। ਮਾਨਸਿਕ ਰੂਪ ਤੋਂ ਕਮਜ਼ੋਰ ਅਯੂਬੀ ਦੀ ਅਗਸਤ ਵਿੱਚ ਪੁਲਸ ਹਿਰਾਸਤ ਵਿੱਚ ਮੌਤ ਹੋ ਗਈ ਸੀ। ਪੁਲਸ ਨੇ ਉਸ ਨੂੰ ਏ ਟੀ ਐੱਮ ਤੋਂ ਰੁਪਏ ਚੋਰੀ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਸੀ। ਅਯੂਬੀ ਦੀ ਹਿਰਾਸਤ ਵਿੱਚ ਹੋਈ ਮੌਤ ਦੇ ਨਾਲ ਦੇਸ਼ ਵਿੱਚ ਰੋਸ ਪੈਦਾ ਹੋ ਗਿਆ ਸੀ। ਇਸ ਪਿੱਛੋਂ ਹਾਫਿਜ਼ ਸਈਦ ਨੇ ਪੁਲਸ ਅਤੇ ਮ੍ਰਿਤਕ ਦੇ ਘਰਦਿਆਂ ਵਿਚਾਲੇ ਵਿਚੋਲਗੀ ਵਿੱਚ ਮਹੱਤਵ ਪੂਰਨ ਭੂਮਿਕਾ ਨਿਭਾਈ ਸੀ। ਮੁੰਬਈ ਹਮਲਿਆਂ ਦਾ ਮਾਸਟਰ ਮਾਈਂਡ ਹਾਫਿਜ਼ ਸਈਦ ਅੱਤਵਾਦ ਨੂੰ ਵਿੱਤੀ ਮਦਦ ਦੇਣ ਦੇ ਦੋਸ਼ ਵਿੱਚ 17 ਜੁਲਾਈ ਤੋਂ ਇਥੇ ਉੱਚ ਸੁਰੱਖਿਆ ਵਾਲੀ ਕੋਟ ਲਖਪਤ ਜੇਲ੍ਹ ਵਿੱਚ ਬੰਦ ਹੈ। ਉਸ ਨੇ ਮ੍ਰਿਤਕ ਦੇ ਘਰਦਿਆਂ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਦੋਸ਼ੀ ਪੁਲਸ ਮੁਲਾਜ਼ਮਾਂ ਨੂੰ ਮੁਆਫ ਕਰਨ ਲਈ ਤਿਆਰ ਕੀਤਾ। ਇਸ ਸੰਬੰਧ ਵਿੱਚ ਇੱਕ ਅਧਿਕਾਰਕ ਸੂਤਰ ਨੇ ਦੱਸਿਆ ਕਿ ਦੋਸ਼ੀ ਪੁਲਸ ਮੁਲਾਜ਼ਮਾਂ, ਉਨ੍ਹਾਂ ਦੇ ਅਧਿਕਾਰੀਆਂ ਅਤੇ ਮ੍ਰਿਤਕ ਦੇ ਘਰਦਿਆਂ ਨੇ ਜੇਲ੍ਹ ਵਿੱਚ ਸਈਦ ਦੇ ਨਾਲ ਕਈ ਬੈਠਕਾਂ ਕੀਤੀਆਂ ਜਿਸ ਨੇ ਉਨ੍ਹਾਂ ਦੇ ਵਿੱਚ ਸਮਝੌਤਾ ਕਰ ਦਿੱਤਾ।


FIRST CHOICE FINANCIAL LIMITED
TRUCK LOANS

ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424



MICHELIN
Hankook
Continental
ROADLUX
BFGoodrich
AEOLUS
COMPASAL
Chevron Delo
Special OIL CHANGE Rates

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ

SPECIAL ON TRUCK ALIGNMENT | BRAND NEW MACHINES 2018

Brake & Drum -Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each

4 Mechanics Needed Urgently

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ
30 Truck Parking Also Available!

1715 Sismet Rd, Mississauga | Call Ranjit: 416.624.8351 | Tel: 905.625.0055

# ਵਟਸਐਪ ਜਾਸੂਸੀ ਦੇ ਮਾਮਲੇ ਨੂੰ ਪਾਰਲੀਮੈਂਟ ਦੀਆਂ ਦੋ ਕਮੇਟੀਆਂ ਵੇਖਣਗੀਆਂ

ਨਵੀਂ ਦਿੱਲੀ, 4 ਨਵੰਬਰ (ਪੋਸਟ ਬਿਊਰੋ)- ਕਾਂਗਰਸ ਪਾਰਟੀ ਆਗੂਆਂ ਦੀ ਅਗਵਾਈ ਹੇਠ ਬਣੀਆਂ ਪਾਰਲੀਮੈਂਟ ਦੀਆਂ ਦੋ ਕਮੇਟੀਆਂ ਨੇ ਵਟਸਐਪ ਜਾਸੂਸੀ ਮਾਮਲੇ ਨੂੰ ਵੇਖਣ ਦਾ ਫੈਸਲਾ ਕੀਤਾ ਹੈ ਅਤੇ ਇਸ ਲਈ ਉਨ੍ਹਾਂ ਗ੍ਰਹਿ ਸਕੱਤਰ ਸਮੇਤ ਸੀਨੀਅਰ ਸਰਕਾਰੀ ਅਧਿਕਾਰੀਆਂ ਤੋਂ ਵਿਸਥਾਰਤ ਜਾਣਕਾਰੀ ਮੰਗੀ ਹੈ।



ਵਰਨਣ ਯੋਗ ਹੈ ਕਿ ਫੇਸਬੁਕ ਦੀ ਮਾਲਕੀ ਵਾਲੀ ਕੰਪਨੀ ਵਟਸਐਪ ਨੇ ਵੀਰਵਾਰ ਨੂੰ ਕਿਹਾ ਸੀ ਕਿ ਇਜ਼ਰਾਈਲੀ ਸਪਾਈਵੇਅਰ ਪੇਗਾ-ਸਸ ਦੀ ਵਰਤੋਂ ਕਰ ਕੇ ਅਣਪਛਾਤੇ ਯੂਨਿਟਾਂ ਵੱਲੋਂ ਸੰਸਾਰ ਪੱਧਰ 'ਤੇ ਜਾਸੂਸੀ ਕੀਤੀ ਜਾ ਰਹੀ ਹੈ ਅਤੇ ਭਾਰਤ ਦੇ ਕੁਝ ਪੱਤਰਕਾਰ ਅਤੇ ਮਨੁੱਖੀ ਕਾਰਕੁਨ ਵੀ ਇਸ ਜਾਸੂਸੀ ਕਾਂਡ ਦੇ ਸ਼ਿਕਾਰ ਬਣੇ ਹਨ।

ਪਾਰਲੀਮੈਂਟ ਦੀ ਗ੍ਰਹਿ ਮਾਮਲਿਆਂ ਦੀ ਸਥਾਈ ਕਮੇਟੀ ਦੇ ਪ੍ਰਧਾਨ ਅਤੇ ਕਾਂਗਰਸ ਨੇਤਾ ਆਨੰਦ ਸ਼ਰਮਾ ਨੇ ਸਮੁੱਚੇ ਵਟਸਐਪ ਘਟਨਾਕ੍ਰਮ ਨੂੰ ਚਿੰਤਾ ਜਨਕ ਦੱਸਦਿਆਂ ਕਿਹਾ ਕਿ ਇਸ ਮੁੱਦੇ ਉੱਤੇ 15 ਨਵੰਬਰ ਨੂੰ ਹੋਣ ਵਾਲੀ ਕਮੇਟੀ ਦੀ ਅਗਲੀ ਬੈਠਕ ਵਿੱਚ ਵਿਚਾਰ ਕੀਤੀ ਜਾਵੇਗੀ। ਇਸ ਬੈਠਕ ਵਿੱਚ ਗ੍ਰਹਿ ਸਕੱਤਰ ਜੰਮੂ ਕਸ਼ਮੀਰ ਦੀ ਮੌਜੂਦਾ ਸਥਿਤੀ ਬਾਰੇ ਵੀ ਇਸ ਕਮੇਟੀ ਨੂੰ ਜਾਣਕਾਰੀ ਦੇਣ ਵਾਲੇ ਹਨ। ਆਨੰਦ ਸ਼ਰਮਾ ਨੇ ਕਿਹਾ ਕਿ ਬੈਠਕ ਵਿੱਚ ਇਸ ਮੁੱਦੇ ਬਾਰੇ ਵੀ ਚਰਚਾ ਕੀਤੀ ਜਾਵੇਗੀ ਅਤੇ ਅਸੀਂ ਸਕੱਤਰ ਕੋਲੋਂ ਵਿਸਥਾਰਤ ਜਾਣਕਾਰੀ ਮੰਗਾਂਗੇ। ਇਸ ਦੌਰਾਨ ਸੂਚਨਾ ਤਕਨੀਕ ਬਾਰਤੇ ਪਾਰਲੀਮੈਂਟ ਦੀ ਸਥਾਈ ਕਮੇਟੀ ਦੇ ਪ੍ਰਧਾਨ ਤੇ ਕਾਂਗਰਸ ਆਗੂ ਸ਼ਸ਼ੀ ਥਰੂਰ ਨੇ ਪੂਰੇ ਘਟਨਾਕ੍ਰਮ ਬਾਰੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਕਮੇਟੀ ਆਪਣੀਆਂ ਚਿੰਤਾਵਾਂ ਸਾਂਝੀਆਂ ਕਰੇਗੀ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਵਿੱਚ ਈ-ਮੇਲ ਜ਼ਰੀਏ ਹੋਰ ਮੈਂਬਰਾਂ ਨਾਲ ਵਿਚਾਰ-ਚਰਚਾ ਕਰਨਗੇ। ਸ਼ਸ਼ੀ ਥਰੂਰ ਨੇ ਕਿਹਾ ਕਿ ਕਿਸੇ ਵੀ ਸੂਰਤ ਵਿੱਚ ਸਾਈਬਰ ਸੁਰੱਖਿਆ ਸਾਡੇ ਏਜੰਡੇ ਵਿੱਚ ਪ੍ਰਮੁੱਖ ਮੁੱਦਾ ਹੈ ਅਤੇ ਅਸੀਂ ਇਸ ਮੁੱਦੇ ਨੂੰ ਵੇਖਾਂਗੇ। ਅਸੀਂ ਸਰਕਾਰ ਤੋਂ ਸਪੱਸ਼ਟੀਕਰਨ ਮੰਗਾਂਗੇ। ਉਨ੍ਹਾਂ ਕਿਹਾ ਕਿ ਵਟਸਐਪ ਐਨ ਐਸ ਓ ਮੁੱਦਾ ਇਸ ਵਕਤ ਸੰਸਾਰ ਦੇ ਸਾਹਮਣੇ ਆ ਗਿਆ ਹੈ, ਅਜਿਹੇ ਵਿੱਚ ਇਹ ਯਕੀਨੀ ਕਰਨਾ ਅਹਿਮ ਹੈ ਕਿ ਕੋਈ ਹੋਰ ਸੋਸ਼ਲ ਮੀਡੀਆ ਮੰਚ ਇਸ ਤਰ੍ਹਾਂ ਵਰਤਿਆ ਨਾ ਜਾ ਸਕੇ ਅਤੇ ਕਮੇਟੀ ਇਹ ਜਾਨਣਾ ਚਾਹੇਗੀ ਕਿ ਸਰਕਾਰ ਇਹ ਯਕੀਨੀ ਕਰਨ ਲਈ ਅਸਲ ਵਿੱਚ ਕੀ ਕਰ ਰਹੀ ਹੈ।

# ਭਾਰਤ ਸਰਕਾਰ ਵੱਲੋਂ ਮੁਲਾਜ਼ਮਾਂ ਲਈ ਘੱਟੋ-ਘੱਟ 9 ਘੰਟੇ ਕੰਮ ਦੀ ਤਜਵੀਜ਼


ਨਵੀਂ ਦਿੱਲੀ, 4 ਨਵੰਬਰ (ਪੋਸਟ ਬਿਊਰੋ)- ਘੱਟੋ-ਘੱਟ ਤਨਖ਼ਾਹ ਪ੍ਰਾਪਤ ਕਰਨ ਲਈ ਮੁਲਾਜ਼ਮਾਂ ਨੂੰ 9 ਘੰਟੇ ਕੰਮ ਕਰਨਾ ਪੈ ਸਕਦਾ ਹੈ। ਵੇਤਨ ਕਾਨੂੰਨ-2019 ਲਈ ਬਣਾਏ ਜਾ ਰਹੇ ਨਿਯਮਾਂ ਤੋਂ ਪਹਿਲਾਂ ਕਿਰਤ ਮੰਤਰਾਲੇ ਨੇ ਇਸ ਲਈ ਸੁਝਾਅ ਮੰਗੇ ਹਨ। ਇਕ ਮਹੀਨੇ ਪਿੱਛੋਂ ਨਿਯਮਾਂ ਨੂੰ ਅੰਤਿਮ ਰੂਪ ਦੇ ਦਿੱਤਾ ਜਾਏਗਾ।

ਵਰਨਣ ਯੋਗ ਹੈ ਕਿ ਇਸ ਵਕਤ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਲਈ ਹਫ਼ਤੇ ਵਿੱਚ 42 ਘੰਟੇ ਕੰਮ ਦਾ ਨਿਯਮ ਹੈ। ਨਵਾਂ ਵੇਤਨ ਕਾਨੂੰਨ ਅਗਸਤ ਵਿਚ ਪਾਰਲੀਮੈਂਟ ਤੋਂ ਪਾਸ ਹੋ ਚੁੱਕਾ ਹੈ ਤੇ ਉਸ ਲਈ ਨਿਯਮ ਬਣਾਏ ਜਾ ਰਹੇ ਹਨ। ਇਨ੍ਹਾਂ ਨਵੇਂ ਬਣੇ ਨਿਯਮਾਂ ਅਨੁਸਾਰ ਵੇਤਨ ਕਾਨੂੰਨ-2019 ਦੀ ਧਾਰਾ 13 (ਉਪ ਧਾਰਾ 1-ਏ) ਹੇਠ ਘੱਟੋ-ਘੱਟ ਤਨਖ਼ਾਹ ਪ੍ਰਾਪਤ ਕਰਨ ਲਈ ਮੁਲਾਜ਼ਮਾਂ ਨੂੰ 9 ਘੰਟੇ ਕੰਮ ਕਰਨਾ ਹੋਵੇਗਾ। ਹੰਗਾਮੀ ਹਾਲਤ ਵਿੱਚ (ਧਾਰਾ 13-2) ਹੇਠ ਇਕ ਦਿਨ ਵਿਚ 16 ਘੰਟੇ ਕੰਮ ਕਰਨਾ ਪੈ ਸਕਦਾ ਹੈ। ਘੱਟੋ-ਘੱਟ ਵੇਤਨ ਦਾ ਨਿਰਧਾਰਣ ਪਤਨੀ ਅਤੇ ਦੋ ਬੱਚਿਆਂ ਵਾਲੇ ਪਰਿਵਾਰ ਦੇ ਪਾਲਣ ਪੋਸ਼ਣ ਅਤੇ ਪ੍ਰਤੀ ਵਿਅਕਤੀ ਰੋਜ਼ 2,700 ਕੈਲੋਰੀ ਵਾਲੇ ਭੋਜਨ ਅਤੇ 66 ਮੀਟਰ ਕੱਪੜੇ ਦੀ ਪ੍ਰਾਪਤੀ ਯਕੀਨੀ ਕਰਨ ਦੇ ਆਧਾਰ ਉੱਤੇ ਕੀਤਾ ਜਾਏਗਾ, ਜਿਸ ਵਿੱਚ ਘੱਟੋ-ਘੱਟ ਵੇਤਨ ਦਾ 10 ਫ਼ੀਸਦੀ ਖ਼ਰਚ ਖਾਣੇ ਤੇ ਕੱਪੜੇ ਉੱਤੇ, 20 ਫ਼ੀਸਦੀ ਤੇਲ, ਬਿਜਲੀ ਅਤੇ ਹੋਰ ਵੱਖ-ਵੱਖ ਖ਼ਰਚਿਆਂ ਉੱਤੇ ਅਤੇ 25 ਫ਼ੀਸਦੀ ਬੱਚਿਆਂ ਦੀ ਪੜ੍ਹਾਈ, ਇਲਾਜ, ਮਨੋਰੰਜਨ ਅਤੇ ਹੰਗਾਮੀ ਹਾਲਤ ਵਾਲੀਆਂ ਮੱਦਾਂ ਉੱਤੇ ਮੰਨਿਆ ਜਾਏਗਾ। ਵੇਤਨ ਨਿਰਧਾਰਣ ਲਈ ਕੇਂਦਰ ਸਰਕਾਰ ਨੇ ਭੂਗੋਲਿਕ ਖੇਤਰ ਨੂੰ ਤਿੰਨ ਸ਼੍ਰੇਣੀਆਂ ਮਹਾਨਗਰ, ਗ਼ੈਰ-ਮਹਾਨਗਰ ਤੇ ਪੇਂਡੂ ਖੇਤਰ ਵਿੱਚ ਵੰਡਿਆ ਹੈ। ਮਹਿੰਗਾਈ ਭੱਤੇ ਦੀ ਗਿਣਤੀ ਹਰ ਸਾਲ ਇਕ ਅਪ੍ਰੈਲ ਅਤੇ ਇਕ ਅਕਤੂਬਰ ਤੋਂ ਪਹਿਲੇ ਕੀਤੀ ਜਾਏਗੀ।



# ਬਿਜਲੀ ਕੰਪਨੀਆਂ ਦੀ ਮਾਲੀ ਹਾਲਤ ਖਸਤਾ, ਬਕਾਏ 37 ਫੀਸਦੀ ਵਧ ਗਏ

ਨਵੀਂ ਦਿੱਲੀ, 4 ਨਵੰਬਰ (ਪੋਸਟ ਬਿਊਰੋ)- ਬਿਜਲੀ ਦੀ ਸਪਲਾਈ ਕਰਨ ਵਾਲੀਆਂ ਕੰਪਨੀਆਂ ਯਾਨੀ ਡਿਸਕਾਮ ਉਤੇ ਬਿਜਲੀ ਉਤਪਾਦਨ ਕੰਪਨੀਆਂ ਦਾ ਕੁੱਲ ਬਕਾਇਆ ਸਤੰਬਰ 2019 ਵਿੱਚ ਇੱਕ ਸਾਲ ਪਹਿਲਾਂ ਦੇ ਇਸ ਮਹੀਨੇ ਵਾਲੇ ਬਕਾਏ ਦੇ ਮੁਕਾਬਲੇ 37 ਫੀਸਦੀ ਵਧ ਕੇ 69558 ਕਰੋੜ ਰੁਪਏ 'ਤੇ ਪਹੁੰਚ ਗਿਆ। ਇਸ ਨਾਲ ਪਤਾ ਲੱਗਦਾ ਹੈ ਕਿ ਇਨ੍ਹਾਂ ਕੰਪਨੀਆਂ ਦੀ ਮਾਲੀ ਹਾਲਤ ਕਿੰਨੀ ਖਸਤਾ ਹੈ।



ਇਸ ਪ੍ਰਕਿਰਿਆ ਵਿੱਚ ਪਾਰਦਰਸ਼ਿਤਾ ਲਿਆਉਣ ਲਈ ਬਿਜਲੀ ਖਰੀਦ ਵਿਸ਼ਲੇਸ਼ਣ ਐਪ ਦੀ ਪ੍ਰਾਪਤੀ ਅਨੁਸਾਰ ਸਤੰਬਰ 2018 ਤੱਕ ਸਪਲਾਈ ਕੰਪਨੀਆਂ ਉਤੇ ਬਿਜਲੀ ਉਤਪਾਦਨ ਕੰਪਨੀਆਂ ਦਾ ਕੁੱਲ ਬਕਾਇਆ 50,583 ਕਰੋੜ ਰੁਪਏ ਸੀ। ਇਸ ਸਾਲ ਸਤੰਬਰ ਵਿੱਚ ਉਤਪਾਦਕ ਕੰਪਨੀਆਂ ਵੱਲੋਂ ਭੁਗਤਾਨ ਲਈ ਦਿੱਤੀ ਜਾਣ ਵਾਲੀ 60 ਦਿਨਾਂ ਦੀ ਛੋਟ ਮਿਆਦ ਤੋਂ ਬਾਅਦ ਸਪਲਾਈ ਕੰਪਨੀਆਂ 'ਤੇ ਬਕਾਇਆ ਰਾਸ਼ੀ 52,408 ਕਰੋੜ ਰੁਪਏ ਸੀ, ਜੋ ਇਸ ਤੋਂ ਪਿਛਲੇ ਸਾਲ ਇਸੇ ਮਹੀਨੇ ਵਿੱਚ 34,658 ਕਰੋੜ ਰੁਪਏ ਸੀ। ਬਿਜਲੀ ਉਤਪਾਦਕ ਕੰਪਨੀਆਂ ਡਿਸਕਾਮ ਨੂੰ ਬਿਜਲੀ ਸਪਲਾਈ ਬਿੱਲਾਂ ਦੇ ਭੁਗਤਾਨ ਲਈ 60 ਦਿਨਾਂ ਦਾ ਸਮਾਂ ਦਿੰਦੀਆਂ ਹਨ। ਉਸ ਤੋਂ ਬਾਅਦ ਇਹ ਰਾਸ਼ੀ ਸਮੇਂ ਉਤੇ ਨਾ ਚੁਕਾਈ ਗਈ ਤਾਂ ਬਕਾਇਆ ਰਾਸ਼ੀ ਦੀ ਸ਼੍ਰੇਣੀ ਵਿੱਚ ਆ ਜਾਂਦੀ ਹੈ ਅਤੇ ਉਤਪਾਦਕ ਵਿੱਚ ਜੁਰਮਾਨੇ ਦੇ ਰੂਪ ਵਿੱਚ ਵਿਆਜ ਵੀ ਵਸੂਲਦੀਆਂ ਹਨ। ਬਿਜਲੀ ਉਤਪਾਦਕ ਕੰਪਨੀਆਂ ਨੂੰ ਰਾਹਤ ਲਈ ਸਰਾਕਰ ਨੇ ਇੱਕ ਅਗਸਤ ਤੋਂ ਭੁਗਤਾਨ ਸੁਰੱਖਿਆ ਵਿਵਸਥਾ ਲਾਗੂ ਕੀਤੀ ਹੈ। ਇਸ ਤਹਿਤ ਡਿਸਕਾਮ ਨੂੰ ਬਿਜਲੀ ਸਪਲਾਈ ਹਾਸਲ ਕਰਨ ਲਈ ਕਰਜ਼ਾ ਪੱਤਰ ਦੀ ਲੋੜ ਹੋਵੇਗੀ। ਅਗਸਤ 2019 ਵਿੱਚ ਡਿਸਕਾਮ 'ਤੇ ਕੁੱਲ ਬਕਾਇਆ 80,087 ਕਰੋੜ ਰੁਪਏ ਸੀ।

# ਸਾਬਕਾ ਮੰਤਰੀ ਨਿਰਮਲ ਸਿੰਘ ਨੇ ਨਵਾ ਰਾਜਸੀ ਮੋਰਚਾ ਬਣਾਉਣ ਦਾ ਐਲਾਨ ਕੀਤਾ

ਅੰਬਾਲਾ, 4 ਨਵੰਬਰ (ਪੋਸਟ ਬਿਊਰੋ)- ਸਾਬਕਾ ਮੰਤਰੀ ਨਿਰਮਲ ਸਿੰਘ ਨੇ ਕੱਲ੍ਹ ਏਥੇ ਆਪਣੇ ਸਮਰਥਕਾਂ ਦੀ ਇੱਕ ਜਨ ਸਭਾ ਵਿੱਚ ਉਤਰੀ ਹਰਿਆਣਾ ਦੇ ਹਿਤਾਂ ਦੀ ਲੜਾਈ ਲੜਨ ਲਈ ਨਵਾਂ ਖੇਤਰੀ ਦਲ ਬਣਾਉਣ ਦਾ ਐਲਾਨ ਕੀਤਾ ਹੈ। ਇਸ ਪਾਰਟੀ ਨਾਮ, ਝੰਡਾ ਤੇ ਚੋਣ ਨਿਸ਼ਾਨ ਜਲਦੀ ਹੀ ਤੈਅ ਕੀਤਾ ਜਾਵੇਗਾ।

ਵਰਨਣ ਯੋਗ ਹੈ ਕਿ ਇਸ ਜਲਸੇ ਵਿੱਚ ਅਬਾਲਾ, ਪੰਚਕੂਲਾ, ਜਮਨਾਨਗਰ, ਕੁਰੂਕਸ਼ੇਤਰ ਤੇ ਹੋਰ ਕਈ ਜਿਲ੍ਹਿਆ ਤੋਂ ਨਿਰਮਲ ਸਿੰਘ ਦੇ ਸਮਰੱਥਕ ਮੌਜੂਦ ਰਹੇ ਸਨ। ਨਿਰਮਲ ਸਿੰਘ ਨੇ ਕਰੀਬ ਪੰਜ ਮਹੀਨੇ ਪਹਿਲਾ ਕੁਰੂਕਸ਼ੇਤਰ ਤੋਂ ਲੋਕ ਸਭਾ ਚੋਣ ਲਈ ਕਾਂਗਰਸ ਦੇ ਟਿਕਟ 'ਤੇ ਚੋਣ ਲੜੀ ਸੀ, ਪਰ ਵਿਧਾਨ ਸਭਾ ਚੋਣਾਂ ਵਿੱਚ ਟਿਕਟ ਨਾ ਮਿਲਣ ਕਰਕੇ ਉਸ ਨੇ ਅੰਬਾਲਾ ਸ਼ਹਿਰ ਵਿੱਚ ਅਤੇ ਉਸ ਦੀ ਬੇਟੀ ਚਿੱਤਰਾ ਸਰਵਾਰਾ ਨੇ ਅੰਬਾਲਾ ਛਾਉਣੀ ਤੋਂ ਆਜ਼ਾਦ ਉਮੀਦਵਾਰ ਦੇ ਤੌਰ ਉਤੇ ਚੋਣਾਂ ਲੜੀਆਂ ਸੀ ਅਤੇ ਉਹ ਦੂਸਰੇ ਥਾਂ ਰਹੇ ਸਨ। ਜਲਸੇ ਨੂੰ ਸੰਬੋਧਿਤ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਵਿੱਚ ਲੋਕਾਂ ਨੇ ਭਾਜਪਾ ਨੂੰ ਸੱਤਾ ਤੋਂ ਬਾਹਰ ਕਰਨ ਦਾ ਮਨ ਬਣਾਇਆ ਹੋਇਆ ਸੀ, ਪਰ ਕਾਂਗਰਸ ਦੇ ਕੁਝ ਨੇਤਾਵਾਂ ਦੀ ਵਜ੍ਹਾ ਨਾਲ ਭਾਜਪਾ ਦੁਬਾਰਾ ਸਤਾ ਵਿੱਚ ਆਈ ਹੈ। ਉਨ੍ਹਾਂ ਨੇ ਕਾਂਗਰਸ ਦੀ ਸੂਬਾ ਪ੍ਰਧਾਨ ਸ਼ੈਲਜਾ 'ਤੇ ਜਮ ਕੇ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ 2004 ਵਿੱਚ ਭੁਪਿੰਦਰ ਸਿੰਘ ਹੁਡਾ, ਵਰਿੰਦਰ ਸਿੰਘ ਤੇ ਰਾਵਦਾਨ ਸਿੰਘ ਸਮੇਤ ਕਈ ਕਾਂਗਰਸੀ ਨੇਤਾਵਾਂ ਦੀ ਸਲਾਹ ਉਤੇ ਉਹ ਸ਼ੈਲਜਾ ਨੂੰ ਅੰਬਾਲਾ ਵਿੱਚ ਉਤਰੀ ਹਰਿਆਣਾ ਦੀ ਲੜਾਈ ਵਿੱਚ ਸਾਥ ਦੇਣ ਲਈ ਲਿਆਏ ਸੀ, ਪਰ ਬਦਲੇ ਵਿੱਚ ਸ਼ੈਲਜਾ ਨੇ ਅੰਬਾਲਾ ਨੂੰ ਆਪਣੀ ਨਿੱਜੀ ਜਾਗੀਰ ਮੰਨ ਕੇ ਨਿਰਮਲ ਸਿੰਘ, ਚਿੱਤਰਾ ਸਰਵਾਰਾ ਅਤੇ ਹਿੰਮਤ ਸਿੰਘ ਸਮੇਤ ਪਾਰਟੀ ਦੇ ਕਈ ਸਮਰਪਤ ਆਗੂਆਂ ਦਾ ਟਿਕਟ ਕਟਵਾ ਦਿੱਤਾ। ਉਨ੍ਹਾਂ ਨੇ ਕਿਹਾ ਕਿ ਸ਼ੈਲਜਾ ਦੀ ਇਸ ਜ਼ਿਆਦਤੀ ਦੇ ਖਿਲਾਫ ਅੰਬਾਲਾ ਵਿੱਚ ਉਨ੍ਹਾਂ ਦੇ ਸਹਿਯੋਗੀਆਂ ਤੇ ਸਮਰੱਥਕਾਂ ਨੇ ਵਿਧਾਨ ਸਭਾ ਚੋਣਾਂ ਵਿੱਚ ਆਜ਼ਾਦ ਚੋਣ ਲੜ ਰਹੇ ਉਮੀਦਵਾਰ ਵਜੋਂ ਸਾਡਾ ਭਰਪੂਰ ਸਾਥ ਦਿੱਤਾ ਅਤੇ ਇਸ ਲਈ ਉਨ੍ਹਾਂ ਨੇ ਉਤਰੀ ਭਾਰਤ ਦੇ ਹੱਕਾਂ ਲਈ ਇਹ ਰਾਜਨਿਤਕ ਮੋਰਚਾ ਬਣ ਕੇ ਸੰਘਰਸ਼ ਕਰਨ ਦਾ ਫੈਸਲਾ ਕੀਤਾ ਹੈ।

# 30 ਸਾਲਾਂ ਤੋਂ ਲਾੜੀ ਵਾਂਗ ਤਿਆਰ ਹੋ ਰਿਹੈ ਬਜ਼ੁਰਗ

ਜੌਨਪੁਰ, 4 ਨਵੰਬਰ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਜੌਨਪੁਰ ਜ਼ਿਲੇ ਦੇ ਚਿੰਤਾਹਰਣ ਚੌਹਾਨ ਦੀ ਕਹਾਣੀ ਬੇਹੱਦ ਅਜੀਬ ਹੈ, ਪਰ ਹੈ ਇਹ ਸੱਚ। ਆਪਣਿਆਂ ਨੂੰ ਗੁਆਉਣ ਦੇ ਡਰ ਤੋਂ ਅੰਧ-ਵਿਸ਼ਵਾਸੀ ਹੋਣ ਲਈ ਮਜਬੂਰ 66 ਸਾਲਾ ਇਹ ਬਜ਼ੁਰਗ ਪਿਛਲੇ ਤੀਹ ਸਾਲਾਂ ਤੋਂ ਦੁਲਹਨ ਵਾਂਗ ਸਜ-ਧਜ ਕੇ ਤਿਆਰ ਹੁੰਦਾ ਹੈ। ਰੋਜ਼ ਲਾਲ ਸਾੜ੍ਹੀ, ਨੱਥ, ਚੂੜੀਆਂ ਅਤੇ ਝੁਮਕੇ ਪਹਿਨਦਾ ਹੈ। ਉਸ ਦਾ ਵਿਸ਼ਵਾਸ ਇਹ ਹੈ ਕਿ ਉਹ ਅਜਿਹਾ ਕਰ ਕੇ ਆਪਣੇ ਘਰ ਵਾਲਿਆਂ ਦੀ ਮੌਤ ਦੇ ਸਿਲਸਿਲੇ ਨੂੰ ਰੋਕ ਰਿਹਾ ਹੈ, ਅਤੇ ਇਸ ਬਾਰੇ ਉਹ ਕੋਈ ਕੋਤਾਹੀ ਨਹੀਂ ਕਰਦਾ।

ਚਿੰਤਾਹਰਣ ਨੇ ਦੱਸਿਆ ਕਿ ਮੈਂ ਬੀਤੇ ਸਾਲਾਂ ਵਿੱਚ ਪਰਵਾਰ ਦੇ 14 ਮੈਂਬਰਾਂ ਨੂੰ ਗੁਆ ਦਿੱਤਾ ਅਤੇ ਇਹ ਸਿਲਸਿਲਾ ਉਦੋਂ ਖਤਮ ਹੋਇਆ, ਜਦ ਮੈਂ ਦੁਲਹਨ ਵਾਂਗ ਤਿਆਰ ਹੋਣਾ ਸ਼ੁਰੂ ਕਰ ਦਿੱਤਾ। ਉਸ ਨੇ ਦੱਸਿਆ ਕਿ ਆਪਣੀ ਪਤਨੀ ਦੇ ਨਾਲ ਲੜਾਈ ਤੋਂ ਬਾਅਦ ਉਨ੍ਹਾਂ ਨੇ ਆਪਣੀ ਪਤਨੀ ਨੂੰ ਛੱਡ ਦਿੱਤਾ ਤੇ ਉਨ੍ਹਾਂ ਦੀ ਪਤਨੀ ਨੂੰ ਇਹ ਬਰਦਾਸ਼ਤ ਨਹੀਂ ਹੋਇਆ ਅਤੇ ਉਸ ਨੇ ਆਤਮਹੱਤਿਆ ਕਰ ਲਈ। ਇਸ ਤੋਂ ਬਾਅਦ ਸਾਡੇ ਪਰਵਾਰ ਵਿੱਚ ਮੌਤਾਂ ਦਾ ਸਿਲਸਿਲਾ ਚਲਦਾ ਰਿਹਾ। ਇੱਕ ਵਾਰ ਚਿੰਤਾਹਰਣ ਦੇ ਸੁਫਨੇ ਵਿੱਚ ਉਸ ਦੀ ਪਤਨੀ ਆਈ ਤਾਂ ਉਸ ਨੇ ਚਿੰਤਾਹਰਣ ਨੂੰ ਕਿਹਾ ਕਿ ਦੁਲਹਨ ਵਾਂਗ ਸੱਜਣ ਤੋਂ ਬਾਅਦ ਹੀ ਇਹ ਮੌਤਾਂ ਦਾ ਸਿਲਸਿਲਾ ਰੁਕੇਗਾ। ਉਸ ਦਿਨ ਤੋਂ ਹੀ ਚਿੰਤਾਹਰਣ ਹਰ ਰੋਜ਼ ਦੁਲਹਨ ਬਣਦੇ ਆ ਰਹੇ ਹਨ।

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay
$22 /Hour
- 7 Days Work - All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Girl Needed for Sharing Room
25 ਸਾਲ ਤੋਂ 40 ਸਾਲਾਂ ਤੱਕ ਲੜਕੀ ਦੀ ਲੋੜ ਹੈ
1 ਬੈਡਰੂਮ ਬੇਸਮੈਂਟ, ਰੈਂਟ ਸ਼ੇਅਰ ਕੀਤਾ ਜਾਵੇਗਾ, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟੈਂਡ, ਗਰੋਸਰੀ ਸਟੋਰ, ਆਦਿ। ਕਾਰ ਪਾਰਕਿੰਗ ਵੀ ਉਪਲੱਬਧ ਹੈ।
Brampton (Airport & Bovaird)
437-236-8153

ਪੀਜ਼ਾ-ਪੀਜ਼ਾ ਦੀ ਫਰੈਂਚਾਇਜ਼ ਵਿਕਾਊ
ਬਿਜ਼ਨਸ CNE ਟਰਾਂਟੋ ਨੇੜੇ, ਬਹੁਤ ਵਧੀਆ ਲੋਕੇਸ਼ਨ, ਵਧੀਆ ਸੇਲ, ਬਹੁਤ ਘੱਟ ਰੈਂਟ ਤੇ ਇਹ ਲੋਕੇਸ਼ਨ ਪਿਛਲੇ 30 ਸਾਲਾਂ ਤੋ ਚੱਲ ਰਹੀ ਹੈ।
ਸਿਰਫ ਸਿਰੀਅਸ ਇੰਨਕਾਰੀ ਵਾਲੇ ਹੀ ਕਾਲ ਕਰਨ, ਰੀਅਲ ਏਸਟੇਟ ਵਾਲੇ ਵੀਰ ਕਾਲ ਨਾ ਕਰਨ
647-868-0954

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਸਿੱਖ ਲੜਕਾ, ਉਮਰ 25 ਸਾਲ, ਕਦ 5'8'', ਕੈਨੇਡਾ ਵਿੱਚ ਵਿਜੀਟਰ ਵੀਜਾ ਤੇ ਆਇਆ, ਪਤਨੀ Student Visa ਤੇ ਕੈਨੇਡਾ ਆਈ ਸੀ ਪਰ ਅਚਾਨਕ ਉਨ੍ਹਾਂ ਦੀ Death ਹੋ ਗਈ। ਲੜਕੇ ਦਾ 6 ਮਹੀਨੇ ਦਾ ਬੱਚਾ ਹੈ। ਬੱਚਾ ਆਪਣੇ ਦਾਦਾ/ਦਾਦੀ ਦੇ ਕੋਲ ਹੀ ਰਹੇਗਾ। ਇੰਡੀਆ ਵਿੱਚ ਚੰਗਾ ਕਾਰੋਬਾਰ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-558-4400 ਜਾਂ 647-335-5000

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਸੁੰਦਰ ਲੜਕੀ, 1985 Born, ਕੱਦ 5'-3'', ਵਿਜ਼ਟਰ ਵਿਜ਼ੇ ਤੇ ਆਈ ਲੜਕੀ ਲਈ Canadian P.R ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ ਕਰੋ: 647-456-1772, 313-303-4406

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖ਼ਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ
91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

UPPAL LAW
IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters
OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters
AVTAR UPPAL Manager
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਪਰਵਾਸੀਆਂ ਵਿਰੁੱਧ ਟਰੰਪ ਦਾ ਹੈਲਥ ਇੰਸ਼ੋਰੈਂਸ ਨਿਯਮਾਂ ਦਾ ਹੁਕਮ ਅਮਰੀਕੀ ਜੱਜ ਨੇ ਰੋਕਿਆ



ਵਾਸ਼ਿੰਗਟਨ, 4 ਨਵੰਬਰ, (ਪੋਸਟ ਬਿਊਰੋ)-ਪਰਵਾਸੀਆਂ ਭਾਰਤੀਆਂ ਲਈ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹੈਲਥ ਇੰਸ਼ੋਰੈਂਸ ਵਾਲੇ ਨਵੇਂ ਨਿਯਮਾਂ ਉੱਤੇਓਰੇਗਨ ਸਟੇਟ ਦੇ ਇਕ ਜੱਜ ਨੇ ਰੋਕ ਲਾ ਦਿੱਤੀ ਹੈ। ਇਨ੍ਹਾਂ ਨਵੇਂ ਨਿਯਮਾਂ ਨਾਲ ਏਥੇ ਆਏ ਪਰਵਾਸੀਆਂ ਨੂੰ ਇਹ ਸਾਬਤ ਕਰਨਾ ਜ਼ਰੂਰੀ ਕੀਤਾ ਗਿਆ ਸੀ ਕਿ ਉਹ ਅਮਰੀਕਾ ਪੁੱਜਣ ਦੇ 30 ਦਿਨਾਂ ਦੇ ਅੰਦਰ ਹੈਲਥ ਇੰਸ਼ੋਰੈਂਸ ਲੈਣਗੇ ਜਾਂ ਡਾਕਟਰੀ ਦੇਖਭਾਲ ਦਾ ਖ਼ਰਚ ਉਠਾ ਸਕਣ ਦਾ ਸਬੂਤ ਦੇ ਕੇ ਹੀ ਵੀਜ਼ਾ ਹਾਸਲ ਕਰ ਸਕਣਗੇ। ਇਨ੍ਹਾਂ ਨਿਯਮਾਂ ਨਾਲ ਭਾਰਤੀਆਂ ਉੱਤੇ ਵੀ ਅਸਰ ਪੈਣ ਦਾ ਅੰਦਾਜ਼ਾ ਸੀ।

ਓਰੇਗਨ ਵਿੱਚ ਪੋਰਟਲੈਂਡ ਦੇ ਡਿਸਟ੍ਰਿਕਟ ਜੱਜ ਮਾਈਕਲ ਸਿਮੋਨ ਨੇ ਡੋਨਾਲਡ ਟਰੰਪ ਦੀ ਸਰਕਾਰ ਦੇ ਇਨ੍ਹਾਂਨਵੇਂ ਨਿਯਮਾਂ ਉੱਤੇ 28 ਦਿਨਾਂ ਲਈ ਆਰਜ਼ੀ ਰੋਕ ਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਉਨ੍ਹਾਂ ਦਾ ਇਹ ਫ਼ੈਸਲਾ ਇਸ ਐਤਵਾਰ ਤੋਂ ਲਾਗੂ ਹੋ ਗਿਆ, ਪਰ ਨਵੇਂ ਨਿਯਮਾਂ ਦੇ ਖ਼ਿਲਾਫ਼ ਕਾਨੂੰਨੀ ਪ੍ਰਕਿਰਿਆ ਜਾਰੀ ਰਹੇਗੀ।

ਵਰਨਣ ਯੋਗ ਹੈ ਕਿ ਅਮਰੀਕਾ ਦੇ ਸੱਤ ਨਾਗਰਿਕਾਂ ਅਤੇ ਇਕ ਚੈਰਿਟੀ ਸੰਗਠਨ ਨੇ ਬੀਤੇ ਬੁੱਧਵਾਰ ਅਮਰੀਕਾ ਦੀ ਟਰੰਪ ਸਰਕਾਰ ਦੇ ਨਵੇਂ ਨਿਯਮਾਂ ਦੇ ਖ਼ਿਲਾਫ਼ ਕੋਰਟ ਵਿਚ ਕੇਸ ਦਾਇਰ ਕੀਤਾ ਸੀ, ਜਿਸ ਵਿਚ ਇਹ ਕਿਹਾ ਗਿਆ ਸੀ ਕਿ ਨਵੇਂ ਨਿਯਮਾਂ ਨਾਲ ਬਿਲਕੁਲ ਜਾਇਜ਼ ਢੰਗ ਨਾਲ ਅਮਰੀਕਾ ਆ ਰਹੇ ਦੋ-ਤਿਹਾਈ ਪਰਵਾਸੀਆਂ ਉੱਤੇਰੋਕ ਲੱਗ ਜਾਵੇਗੀ ਤੇ ਫੈਮਿਲੀ ਵੀਜ਼ਾ ਨਾਲ ਅਮਰੀਕਾ ਵਿਚ ਆ ਰਹੇ ਪਰਵਾਸੀਆਂ ਦੀ ਗਿਣਤੀ ਬਹੁਤ ਘਟ ਜਾਵੇਗੀ।

ਇਸ ਸ਼ਨਿਚਰਵਾਰ ਅਦਾਲਤ ਵਿੱਚ ਇਨ੍ਹਾਂ ਪਟੀਸ਼ਨਰਾਂ ਵੱਲੋਂ ਬਹਿਸ ਕਰ ਚੁੱਕੇ ਵਕੀਲ ਐਸਥਰ ਸੁੰਗ ਨੇ ਕਿਹਾ, 'ਅਸੀਂ ਲੋਕ ਬੜੇ ਧੰਨਵਾਦੀ ਹਾਂ ਕਿ ਅਦਾਲਤ ਨੇ ਹੈਲਥ ਕੇਅਰ ਉੱਤੇ ਫ਼ੌਰੀ ਰੋਕ ਲਾਉਣ ਦੀ ਲੋੜ ਨੂੰ ਮਨਜ਼ੂਰੀ ਦਿੱਤੀ ਹੈ।'

ਵਰਨਣ ਯੋਗ ਹੈ ਕਿ ਰਾਸ਼ਟਰਪਤੀ ਟਰੰਪ ਦੀ ਸਰਕਾਰ ਨੇ ਜਨਤਕ ਪ੍ਰੋਗਰਾਮ ਤਕ ਪਰਵਾਸੀ ਲੋਕਾਂ ਦੀ ਪਹੁੰਚ ਨੂੰ ਸੀਮਤ ਕਰਨ ਦੀ ਕੋਸ਼ਿਸ਼ ਹੇਠ ਇਹ ਕਦਮ ਚੁੱਕਿਆ ਸੀ। ਇਸ ਦੇ ਨਾਲ ਫੈਮਿਲੀ ਇਮੀਗ੍ਰੇਸ਼ਨ ਸਿਸਟਮ ਦੀ ਥਾਂ ਯੋਗਤਾ ਅਧਾਰਤ ਸਿਸਟਮ ਲਿਆਉਣ ਦੀ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਪੰਮਣ ਵਿੱਚ ਭਗੌੜੇ ਨੂੰ ਫੜਨ ਗਈ ਪੁਲਸ ਪਾਰਟੀ ਉੱਤੇ ਹਮਲਾ

ਸੁਲਤਾਨਪੁਰ ਲੋਧੀ, 4 ਨਵੰਬਰ (ਪੋਸਟ ਬਿਊਰੋ)- ਪਿੰਡ ਪੰਮਣ ਵਿਖੇ ਕੱਲ੍ਹ ਇੱਕ ਭਗੌੜੇ ਨੂੰ ਫੜਨ ਗਈ ਪੰਜਾਬ ਪੁਲਸ ਦੀ ਪਾਰਟੀ 'ਤੇ ਪਰਵਾਰਕ ਮੈਂਬਰਾਂ ਵੱਲੋਂ ਹਮਲਾ ਕਰਨ ਦੀ ਖਬਰ ਹੈ।

ਪਤਾ ਲੱਗਾ ਹੈ ਕਿ ਸੁਲਤਾਨਪੁਰ ਲੋਧੀ ਦੇ ਨਾਲ ਲੱਗਦੇ ਲੋਹੀਆਂ ਖਾਸ ਦੀ ਪੁਲਸ ਟੀਮ, ਜਿਸ ਵਿੱਚ ਗਰਭਵਤੀ ਲੇਡੀ ਕਾਂਸਟੇਬਲ ਅਮਨਦੀਪ ਵੀ ਸੀ, ਪਿੰਡ ਪੰਮਣਾ ਵਿਖੇ ਕਿਸੇ ਕੇਸ ਦੇ ਭਗੌੜੇ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਕਰ ਰਹੀ ਸੀ ਤਾਂ ਉਕਤ ਭਗੌੜੇ ਦੇ ਪਰਵਾਰ ਨੇ ਪੁਲਸ 'ਤੇ ਇੱਟਾਂ-ਪੱਥਰਾਂ ਨਾਲ ਹਮਲਾ ਕਰ ਦਿੱਤਾ, ਜਿਸ ਦੌਰਾਨ ਕੁਝ ਪੁਲਸ ਮੁਲਾਜ਼ਮਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਹਮਲੇ ਦੌਰਾਨ ਗਰਭਵਤੀ ਲੇਡੀ ਕਾਂਸਟੇਬਲ ਨਾਲ ਵੀ ਹੱਥੋਪਾਈ ਕੀਤੀ ਗਈ ਤੇ ਉਸ ਦੇ ਕਾਫੀ ਸੱਟਾਂ ਲੱਗਣ ਕਾਰਨ ਪਹਿਲਾਂ ਸਥਾਨਕ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਲਿਆਂਦਾ ਗਿਆ ਤੇ ਹਾਲਾਤ ਗੰਭੀਰ ਹੋਣ ਉੱਤੇ ਕਪੂਰਥਲਾ ਰੈਫਰ ਕਰ ਦਿੱਤਾ। ਥਾਣਾ ਤਲਵੰਡੀ ਚੌਧਰੀਆਂ ਦੇ ਐੱਸ ਐੱਚ ਓ ਇੰਸਪੈਕਟਰ ਬਲਜੀਤ ਸਿੰਘ ਨੇ ਦੱਸਿਆ ਕਿ ਪਿੰਡ ਪੰਮਣ ਦਾ ਸੁਖਵਿੰਦਰ ਸਿੰਘ ਪੁੱਤਰ ਮਲਕੀਤ ਸਿੰਘ ਆਮ ਤੌਰ 'ਤੇ ਪਸ਼ੂਆਂ ਦੀ ਖਰੀਦ-ਵੇਚ ਦਾ ਕੰਮ ਕਰਦਾ ਅਤੇ ਠੱਗੀਆਂ ਮਾਰਦਾ ਸੀ। ਉਸ ਦੇ ਖਿਲਾਫ ਲੋਹੀਆਂ ਥਾਣੇ ਵਿੱਚ ਕਿਸੇ ਨੇ ਸ਼ਿਕਾਇਤ ਦਰਜ ਕਰਵਾਈ ਸੀ ਜਿਸ ਕਾਰਨ ਪੁਲਸ ਨੇ ਉਸ ਦੇ ਵਿਰੁੱਧ ਕੇਸ ਦਰਜ ਕੀਤਾ ਸੀ, ਪਰ ਉਹ ਵਾਰ ਵਾਰ ਬੁਲਾਉਣ 'ਤੇ ਵੀ ਪੇਸ਼ ਨਹੀਂ ਹੋ ਰਿਹਾ ਸੀ ਤੇ ਉਸ ਨੂੰ ਅਦਾਲਤ ਨੇ ਭਗੌੜਾ ਕਰਾਰ ਦੇ ਦਿੱਤਾ ਸੀ। ਐੱਸ ਐੱਚ ਓ ਨੇ ਦੱਸਿਆ ਕਿ ਲੋਹੀਆਂ ਖਾਸ ਤੋਂ ਕੱਲ੍ਹ ਜਦੋਂ ਪੁਲਸ ਪਾਰਟੀ ਏ ਐੱਸ ਆਈ ਕੁਲਬੀਰ ਸਿੰਘ ਦੀ ਅਗਵਾਈ ਹੇਠ ਉਕਤ ਭਗੌੜੇ ਨੂੰ ਗ੍ਰਿਫਤਾਰ ਕਰਨ ਲਈ ਪਿੰਡ ਪੰਮਣ ਪੁੱਜੀ, ਜਿਨ੍ਹਾਂ ਨਾਲ ਗਰਭਵਤੀ ਲੇਡੀ ਕਾਂਸਟੇਬਲ ਅਮਨਦੀਪ ਕੌਰ ਵੀ। ਉਨ੍ਹਾਂ ਉੱਤੇ ਭਗੌੜੇ ਸੁਖਵਿੰਦਰ ਸਿੰਘ ਦੇ ਭਰਾ ਅਤੇ ਪਿਤਾ ਆਦਿ ਨੇ ਇੱਟਾਂ-ਪੱਥਰਾਂ ਨਾਲ ਹਮਲਾ ਕਰ ਦਿੱਤਾ ਅਤੇ ਲੇਡੀ ਕਾਂਸਟੇਬਲ ਅਮਨਦੀਪ ਨਾਲ ਧੱਕਾ ਮੁੱਕੀ ਕੀਤੀ, ਜਿਸ 'ਤੇ ਉਹ ਬੇਹੋਸ਼ ਹੋ ਕੇ ਡਿਗ ਪਈ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਨੇ ਪੁਲਸ ਦੀ ਗੱਡੀ ਦੀ ਵੀ ਭੰਨ ਤੋੜ ਕੀਤੀ। ਉਨ੍ਹਾਂ ਕਿਹਾ ਕਿ ਪਤਾ ਲੱਗਣ 'ਤੇ ਥਾਣਾ ਤਲਵੰਡੀ ਚੌਧਰੀਆਂ ਤੋਂ ਪੁਲਸ ਗਈ ਅਤੇ ਉਕਤ ਭਗੌੜੇ ਸੁਖਵਿੰਦਰ ਸਿੰਘ, ਭਰਾ ਯਾਦਵਿੰਦਰ ਸਿੰਘ, ਪਿਤਾ ਮਲਕੀਤ ਸਿੰਘ ਨੂੰ ਪੁਲਸ 'ਤੇ ਹਮਲਾ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕਰ ਲਿਆ ਹੈ।

# ਲੁਟੇਰੇ 13 ਮਿੰਟਾਂ ਵਿੱਚ ਏ ਟੀ ਐੱਮ ਪੁੱਟ ਕੇ ਲੈ ਗਏ

ਪੱਖੋਵਾਲ, 4 ਨਵੰਬਰ (ਪੋਸਟ ਬਿਊਰੋ)- ਸਥਾਨਕ ਬਾਜ਼ਾਰ ਵਿੱਚ ਭਾਰਤੀ ਸਟੇਟ ਬੈਂਕ ਦੀ ਬ੍ਰਾਂਚ ਦਾ ਇੱਕ ਏ ਟੀ ਐੱਮ ਲੁਟੇਰਿਆਂ ਵੱਲੋਂ ਪੁੱਟ ਕੇ ਲਿਜਾਣ ਦੀ ਖਬਰ ਮਿਲੀ ਹੈ, ਜਿਸ ਵਿੱਚ ਲਗਭਗ 23.59 ਲੱਖ ਰੁਪਏ ਹਨ।

ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਤੜਕੇ ਦੋ ਵਜੇ ਦੇ ਕਰੀਬ ਭਾਰਤੀ ਸਟੇਟ ਬੈਂਕ ਦੀ ਬ੍ਰਾਂਚ ਪੱਖੋਵਾਲ ਤੋਂ ਲੁਟੇਰਿਆਂ ਨੇ ਬੈਂਕ ਦੀ ਏ ਟੀ ਐੱਮ ਮਸ਼ੀਨ ਪੁੱਟ ਲਈ। ਇਹ ਏ ਟੀ ਐੱਮ ਮਸ਼ੀਨ ਬੈਂਕ ਨੇੜੇ ਇੱਕ ਕਮਰੇ ਵਿੱਚ ਲੋਕਾਂ ਦੀ ਸਹੂਲਤ ਲਈ ਬੈਂਕ ਨੇ ਲਾਈ ਸੀ। ਉਸ ਨੂੰ ਰੋਜ਼ ਦੀ ਤਰ੍ਹਾਂ ਸ਼ਟਰ ਲਾ ਕੇ ਤਾਲਾ ਲਾਇਆ ਗਿਆ ਸੀ। ਤਿੰਨ ਲੁਟੇਰਿਆਂ ਨੇ ਗੈਸ ਕਟਰ ਨਾਲ ਤਾਲਾ ਕੱਟ ਕੇ ਆਪਣੇ ਔਜ਼ਾਰਾਂ ਨਾਲ ਏ ਟੀ ਐੱਮ ਮਸ਼ੀਨ ਉਖਾੜ ਲਈ ਅਤੇ ਕਾਰ ਵਿੱਚ ਲੱਦ ਕੇ ਲੈਗਏ।

ਭਾਰਤੀ ਸਟੇਟ ਬੈਂਕ ਪੱਖੋਵਾਲ ਦੇ ਮੈਨੇਜਰ ਗੁਰਚਰਨ ਸਿੰਘ ਮਾਹੀ ਨੇ ਦੱਸਿਆ ਕਿ ਏ ਟੀ ਐੱਮ ਵਿੱਚ ਲਗਭਗ 23.59 ਲੱਖ ਰੁਪਏ ਸਨ। ਉਨ੍ਹਾਂ ਦੱਸਿਆ ਕਿ ਬੈਂਕ ਵਿੱਚ ਲੱਗੇ ਕੈਮਰਿਆਂ ਵਿੱਚ ਰਿਕਾਰਡ ਹੋਈ ਵਾਰਦਾਤ ਤੋਂ ਪਤਾ ਲੱਗਾ ਕਿ ਇਸ ਘਟਨਾ ਲਈ ਲੁਟੇਰਿਆਂ ਨੇ ਸਿਰਫ 13 ਮਿੰਟ ਲਾਏ। ਮੌਕੇ ਉੱਤੇ ਪੁੱਜੇ ਲੁਧਿਆਣਾ ਦਿਹਾਤੀ ਦੇ ਐੱਸ ਐੱਸ ਪੀ ਸੰਦੀਪ ਗੋਇਲ ਨੇ ਘਟਨਾ ਸਥਾਨ ਦਾ ਜਾਇਜ਼ਾ ਲਿਆ ਅਤੇ ਦੱਸਿਆ ਕਿ ਲੁਟੇਰਿਆਂ ਦੀ ਭਾਲ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ ਫਿੰਗਰ ਪ੍ਰਿੰਟ ਮਾਹਰਾਂ ਦੀ ਟੀਮ ਵੀ ਜਾਂਚ ਕਰਨ ਲਈ ਪੁੱਜੀ।

# ਭਰਾ ਦੀ ਥਾਂ ਜੇਲ੍ਹ ਭੁਗਤਣ ਵਾਲੇ ’ਤੇ ਮਾਮਲਾ ਦਰਜ

ਮੋਗਾ, 4 ਨਵੰਬਰ (ਪੋਸਟ ਬਿਊਰੋ)- ਸ਼ਰਾਬ ਰਿਕਵਰੀ ਦੇ ਇੱਕ ਕੇਸ ਵਿੱਚ ਪੁਲਸ ਵੱਲੋਂ ਨਾਮਜ਼ਦ ਕੀਤੇ ਵਿਅਕਤੀ ਵੱਲੋਂ ਵਿਦੇਸ਼ ਜਾਣ ਤੋਂ ਬਾਅਦ ਉਸ ਦੇ ਭਰਾ ਵੱਲੋਂ ਆਪਣੇ ਭਰਾ ਦਾ ਨਾਂਅ ਦੱਸ ਕੇ ਗ੍ਰਿਫਤਾਰ ਹੋਣ ਤੋਂ ਬਾਅਦ ਜੇਲ੍ਹ ਵਿੱਚ ਉਸ ਦੀ ਆਈ ਡੀ ਬਣਾਉਣ ਅਤੇ ਫੇਸ ਸਕੈਨ ਕਰ ਦਿੱਤਾ। ਇਸ ਸੰਬੰਧੀ ਪੁਲਸ ਵੱਲੋਂ ਦੋਸ਼ੀ ਦੋਵਾਂ ਭਰਾਵਾਂ ਖਿਲਾਫ ਇੱਕ ਹੋਰ ਮਾਮਲਾ ਦਰਜ ਕਰ ਲਿਆ ਹੈ।

ਥਾਣਾ ਨਿਹਾਲ ਸਿੰਘ ਵਾਲਾ ਦੇ ਥਾਣੇਦਾਰ ਰਾਮ ਲੁਭਾਇਆ ਨੇ ਦੱਸਿਆ ਕਿ ਸੁਪਰਡੈਂਟ ਸਬ ਜੇਲ੍ਹ ਮੋਗਾ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ ਕਿ ਰਜਿੰਦਰ ਕੁਮਾਰ ਪੁੱਤਰ ਗੁੱਜਰ ਮੱਲ ਪਿੰਡ ਦੀਨਾ ਸਾਹਿਬ ਦੇ ਖਿਲਾਫ 30 ਜਨਵਰੀ 2016 ਦੇ ਐਕਸਾਈਜ਼ ਐਕਟ ਦਾ ਮੁਕੱਦਮਾ ਇਸ ਥਾਣੇ ਵਿੱਚ ਰਜਿਸਟਰ ਕੀਤਾ ਗਿਆ ਸੀ। ਫਿਰ ਰਜਿੰਦਰ ਕੁਮਾਰ ਮਲੇਸ਼ੀਆ ਚਲਾ ਗਿਆ। ਜਦੋਂ ਪੁਲਸ ਰਜਿੰਦਰ ਕੁਮਾਰ ਨੂੰ ਗ੍ਰਿਫਤਾਰ ਕਰਨ ਲਈ ਉਨ੍ਹਾਂ ਦੇ ਘਰ ਗਈ ਤਾਂ ਜਸਵਿੰਦਰ ਕੁਮਾਰ ਪੁੱਤਰ ਗੁੱਜਰ ਮੱਲ ਵਾਸੀ ਦੀਨਾ ਸਾਹਿਬ ਨੇ ਧੋਖੇ ਨਾਲ ਆਪਣੇ ਆਪ ਨੂੰ ਰਜਿੰਦਰ ਕੁਮਾਰ ਦੱਸ ਕੇ ਗ੍ਰਿਫਤਾਰੀ ਦੇ ਦਿੱਤੀ। ਸਬ ਜੇਲ੍ਹ ਮੋਗਾ ਵਿਖੇ ਜਦੋਂ ਸਿਪਾਹੀ ਰੁਪਿੰਦਰ ਸਿੰਘ ਨੇ ਉਸ ਵਿਅਕਤੀ ਦੀ ਸਾਫਟਵੇਅਰ ਦੀ ਆਈ ਪੀ ਬਣਾਉਣ ਲਈ ਫੇਸ ਸਕੈਨ ਕੀਤਾ ਤਾਂ ਸਾਫਟਵੇਅਰ ਨੇ ਸਕੈਨ ਕਰ ਕੇ ਜਸਵਿੰਦਰ ਕੁਮਾਰ ਦਾ ਅਸਲ ਡਾਟਾ ਪੇਸ਼ ਕਰ ਦਿੱਤਾ। ਪੁਲਸ ਨੇ ਇਸ ਦੀ ਪੜਤਾਲ ਪਿੱਛੋਂ ਰਜਿੰਦਰ ਕੁਮਾਰ ਅਤੇ ਜਸਵਿੰਦਰ ਕੁਮਾਰ ਖਿਲਾਫ ਨਵਾਂ ਕੇਸ ਦਰਜ ਕਰ ਲਿਆ ਹੈ।

# ਕੈਪਟਨ ਨੇ ਨੌਕਰੀ ਦੇਣ ਲਈ ਫੋਨ ਕੀਤਾ, ਮੁੰਡਾ ਕਹਿੰਦਾ: ਯਕੀਨ ਨਹੀਂ ਕਿ ਤੁਸੀਂ ਕੈਪਟਨ ਹੀ ਹੋ

ਕਪੂਰਥਲਾ, 4 ਨਵੰਬਰ (ਪੋਸਟ ਬਿਊਰੋ)- ਟ੍ਰਿੰਗ-ਟ੍ਰਿੰਗ.. ਮੋਬਾਈਲ ਦੀ ਘੰਟੀ ਵੱਜੀ। ਹੈਲੋ ਦੀ ਆਵਾਜ਼ ਆਈ ਤੇ ਅੱਗੋਂ ਇੱਕ ਨੌਜਵਾਨ ਹੈਲੋ ਕਹਿੰਦਾ ਹੈ। ਪੁੱਛਿਆ ਜਾਂਦਾ ਹੈ, ਵਿਕਰਮਜੀਤ ਕਿੱਥੇ ਰਹਿੰਦੇ ਹੋ ਤੁਸੀਂ। ਜਵਾਬ ਆਉਂਦਾ ਹੈ ਪੰਜਾਬ 'ਚ। ਫਿਰ ਪੁੱਛਿਆ ਜਾਂਦਾ ਹੈ, ਪੰਜਾਬ ਵਿੱਚ ਕਿੱਥੇ ਹੋ। ਜਵਾਬ ਮਿਲਦਾ ਹੈ, ਤਰਨ ਤਾਰਨ ਜਿਲ੍ਹੇ ਦੇ ਪਿੰਡ ਵਿੱਚ ਹਾਂ। ਫਿਰ ਪੁੱਛਿਆ ਜਾਂਦਾ ਹੈ, ਕਿੰਨੇ ਪੜ੍ਹੇ ਹੋ। ਜਵਾਬ ਆਉਦਾ ਹੈ: 12ਵੀਂ ਤੱਕ। ਫਿਰ ਕਿਹਾ ਗਿਆ: ਤੁਹਾਨੂੰ ਕਾਲ ਆਈ ਹੋਣੀ, ਤੁਹਾਨੂੰ ਨੌਕਰੀ ਦੇ ਰਹੇ ਹਾਂ। ਕਾਲ ਆ ਜਾਉਗੀ। ਇਹੀ ਸਾਡਾ ਪ੍ਰੋਗ੍ਰਾਮ ਹਾ, ਸਰਕਾਰ ਦਾ। ਜਵਾਬ ਆਉਦਾ ਹੈ ਨੌਕਰੀ ਮਿਲ ਜਾਉਗੀ। ਤੁਸੀਂ ਸੋਚਦੇ ਹੋਵੋਗੇ ਕਿ ਫੋਨ ਕਿਸਨੇ ਕੀਤਾ। ਇਹ ਫੋਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਸੀ। ਉਹ ਕੱਲ੍ਹ ਨੌਜਵਾਨਾਂ ਨੂੰ ਨੌਕਰੀ ਦੇਣ ਲਈ ਹੇਲਪਲਾਈਨ ਨੰਬਰ ਦੀ ਸ਼ੁਰੂਆਤ ਕਰ ਰਹੇ ਸਨ। ਮੁੱਖ ਮੰਤਰੀ ਦੇ ਬਾਅਦ ਫੋਨ ਕੋਲ ਖੜ੍ਹੇ ਕੈਬਿਨੇਟ ਮੰਤਰੀ ਚਰਨਜੀਤ ਸਿੰਘ ਚੰਨੀ ਫੋਨ ਪਕੜ ਲੈਂਦੇ ਹਨ ਅਤੇ ਉਹ ਨੌਜਵਾਨ ਨੂੰ ਕਹਿੰਦੇ ਹਨ ਕਿ ਤੁਸੀਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਨਾਲ ਗੱਲ ਕਰ ਰਹੇ ਸੀ। ਨੌਜਵਾਨ ਇਸ ਦੇ ਬਾਅਦ ਘਬਰਾ ਕੇ 'ਸਤਿ ਸ੍ਰੀ ਅਕਾਲ' ਕਹਿੰਦਾ ਹੈ ਅਤੇ ਫਿਰ ਕਹਿੰਦਾ ਹੈ: ਸਰ ਯਕੀਨ ਨਹੀਂ ਹੋ ਰਿਹਾ। ਮੈਨੂੰ ਬਹੁਤ ਖੁਸ਼ੀ ਹੋਈ ਹੈ। ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਨੇ ਕੱਲ੍ਹ ਪੰਜਾਬ ਨੌਕਰੀ ਹੇਲਪਲਾਈਨ ਨੰਬਰ ਜਾਰੀ ਕੀਤਾ ਹੈ।

TransExpert NOW HIRING! Skylark Logistics Inc.
Full Time Mechanic Also Needed
Highway US Drivers & Owner Operators Wanted
• 2 year experience must. • Drivers paid 60C per mile.
• Midwest runs. • Direct deposit payments.
• Friendly dispatch and flexible schedule.
• Brand new automatic trucks.
• New trailers so no hassle at scales.
• On site fuel and scale.
Also Flatbed owner operators are needed.
Regular flatbed freight.
*Yards located in Milton ON and Puslinch both on Highway 401
Contact 6474064420 or 6479220000
if busy send txt message.

Beauty Parlour ਲਈ ਲੜਕੀਆਂ ਦੀ ਲੋੜ ਹੈ
Beauty/Hair Salon in Mississauga ਲਈ hair cutting (Gents/Ladies) ਅਤੇ Threading/waxing ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ
Off: 905-814-7400
Ph: 416-566-9678

JOBS! JOBS! JOBS! JOBS! JOBS!
General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic
◦Full time/Part time workers Needed
◦ਵਿੰਡੋ, ਮੈਟਲ, ਬੇਕਰੀ ਕੰਮਪਨੀਆਂ ◦ਸਿਨ ਨੰਬਰ ਹੋਣਾ ਜ਼ਰੂਰੀ
◦ਦਿਨ, ਦੁਪਿਹਰ ਤੇ ਰਾਤ ਦਾ ਕੰਮ Available
2355 Derry Rd E, Unit#20, 2nd Floor, Mississauga
Torbram/Derry intersection Manjit: 416.477.3344

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
▪ 1 yr Home Warranty ▪ We Help to get mortgage
Free valuation & Lowest Commission ▪ Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
▪ Ministry of Community Safety and Correctional Services approved. ▪ We speak English, Hindi, Punjabi &Urdu.
▪ Training by Professional Instructors. First Aid & CPR certification included. ▪ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time ...Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

## ਕਹਾਣੀ

# ਬੰਦ ਬੂਹਾ


-ਅੰਮ੍ਰਿਤ

ਭੋਗ ਪੈਣ ਪਿੱਛੋਂ ਬੀਜੀ ਘਰ ਦੇ ਬਾਹਰ ਗੇਟ ਕੋਲ ਜਾ ਕੇ ਖੜੇ ਹੋ ਗਏ। ਉਹ ਹਰ ਆਏ ਗਏ ਦੀ ਖੈਰ ਸੁੱਖ ਪੁੱਛਣ ਸਮੇਤ ਹੋਰ ਨਿੱਕੀਆਂ-ਨਿੱਕੀਆਂ ਗੱਲਾਂ ਕਰਦਿਆਂ ਸਾਰਿਆਂ ਨੂੰ ਅਸੀਸਾਂ ਦੇ ਕੇ ਵਿਦਾ ਕਰ ਰਹੇ ਸਨ। ਪਾਠ ਉਨ੍ਹਾਂ ਸਰਬੱਤ ਦੇ ਭਲੇ ਵਾਸਤੇ ਹੀ ਕਰਾਇਆ ਸੀ। ਉਹ ਸਦਾ ਸਭ ਦੀ ਸੁੱਖ ਮੰਗਦੇ ਸਨ। ਆਂਢ ਗੁਆਂਢ ਤੋਂ ਮੱਥਾ ਟੇਕਣ ਆਏ ਲੋਕਾਂ ਵਿੱਚ ਜ਼ੈਲਦਾਰਨੀ ਵੀ ਸੀ। ਵਾਪਸੀ ਵੇਲੇ ਬੀਜੀ ਦੇ ਗੋਡੀਂ ਹੱਥ ਲਾਉਂਦਿਆਂ ਜ਼ੈਲਦਾਰਨੀ ਦੀਆਂ ਅੱਖਾਂ ਭਰ ਆਈਆਂ ਤਾਂ ਬੀਜੀ ਨੇ ਉਸ ਨੂੰ ਗਲ ਨਾਲ ਲਾ ਲਿਆ।

ਬੀਜੀ ਸਕੂਲ ਅਧਿਆਪਕਾ ਸਨ। ਉਨ੍ਹਾਂ ਦਾ ਵੱਡਾ ਪਰਵਾਰ ਸੀ। ਸਹੁਰੇ ਬਠਿੰਡਾ ਨੇੜਲੇ ਕਿਸੇ ਪਿੰਡ ਸਨ। ਜ਼ਮੀਨਾਂ ਭਾਵੇਂ ਖੁੱਲ੍ਹੀਆਂ ਸਨ, ਪਰ ਰੇਤਲੀਆਂ ਹੋਣ ਕਾਰਨ ਘਰ ਦਾ ਗੁਜ਼ਾਰਾ ਮਸਾਂ ਚੱਲਦਾ ਸੀ। ਬੱਝਵੀਂ ਆਮਦਨ ਦਾ ਸਾਧਨ ਬੀਜੀ ਨੂੰ ਮਿਲਦੀ ਨਿਗੂਣੀ ਤਨਖਾਹ ਹੀ ਸੀ। ਆਪਣੇ ਧੀਆਂ ਪੁੱਤਾਂ ਨੂੰ ਪੜ੍ਹਾਉਣ ਵਾਸਤੇ ਉਹ ਇਸ ਕਬਸੇ ਵਿੱਚ ਆ ਕੇ ਕਿਰਾਏ ਦੇ ਮਕਾਨ ਵਿੱਚ ਰਹਿਣ ਲੱਗ ਗਏ ਤੇ ਇਥੋਂ ਦੀ ਬਦਲੀ ਕਰਵਾ ਲਈ। ਖਿੱਚ ਧੂਹ ਕਰਦਿਆਂ ਜ਼ਿੰਦਗੀ ਦੀ ਗੱਡੀ ਲੀਹ 'ਤੇ ਆਉਣ ਲੱਗੀ ਕਿ ਬੀਜੀ ਦੇ ਸਿਰ ਦਾ ਸਾਈਂ ਚੱਲ ਵਸਿਆ। ਪਹਾੜ ਜਿੱਡੀ ਕਬੀਲਦਾਰੀ ਬੀਜੀ ਦੇ ਮੋਢਿਆਂ 'ਤੇ ਆ ਪਈ। ਕੋਈ ਰਾਹ ਨਾ ਲੱਭਦਿਆਂ ਵੇਖ ਉਨ੍ਹਾਂ ਜ਼ਮੀਨ ਦਾ ਵੱਡਾ ਹਿੱਸਾ ਸ਼ਰੀਕਾਂ ਨੂੰ ਵੇਚ ਦਿੱਤਾ ਤੇ ਕਸਬੇ ਵਿੱਚ ਪਲਾਟ ਖਰੀਦ ਕੇ ਮਕਾਨ ਬਣਾਉਣਾ ਸ਼ੁਰੂ ਕਰ ਦਿੱਤਾ।

ਬੀਜੀ ਦੇ ਘਰ ਅੱਗੇ ਚੌੜੀ ਗਲੀ ਲੰਘਦੀ ਸੀ। ਗਲੀ ਦੇ ਦੂਜੇ ਪਾਸੇ ਜ਼ੈਲਦਾਰਾਂ ਦੀ ਹਵੇਲੀ ਸੀ। ਹਵੇਲੀ ਦੀ ਵਲਗਣ ਗਲੀ ਦੀ ਉਸ ਨੁੱਕਰ ਤੱਕ ਜਾਂਦੀ ਸੀ, ਜਿਥੇ ਕਦੇ ਇਕ ਛੋਟਾ ਜਿਹਾ ਮਕਾਨ ਹੁੰਦਾ ਸੀ। ਹਵੇਲੀ ਦਾ ਪਿਛਲਾ ਬੂਹਾ ਬੀਜੀ ਦੇ ਘਰ ਵੱਲ ਖੁੱਲ੍ਹਦਾ ਸੀ। ਕਦੇ-ਕਦਾਈ ਜ਼ੈਲਦਾਰਨੀ ਆਪਣੇ ਬੱਚਿਆਂ ਨਾਲ ਬੀਜੀ ਨੂੰ ਮਿਲਣ ਆ ਜਾਂਦੀ ਸੀ। ਉਸ ਦੇ ਬੱਚੇ ਬੀਜੀ ਵਾਲੇ ਸਕੂਲ ਵਿੱਚ ਪੜ੍ਹਦੇ ਸਨ। ਜ਼ੈਲਦਾਰਾਂ ਦੀ ਜ਼ਮੀਨ ਕਸਬੇ ਦੇ ਨੇੜੇ ਹੀ ਸੀ ਜਿਹੜੀ ਉਹ ਠੇਕੇ 'ਤੇ ਦਿੰਦੇ ਸਨ। ਜ਼ੈਲਦਾਰ ਨੇ ਆਪ ਟਰੱਕ ਪਾਏ ਹੋਏ ਸਨ। ਹਵੇਲੀ ਦਾ ਪਿਛਲਾ ਬੂਹਾ ਆਮ ਤੌਰ ਉਤੇ ਬੰਦ ਰਹਿੰਦਾ ਸੀ, ਪਰ ਭੋਗ ਵਾਲੇ ਦਿਨ ਇਹ ਮੁੜ ਖੁੱਲ੍ਹ ਗਿਆ ਸੀ।

ਜ਼ੈਲਦਾਰ ਤਾਂ ਹੁਣ ਨਹੀ ਰਿਹਾ। ਸਾਰਾ ਕੰਮ ਕਾਰ ਉਸ ਦੀ ਨੂੰਹ ਹੀ ਆਪਣੇ ਭਰਾਵਾਂ ਦੀ ਮਦਦ ਨਾਲ ਸੰਭਾਲਦੀ ਸੀ। ਆਪਣੇ ਜਿਉਂਦੇ ਜੀਅ ਜ਼ੈਲਦਾਰ ਨੇ ਘਰ ਪੈਸਿਆਂ ਨਾਲ ਭਰ ਦਿੱਤਾ ਸੀ। ਉਹ ਜਾਇਜ਼ ਨਜਾਇਜ਼ ਹਰ ਕੰਮ ਕਰਦਾ ਸੀ। ਇਲਾਕੇ ਦੇ ਸਿਆਸੀ ਆਗੂਆਂ ਨਾਲ ਉਸ ਦੀ ਨੇੜਤਾ ਸੀ। ਥਾਣੇ ਤੇ ਕਚਹਿਰੀਆਂ ਵਿੱਚ ਵੀ ਉਸ ਦਾ ਗੇੜਾ ਲੱਗਦਾ ਰਹਿੰਦਾ ਸੀ। ਉਹ ਟਰੱਕ ਲੈ ਕੇ ਮੱਧ ਪ੍ਰਦੇਸ਼ ਵੱਲ ਜਾਂਦਾ ਤਾਂ ਉਥੋਂ ਅਫੀਮ ਲੈ ਆਉਂਦਾ। ਅਫੀਮ ਦੀ ਪ੍ਰਚੂਨ ਵਿਕਰੀ ਵਾਸਤੇ ਉਸ ਨੇ ਬੰਦੇ ਰੱਖੇ ਹੋਏ ਸਨ। ਕਸਬੇ ਵਿੱਚ ਨਵੇਂ ਆਉਣ ਵਾਲੇ ਹਰ ਥਾਣੇਦਾਰ ਨੂੰ ਜ਼ੈਲਦਾਰ ਆਪਣੀ ਹਵੇਲੀ ਸੱਦਦਾ। ਕੋਈ ਵੱਡਾ ਸਿਆਸੀ ਆਗੂ ਆਉਂਦਾ ਤਾਂ ਹਵੇਲੀ ਵਿੱਚ ਦੇਰ ਰਾਤ ਤੱਕ ਆਵਾਜਾਈ ਲੱਗੀ ਰਹਿੰਦੀ। ਅਜਿਹੇ ਕਈ ਮੌਕਿਆਂ 'ਤੇ ਫਾਇਰ ਵੀ ਕੀਤੇ ਜਾਂਦੇ। ਜ਼ੈਲਦਾਰ ਦੇ ਟੁੱਕੜਬੋਚ ਦੇਰ ਰਾਤ ਤੱਕ ਲਲਕਾਰੇ ਮਾਰਦੇ। ਇਹੋ ਜਿਹੀ ਹੀ ਇਕ ਰਾਤ ਨੁੱਕਰ ਵਾਲੇ ਛੋਟੇ ਜਿਹੇ ਮਕਾਨ ਨੂੰ ਹਵੇਲੀ ਦੀ ਵਲਗਣ ਨੇ ਨਿਗਲ ਲਿਆ ਸੀ।



ਉਸ ਮਕਾਨ ਵਿੱਚ ਸੀਤੋ ਭੂਆ ਆਪਣੇ ਪੁੱਤਰ ਨਾਲ ਰਹਿੰਦੀ ਸੀ। ਉਹ ਲੋਕਾਂ ਦੇ ਘਰੀਂ ਦੁੱਧ ਪਾ ਕੇ ਆਪਣਾ ਗੁਜ਼ਾਰਾ ਕਰਦੀ ਤੇ ਵਿਹਲ ਮਿਲਣ 'ਤੇ ਬੀਜੀ ਕੋਲ ਜਾ ਕੇ ਦੁੱਖ ਸੁੱਖ ਫਰੋਲਦੀ। ਬੀਜੀ ਉਸ ਨੂੰ ਆਪਣੀਆਂ ਧੀਆਂ ਵਾਂਗ ਪਿਆਰ ਦਿੰਦੇ ਤੇ ਹਰ ਵੇਲੇ ਉਸ ਦੀ ਮਦਦ ਲਈ ਤਿਆਰ ਰਹਿੰਦੇ। ਉਸ ਰਾਤ ਵੀ ਬੀਜੀ ਨੇ ਉਸ ਦੀ ਬਾਂਹ ਫੜੀ ਸੀ, ਜਦੋਂ ਮੁਹੱਲੇ ਦੇ ਬੂਹੇ ਬੰਦ ਹੋ ਗਏ ਸਨ। ਜ਼ੈਲਦਾਰ ਦੇ ਬੁਰਛਾ ਗਰਦਾਂ ਨੇ ਉਸ ਦਾ ਸਾਮਾਨ ਰੂੜੀਆਂ 'ਤੇ ਸੁੱਟ ਦਿੱਤਾ ਅਤੇ ਪਸ਼ੂਆਂ ਦੇ ਸੰਗਲ ਖੋਲ੍ਹ ਦਿੱਤੇ ਸਨ। ਉਨ੍ਹਾਂ ਨੇ ਮਾਂ ਪੁੱਤ ਨੂੰ ਧੱਕੇ ਮਾਰ ਕੇ ਘਰੋਂ ਬਾਹਰ ਕੱਢ ਦਿੱਤਾ ਸੀ। ਰੋਂਦੀ ਕੁਰਲਾਉਂਦੀ ਸੀਤੋ ਨੇ ਬੀਜੀ ਦਾ ਦਰ ਖੜਕਾਇਆ ਸੀ। ਬੀਜੀ ਨੇ ਉਸ ਨੂੰ ਸੰਭਾਲਿਆ ਤੇ ਉਸ ਦੀ ਮੰਜੀ ਆਪਣੇ ਕੋਲ ਡੁਹਾ ਲਈ। ਸਾਰੀ ਰਾਤ ਬੀਜੀ ਉਸ ਨੂੰ ਦਿਲਾਸਾ ਦਿੰਦੇ ਰਹੇ ਕਿ ਸਵੇਰੇ ਉਹ ਜ਼ੈਲਦਾਰਨੀ ਨਾਲ ਗੱਲ ਕਰਕੇ ਕੋਈ ਰਾਹ ਕੱਢਣਗੇ, ਪਰ ਜ਼ੈਲਦਾਰਨੀ ਨੇ ਕੋਈ ਰਾਹ ਨਾ ਦਿੱਤਾ, ਸਗੋਂ ਉਹ ਬੀਜੀ ਨੂੰ ਚੰਗਾ ਮੰਦਾ ਬੋਲੀ ਸੀ। ਬੀਜੀ ਭਰੇ ਮਨ ਨਾਲ ਘਰ ਪਰਤੇ ਸਨ। ਉਨ੍ਹਾਂ ਨੂੰ ਸਮਝ ਨਹੀਂ ਲੱਗ ਰਹੀ ਸੀ ਕਿ ਕੋਈ ਏਨੀ ਧੱਕੇਸ਼ਾਹੀ ਕਿਵੇਂ ਕਰ ਸਕਦਾ ਹੈ। ਜ਼ੈਲਦਾਰਾਂ ਕੋਲ ਕਿਸੇ ਚੀਜ਼ ਦੀ ਤੋਟ ਨਹੀਂ ਸੀ, ਫਿਰ ਵੀ ਉਹ ਕਿਸੇ ਮਜ਼ਲੂਮ ਨੂੰ ਕਿਵੇਂ ਬੇਘਰ ਕਰ ਸਕਦੇ ਹਨ। ਉਹ ਇਸ ਗੱਲੋਂ ਪਰੇਸ਼ਾਨ ਸਨ ਕਿ ਮੁਹੱਲੇ ਦੇ ਸਾਰੇ ਲੋਕ ਕਿਵੇਂ ਦੜ ਵੱਟ ਗਏ ਸਨ। ਇਸ ਗੱਲ ਨੂੰ ਕਈ ਵਰ੍ਹੇ ਹੋ ਚੱਲੇ ਸਨ। ਉਦੋਂ ਤੋਂ ਹਵੇਲੀ ਦਾ ਪਿਛਲਾ ਬੂਹਾ ਕਦੇ ਨਹੀਂ ਸੀ ਖੁੱਲ੍ਹਿਆ। ਬੀਜੀ ਨੇ ਆਪਣੀ ਕਬੀਲਦਾਰੀ ਕਿਉਂਟ ਲਈ। ਦੋਵੇਂ ਧੀਆਂ ਵਿਆਹ ਦਿੱਤੀਆਂ। ਦੋ ਪੁੱਤ ਵਿਦੇਸ਼ ਚਲੇ ਗਏ ਸਨ। ਬੀਜੀ ਕੋਲ ਛੋਟਾ ਪੁੱਤ ਤੇ ਨੂੰਹ ਰਹਿੰਦੇ ਸਨ। ਉਧਰ ਜ਼ੈਲਦਾਰ ਦੇ ਧੀ ਤੇ ਪੁੱਤ ਵਿਆਹੇ ਗਏ। ਜ਼ੈਲਦਾਰ ਇਲਾਕੇ ਦਾ ਵੱਡਾ ਆਗੂ ਬਣ ਚੁੱਕਿਆ ਸੀ। ਪਿਛਲੀਆਂ ਚੋਣਾਂ ਵਿੱਚ ਉਹ ਵਿਧਾਇਕ ਵੀ ਚੁਣਿਆ ਗਿਆ, ਪਰ ਇਸ ਵਾਰ ਪਾਰਟੀ ਤੋਂ ਬਾਗੀ ਹੋ ਕੇ ਖੜੇ ਉਮੀਦਵਾਰ ਨੇ ਉਸ ਨੂੰ ਹਰਾ ਦਿੱਤਾ ਸੀ। ਹਵੇਲੀ ਦਾ ਸੂਰਜ ਢਲਣ ਲੱਗਾ ਸੀ। ਜ਼ੈਲਦਾਰ ਹਾਰ ਦਾ ਸਦਮਾ ਨਾ ਝੱਲ ਸਕਿਆ ਤੇ ਦਿਲ ਦਾ ਦੌਰਾ ਪੈਣ ਨਾਲ ਉਸ ਦੀ ਮੌਤ ਹੋ ਗਈ।

ਜ਼ੈਲਦਾਰ ਜਦੋਂ ਆਪਣੇ ਟਰੱਕਾਂ ਰਾਹੀਂ ਅਫੀਮ ਲਿਆਉਂਦਾ ਸੀ ਤਾਂ ਉਸ ਦਾ ਪੁੱਤ ਵੀ ਨਸ਼ਾ ਕਰਨ ਲੱਗ ਪਿਆ। ਹੁਣ ਤਾਂ ਅਫੀਮ ਖਾਦੇ ਬਿਨਾਂ ਉਹ ਮੰਜੇ ਤੋਂ ਵੀ ਨਹੀਂ ਸੀ ਉਠ ਸਕਦਾ। ਜ਼ੈਲਦਾਰ ਦੀ ਨੂੰਹ ਨੂੰ ਆਪਣੇ ਵਿਆਹ ਤੋਂ ਛੇਤੀ ਬਾਅਦ ਹੀ ਪਤਾ ਲੱਗ ਗਿਆ ਕਿ ਉਸ ਨਾਲ ਧੋਖਾ ਹੋਇਆ ਹੈ। ਖਿਝੀ ਖਪੀ ਕਦੇ ਉਹ ਆਪਣੇ ਪਤੀ ਨੂੰ ਮਿਹਣੇ ਮਾਰਦੀ ਤੇ ਕਦੇ ਸੱਸ ਨਾਲ ਲੜਦੀ। ਜ਼ੈਲਦਾਰ ਦੇ ਚਲਾਣੇ ਪਿੱਛੋਂ ਹਵੇਲੀ ਦੇ ਹਾਲਾਤ ਹੋਰ ਵੀ ਖਰਾਬ ਹੋਣ ਲੱਗੇ, ਕਿਉਂਕਿ ਜ਼ੈਲਦਾਰ ਦਾ ਮੁੰਡਾ ਤਾਂ ਡੱਕਾ ਤੋੜਦਾ ਨਹੀਂ ਸੀ। ਉਸ ਦਾ ਸਾਰਾ ਧਿਆਨ ਨਸ਼ਿਆਂ ਵਿੱਚ ਹੀ ਰਹਿੰਦਾ ਸੀ। ਉਸ ਨੂੰ ਅਫੀਮ ਨਾ ਮਿਲਦੀ ਤਾਂ ਉਹ ਨਸ਼ੇ ਦੀਆਂ ਗੋਲੀਆਂ ਖਾ ਲੈਂਦਾ। ਗੋਲੀਆਂ ਖਾ ਕੇ ਵੀ ਤੋਟ ਲੱਗਦੀ ਤਾਂ ਨਸ਼ੇ ਦਾ ਟੀਕਾ ਲਾ ਲੈਂਦਾ। ਉਹ ਕਿਸੇ ਦੀ ਗੱਲ ਨਾ ਸੁਣਦਾ ਤੇ ਨਸ਼ੇ ਦੀ ਲੋਰ ਵਿੱਚ ਫਿਰਦਾ ਰਹਿੰਦਾ। ਉਸ ਕੋਲ ਹੋਰ ਨਸ਼ੇੜੀ ਵੀ ਆਉਣ ਲੱਗੇ ਸਨ। ਜ਼ੈਲਦਾਰਨੀ ਆਪਣੇ ਪੁੱਤ ਨੂੰ ਕੁਝ ਨਹੀਂ ਕਹਿੰਦੀ ਸੀ, ਪਰ ਨੂੰਹ ਨੇ ਆਪਣੇ ਨਾਲ ਹੋਏ ਧੋਖੇ ਦਾ ਮੁੱਲ ਵਸੂਲਣ ਦਾ ਫੈਸਲਾ ਕਰ ਲਿਆ। ਉਹ ਆਪਣੇ ਭਰਾਵਾਂ ਦੀ ਮਦਦ ਨਾਲ ਜ਼ੈਲਦਾਰ ਦੀ ਕਰੋੜਾਂ ਦੀ ਜਾਇਦਾਦ ਸੰਭਾਲਣ ਦੇ ਆਹਰ ਵਿੱਚ ਲੱਗ ਗਈ ਸੀ। ਹਵੇਲੀ ਦਾ ਸਾਰਾ ਕਾਰ ਵਿਹਾਰ ਹੁਣ ਉਹੀ ਸੰਭਾਲਦੀ ਸੀ ਤੇ ਇਹ ਵੀ ਧਿਆਨ ਰੱਖਦੀ ਕਿ ਉਸ ਦੇ ਪਤੀ ਨੂੰ ਨਸ਼ੇ ਦੀ ਤੋਟ ਨਾ ਆਵੇ। ਨਸ਼ੇੜੀ ਪਤੀ ਹੁਣ ਉਸ ਦੀ ਹਰ ਗੱਲ ਮੰਨਦਾ ਸੀ। ਜ਼ੈਲਦਾਰਨੀ ਦੀ ਕੋਈ ਪੁੱਛ ਪ੍ਰਤੀਤ ਨਹੀਂ ਸੀ ਰਹਿ ਗਈ।

ਜਾਇਦਾਦ 'ਤੇ ਕਬਜ਼ਾ ਹੁੰਦਾ ਵੇਖ ਕੇ ਜ਼ੈਲਦਾਰ ਦੀ ਧੀ ਆਪਣਾ ਹਿੱਸਾ ਮੰਗਣ ਲੱਗ ਪਈ। ਜ਼ੈਲਦਾਰਨੀ ਆਪਣੀ ਧੀ ਦੇ ਹੱਕ ਵਿੱਚ ਡੱਕਾ ਸੁੱਟਦੀ ਸੀ। ਉਹ ਨਹੀਂ ਚਾਹੁੰਦੀ ਸੀ ਕਿ ਬੇਗਾਨੀ ਧੀ ਆਪਣੇ ਭਰਾਵਾਂ ਨੂੰ ਸਭ ਲੁਟਾ ਦੇਵੇ। ਹਵੇਲੀ ਵਿੱਚ ਖਿੱਚੋਤਾਣ ਵਧਣ ਲੱਗ ਪਈ। ਜ਼ੈਲਦਾਰਨੀ ਨੂੰ ਉਸ ਦੀ ਧੀ ਤੇ ਜਵਾਈ ਸ਼ਹਿ ਦਿੰਦੇ ਸਨ, ਪਰ ਜ਼ੈਲਦਾਰਨੀ ਦੇ ਪੁੱਤ ਨੂੰ ਉਸ ਦੀ ਪਤਨੀ ਨੇ ਆਪਣੀ ਮੁੱਠੀ ਵਿੱਚ ਕੀਤਾ ਹੋਇਆ ਸੀ। ਹਵੇਲੀ ਅੰਦਰ ਕਈ ਮਹੀਨਿਆਂ ਤੋਂ ਸੁਲਗਦੀ ਇਸ ਅੱਗ ਬਾਰੇ ਮੁਹੱਲੇ ਵਾਲਿਆਂ ਨੂੰ ਉਸ ਰਾਤ ਹੀ ਪਤਾ ਲੱਗਾ, ਜਦੋਂ ਨੂੰਹ ਪੁੱਤ ਨੇ ਕੁੱਟ ਮਾਰ ਕੇ ਜ਼ੈਲਦਾਰਨੀ ਨੂੰ ਹਵੇਲੀ ਦੇ ਪਿਛਲੇ ਬੂਹਿਓਂ ਬਾਹਰ ਕੱਢ ਦਿੱਤਾ ਸੀ। ਜ਼ੈਲਦਾਰਨੀ ਤਰਲੇ ਪਾਉਂਦੀ ਰਹੀ, ਪਰ ਉਨ੍ਹਾਂ ਬੂਹਾ ਬੰਦ ਕਰ ਲਿਆ। ਇਸ ਦੇ ਨਾਲ ਹੀ ਸਾਰਾ ਮੁੱਹਲਾ ਜਿਵੇਂ ਸੁਸਰੀ ਵਾਂਗ ਸੌਂ ਗਿਆ। ਉਸ ਦੇ ਤਰਲਿਆਂ ਦੇ ਬਾਵਜੂਦ ਕਿਸੇ ਨੇ ਦਰ ਖੋਲ੍ਹਣ ਦੀ ਹਿੰਮਤ ਨਾ ਕੀਤੀ। ਅੱਧੀ ਰਾਤ ਨੂੰ ਰੋਂਦੀ ਕੁਰਲਾਉਂਦੀ ਜ਼ੈਲਦਾਰਨੀ ਨੇ ਅਖੀਰ ਬੀਜੀ ਦਾ ਦਰ ਖੜਕਾਇਆ।

ਬੀਜੀ ਨੇ ਜਦੋਂ ਬੂਹੇ ਦੀ ਝੀਥ 'ਚੋਂ ਦੇਖਿਆ ਤਾਂ ਸਾਹਮਣੇ ਜ਼ੈਲਦਾਰਨੀ ਖੜੀ ਸੀ। ਕੁਝ ਪਲਾਂ ਲਈ ਬੀਜੀ ਬੁੱਤ ਹੋ ਗਏ। ਉਨ੍ਹਾਂ ਨੂੰ ਉਹ ਰਾਤ ਯਾਦ ਆਉਣ ਲੱਗੀ, ਜਦੋਂ ਸੀਤੋ ਭੂਆ ਇਸੇ ਤਰ੍ਹਾਂ ਬੇਵੱਸ ਹੋਈ ਉਨ੍ਹਾਂ ਦੇ ਦਰ ਉਤੇ ਖੜੀ ਸੀ। ਉਦੋਂ ਇਸੇ ਜ਼ੈਲਦਾਰਨੀ ਅੱਗੇ ਉਨ੍ਹਾਂ ਨੇ ਝੋਲੀ ਅੱਡੀ ਸੀ, ਪਰ ਇਸ ਨੇ ਖੈਰ ਨਹੀਂ ਸੀ ਪਾਈ। ਅੱਜ ਉਹੀ ਉਨ੍ਹਾਂ ਅੱਗੇ ਝੋਲੀ ਅੱਡੀ ਖੜੀ ਸੀ। ਉਨ੍ਹਾਂ ਦੀਆਂ ਅੱਖਾਂ ਮੂਹਰੇ ਕਦੇ ਸੀਤੋ ਦੀ ਚਿਹਰਾ ਉਭਰਦਾ ਅਤੇ ਕਦੇ ਜ਼ੈਲਦਾਰਨੀ ਦਾ..। ਪਲਾਂ ਵਿੱਚ ਵਰ੍ਹਿਆਂ ਦਾ ਫਾਸਲਾ ਤੈਅ ਕਰਦਿਆਂ ਬੀਜੀ ਨੇ ਹਵੇਲੀ ਵਾਲੇ ਪਾਸੇ ਘਰ ਦਾ ਬੰਦ ਬੂਹਾ ਖੋਲ੍ਹ ਦਿੱਤਾ ਸੀ।

## ਬਿਊਟੀ ਟਿਪਸ

# ਚਮੜੀ ਮੁਤਾਬਕ ਹੋਵੇ ਮੇਕਅਪ

ਤੁਹਾਡਾ ਰੂਪ-ਰੰਗ ਸਾਂਵਲਾ ਹੋਵੇ ਜਾਂ ਗੋਰਾ, ਜੇ ਤੁਸੀਂ ਆਪਣੀ ਚਮੜੀ ਦੀ ਟੋਨ ਮੁਤਾਬਕ ਆਪਣੇ ਚਿਹਰੇ ਦਾ ਮੇਕਅਪ ਕਰਦੇ ਹੋ ਤਾਂ ਯਕੀਨ ਮੰਨੋ ਕਿ ਤੁਸੀਂ ਹਰ ਕਿਸੇ ਤੋਂ ਵੱਧ ਖੂਬਸੂਰਤ ਨਜ਼ਰ ਆਉਣ ਲੱਗੋਗੇ। ਬੱਸ ਲੋੜ ਹੈ ਇਸ ਗੱਲ ਦੀ ਕਿ ਤੁਸੀਂ ਮੇਕਅਪ ਦਾ ਬੇਸਿਕ ਫੰਡਾ ਸਮਝ ਲਓ।

ਆਇਲੀ ਸਕਿਨ ਲਈ

ਆਇਲੀ ਸਕਿਨ ਮਤਲਬ ਤੇਲਯੁਕਤ ਚਮੜੀ, ਇਸ ਦੇ ਲਈਜੇ ਸਭ ਤੋਂ ਵੱਡਾ ਕੋਈ ਚੈਲੇਂਜ ਹ ਤਾਂ ਉਹ ਇਹ ਹੈ ਕਿ ਇਸ ਦੀ ਸ਼ਾਈਨਿੰਗ ਨੂੰ ਕਿਵੇਂ ਸਹੀ ਢੰਗ ਨਾਲ ਕੰਟਰੋਲ ਕਰ ਕੇ ਹੈਲਦੀ ਤੇ ਗਲੋਇੰਗ ਕੰਪਲੈਕਸ਼ਨ ਹਾਸਲ ਕੀਤਾ ਜਾਵੇ।



* ਮੇਕਅਪ ਕਰਦੇ ਹੋਏ ਸਭ ਤੋਂ ਪਹਿਲਾਂ ਚਿਹਰਾ ਕਲੀਨ ਕਰਨ ਤੋਂ ਬਾਅਦ ਪ੍ਰਾਈਮਰ ਇਸਤੇਮਾਲ ਕਰੋ। ਘੱਟੋ-ਘੱਟ ਚਿਹਰੇ ਦੇ ਆਇਲੀ ਜ਼ੋਨ 'ਚ ਆਇਲ ਫਰੀ ਜਾਂ ਸ਼ਾਈਨ ਫਰੀ ਪ੍ਰਾਈਮਰ ਲਗਾਓ ਅਤੇ ਫਿਰ ਆਪਣਾ ਮੇਕਅਪ ਸਟਾਰਟ ਕਰੋ। ਟੋਨਰ ਦਾ ਇਸਤੇਮਾਲ ਵੀ ਐਕਸੈਸ ਆਇਲ ਤੋਂ ਛੁਟਕਾਰਾ ਦਿਵਾਉਂਦਾ ਹੈ।

* ਆਇਲ ਫ੍ਰੀ, ਮੈਟ ਫਿਨਿਸ਼ ਜਾਂ ਪਾਊਡਰ ਬੇਸਡ ਫਾਊਂਡੇਸ਼ਨ ਇਸਤੇਮਾਲ ਕਰੋ। ਇਹ ਚਿਹਰੇ ਦੇ ਆਇਲੀ ਇਫੈਕਟ ਨੂੰ ਘੱਟ ਕਰ ਕੇ ਉਸ ਨੂੰ ਸਾਫ ਲੁਕ ਦਿੰਦਾ ਹੈ। ਜੇ ਤੁਸੀਂ ਨੈਚੁਰਲ ਲੁਕ ਚਾਹੁੰਦੇ ਹੋ ਤਾਂ ਟਿੰਟੇਡ ਮੁਆਇਸਚੁਰਾਈਜ਼ਰ ਇਸਤੇਮਾਲ ਕਰੋ। ਹਮੇਸ਼ਾ ਆਪਣੀ ਚਮੜੀ ਦੀ ਟੋਨ ਤੋਂ ਸ਼ੇਡ ਲਾਈਟ ਫਾਊਂਡੇਸ਼ਨ ਖਰੀਦੋ ਕਿਉਂਕਿ ਆਇਲੀ ਫੇਸ 'ਤੇ ਫਾਊਂਡੇਸ਼ਨ ਦਾ ਇਫੈਕਟ ਇੱਕ ਸ਼ੇਡ ਡਾਰਕ ਹੋ ਜਾਂਦਾ ਹੈ। ਹਲਕਾ ਜਿਹਾ ਫਾਊਂਡੇਸ਼ਨ ਹੀ ਆਇਲੀ ਚਮੜੀ ਲਈ ਕਾਫੀ ਹੁੰਦਾ ਹੈ। ਫਾਊਂਡੇਸ਼ਨ ਦੀ ਲੇਅਰ ਲਗਾਓਗੇ ਤਾਂ ਬਾਅਦ 'ਚ ਉਹ ਪੈਚੀ ਨਜ਼ਰ ਆਉਣ ਲੱਗੇਗਾ।

* ਫੇਸ ਪਾਊਡਰ ਵੀ ਘੱਟ ਹੀ ਇਸਤੇਮਾਲ ਕਰੋ। ਆਮ ਤੌਰ 'ਤੇ ਲੋਕ ਸੋਚਦੇ ਹਨ ਕਿ ਪਾਊਡਰ ਨਾਲ ਆਇਲ ਨੂੰ ਕੰਟਰੋਲ 'ਚ ਕੀਤਾ ਜਾ ਸਕਦਾ ਹੈ। ਅਜਿਹਾ ਨਹੀਂ ਹੈ ਕਿਉਂਕਿ ਮੇਕਅਪ ਤੋਂ ਬਾਅਦ ਥੋੜ੍ਹੀ ਦੇਰ ਤੱਕ ਤਾਂ ਚਿਹਰਾ ਚੰਗਾ ਲੱਗਦਾ ਹੈ, ਪਰ ਜਦੋਂ ਆਇਲ ਨਿਕਲਣ ਲੱਗਦਾ ਹੈ ਤਾਂ ਚਿਹਰਾ ਪੈਚੀ ਨਜ਼ਰ ਆਉਣ ਲੱਗਦਾ ਹੈ।

* ਕ੍ਰੀਮੀ ਜਾਂ ਲਿਕਵਿਡ ਬਲਸ਼ਰ ਇਸਤੇਮਾਲ ਕਰਨ ਤੋਂ ਬਚੋ। ਪਾਊਡਰ ਬੇਸਡ ਬਲਸ਼ਰ ਅਪਲਾਈ ਕਰੋ। ਜਿਹੜਾ ਸ਼ੇਡ ਤੁਸੀਂ ਚਾਹੁੰਦੇ ਹੋ ਉਸ ਤੋਂ ਇੱਕ ਸ਼ੇਡ ਲਾਈਟ ਬਲਸ਼ਰ ਲਓ ਕਿਉਂਕਿ ਆਇਲੀ ਸਕਿਨ 'ਤੇ ਫਾਊਂਡੇਸ਼ਨ ਵਾਂਗ ਬਲਸ਼ਰ ਦਾ ਸ਼ੇਡ ਵੀ ਡਾਰਕ ਹੋ ਜਾਂਦਾ ਹੈ।

* ਬਲਸ਼ਰ ਨੂੰ ਬਰੱਸ਼ ਨਾਲ ਅਪਲਾਈ ਕਰੋ। ਉਂਗਲੀਆਂ ਨਾਲ ਬਲਸ਼ਰ ਲਗਾਉਣ ਨਾਲ ਚਿਹਰੇ ਤੇ ਉਂਗਲੀਆਂ ਤੇ ਤੇਲਯੁਕਤ ਕਾਰਨ ਬਲਸ਼ਰ ਫੈਲ ਸਕਦਾ ਹੈ।

* ਲਿਕਵਿਡ ਜਾਂ ਕ੍ਰੀਮੀ ਆਈ ਸ਼ੈਡੋ ਦੀ ਬਜਾਏ ਪਾਊਡਰ ਬੇਸਡ ਆਈ ਸ਼ੈਡੋ ਇਸਤੇਮਾਲ ਕਰੋ। ਇਸੇ ਤਰ੍ਹਾਂ ਲਿਕਵਿਡ ਆਈ ਲਾਈਨਰ ਦੀ ਬਜਾਏ ਕੱਜਲ ਪੈਨਸਿਲ ਇਸਤੇਮਾਲ ਕਰੋ।

* ਮੈਟ ਲਿਪਸਟਿਕ ਆਇਲੀ ਸਕਿਨ ਵਾਲਿਆਂ ਲਈ ਬੈਸਟ ਹੈ। ਲਿਪ ਗਲੌਸ ਵੀ ਘੱਟ ਤੋਂ ਘੱਟ ਇਸਤੇਮਾਲ ਕਰੋ।

ਟਿਪਸ

* ਡਾਰਕ ਦੀ ਬਜਾਏ ਲਾਈਟ ਸ਼ੇਡ ਦਾ ਮੇਕਅਪ ਅਪਲਾਈ ਕਰੋ ਕਿਉਂਕਿ ਆਇਲੀ ਫੇਸ 'ਤੇ ਮੇਕਅਪ ਦਾ ਇੱਕ ਸ਼ੇਡ ਡਾਰਕ ਇਫੈਕਟ ਆਉਂਦਾ ਹੈ।

* ਜੇ ਤੁਸੀਂ ਫਾਊਂਡੈਸ਼ਨ ਨਹੀਂ ਲਗਾਉਣਾ ਚਾਹੁੰਦੇ ਤਾਂ ਚਿਹਰੇ ਦੇ ਆਇਲੀ ਇਫੈਕਟ ਨੂੰ ਘੱਟ ਕਰਨ ਲਈ ਮੈਟ ਫਿਨਿਸ਼ ਪਾਊਡਰ ਲਗਾ ਸਕਦੇ ਹੋ।

* ਆਪਣੇ ਪਰਸ 'ਚ ਬਲਾਟਿੰਗ ਪੇਪਰ ਰੱਖੋ। ਇਸ ਨਾਲ ਚਿਹਰੇ ਨੂੰ ਥਪਥਪਾਉਣ ਨਾਲ ਆਇਲ ਘੱਟ ਹੋ ਜਾਂਦਾ ਹੈ ਅਤੇ ਚਿਹਰੇ ਨੂੰ ਇੰਸਟੈਂਟ ਫਰੈਸ਼ ਲੁਕ ਮਿਲਦਾ ਹੈ।

## ਰਸੋਈ

# ਪਨੀਰ ਮਸਾਲਾ ਸੈਂਡਵਿਚ



ਸਮੱਗਰੀ- ਬ੍ਰੈਡ ਸਾਈਸ ਅੱਠ, ਪਨੀਰ ਕੱਦੂਕਸ ਕੀਤਾ ਹੋਇਆ 70 ਗਰਾਮ, ਪਿਆਜ਼ ਦੇ ਸਲਾਈਸ ਅੱਠ, ਉਬਲੇ ਆਲੂ ਦੇ ਸਲਾਈ ਅੱਠ, ਟਮਾਟਰ ਦੇ ਸਲਾਈਸ ਅੱਠ, ਚਾਟ ਮਸਾਲਾ ਦੋ ਛੋਟੇ ਚਮਚ, ਮਿੱਠੀ ਚਟਣੀ ਲੋੜ ਅਨੁਸਾਰ, ਹਰੀ ਚਟਣੀ ਲੋੜ ਅਨੁਸਾਰ, ਮੱਖਣ ਲੋੜ ਅਨੁਸਾਰ, ਨਮਕ ਸੁਆਦ ਅਨੁਸਾਰ।

ਵਿਧੀ- ਸਭ ਤੋਂ ਪਹਿਲਾਂ ਬ੍ਰੈਡ ਸਲਾਈਸ ਦੇ ਕਿਨਾਰਿਆਂ ਦੇ ਸਖਤ ਹਿੱਸੇ ਨੂੰ ਕੱਟ ਕੇ ਵੱਖ ਕਰ ਦਿਓ। ਹੁਣ ਸਾਰੇ ਸਲਾਈਸਿਜ਼ ਦੇ ਇੱਕ ਪਾਸੇ ਮੱਖਣ ਲਾ ਲਓ। ਹੁਣ ਇੱਕ ਸਲਾਈਸ 'ਤੇ ਮਿੱਠੀ ਚਟਣੀ ਲਾਓ ਅਤੇ ਦੂਜੀ 'ਤੇ ਹਰੀ ਚਟਣੀ ਲਾ ਲਓ। ਇਸ ਤੋਂ ਬਾਅਦ ਪਹਿਲੀ ਸਲਾਈਸ 'ਤੇ ਮੱਖਣ ਲਾਓ। ਇਸ ਦੇ ਉਪਰ ਟਮਾਟਰ, ਆਲੂ ਅਤੇ ਪਿਆਜ਼ ਦੇ ਦੋ-ਦੋ ਸਲਾਈਸ ਰੱਖੋ। ਇਨ੍ਹਾਂ ਉਪਰ ਹਲਕਾ ਜਿਹਾ ਨਮਕ ਅਤੇ ਚਾਟ ਮਸਾਲਾ ਛਿੜਕ ਦਿਓ। ਫਿਰ ਇਸ ਉਪਰ ਕੱਦੂਕਸ ਕੀਤੇ ਪਨੀਰ ਦੀ ਇੱਕ ਪਰਤ ਵਿਛਾ ਦਿਓ। ਹੁਣ ਦੂਜੇ ਬਰੈਡ ਸਲਾਈਸ 'ਤੇ ਥੋੜ੍ਹਾ ਜਿਹਾ ਮੱਖਣ ਲਾਓ। ਇਸ ਉਪਰ ਟਮਾਟਰ, ਆਲੂ ਤੇ ਪਿਆਜ਼ ਦੇ ਦੋ ਦੋ ਸਲਾਈਸ ਰੱਖੋ। ਇਨ੍ਹਾਂ ਉਪਰ ਹਲਕਾ ਜਿਹਾ ਨਮਕ ਤੇ ਚਾਟ ਮਸਾਲਾ ਛਿੜਕ ਦਿਓ। ਫਿਰ ਇਸ ਉਪਰ ਕੱਦੂਕਸ ਕੀਤੇ ਪਨੀਰ ਦੀ ਪਰਤ ਵਿਛਾ ਦਿਓ। ਹੁਣ ਦੂਜੀ ਬ੍ਰੈਡ ਸਲਾਈਸ 'ਤੇ ਥੋੜ੍ਹਾ ਜਿਹਾ ਮੱਖਣ ਲਾ ਦਿਓ ਤੇ ਫਿਰ ਉਸ ਨੂੰ ਪਲਟ ਕੇ ਪਹਿਲੀ ਵਾਲੀ ਸਲਾਈਸ ਉਪਰ ਰੱਖ ਦਿਓ। ਇੰਝ ਹੀ ਦੂਜੇ ਸੈਂਡਵਿਚ ਵੀ ਤਿਆਰ ਕਰ ਲਓ। ਦੋਵੇਂ ਸੈਂਡਵਿਚ ਤਿਆਰ ਹੋਣ ਤੋਂ ਬਾਅਦ ਤਵਾ ਗਰਮ ਕਰੋ। ਤਵਾ ਗਰਮ ਹੋਣ 'ਤੇ ਸੇਕ ਹਲਕਾ ਕਰ ਦਿਓ। ਦੋਵੇਂ ਸੈਂਡਵਿਚ ਦੇ ਦੋਵੇਂ ਪਾਸੇ ਹਲਕਾ ਜਿਹਾ ਮੱਖਣ ਲਾ ਲਓ ਅਤੇ ਤਵੇ 'ਤੇ ਰੱਖ ਕੇ ਸੇਕੋ। ਸੈਂਡਵਿਚ ਨੂੰ ਹਰ 20-30 ਸੈਕਿੰਡ ਵਿੱਚ ਪਲਟਦੇ ਰਹੋ ਅਤੇ ਚਮਚ ਨਾਲ ਹਲਕਾ-ਹਲਕਾ ਦਬਾਉਂਦੇ ਵੀ ਰਹੋ।

ਜਦੋਂ ਬ੍ਰੈਡ ਦੀਆਂ ਦੋਵੇਂ ਪਰਤਾਂ ਸੁਨਹਿਰੀ ਰੰਗ ਦੀਆਂ ਹੋ ਜਾਣ ਤਾਂ ਸੈਂਡਵਿਚ ਨੂੰ ਉਤਾਰ ਕੇ ਵੱਖ ਕਰ ਦਿਓ ਅਤੇ ਗੈਸ ਬੰਦ ਕਰ ਦਿਓ। ਤੁਸੀਂ ਚਾਹੋ ਤਾਂ ਸੈਂਡਵਿਚ ਨੂੰ ਟੋਸਟਰ ਜਾਂ ਗਰਿੱਲ 'ਤੇ ਵੀ ਸੇਕ ਸਕਦੇ ਹੋ।

ਸੈਂਡਵਿਚ ਨੂੰ ਸੇਕਣ ਤੋਂ ਬਾਅਦ ਇਨ੍ਹਾਂ ਨੂੰ ਕਿਸੇ ਬਰਾਬਰ ਸਤ੍ਹਾ 'ਤੇ ਰੱਖੋ ਤੇ ਤੇਜ਼ ਚਾਕੂ ਦੀ ਮਦਦ ਨਾਲ ਸੈਂਡਵਿਚ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਕੱਟਦੇ ਹੋਏ ਦੋ ਹਿੱਸਿਆਂ ਵਿੱਚ ਵੰਡ ਲਓ। ਪਨੀਰ ਵੈਜ ਸੈਂਡਵਿਚ ਤਿਆਰ ਹੈ। ਇਸ ਨੂੰ ਸਰਵਿਸ ਪਲੇਟ ਵਿੱਚ ਰੱਖੋ ਅਤੇ ਮਨਚਾਹੀ ਚਟਣੀ ਜਾਂ ਫਿਰ ਟੋਮੈਟੋ ਸੌਸ ਨਾਲ ਸਰਵ ਕਰੋ।



# ਮੂੰਗ ਦਲ ਅਤੇ ਗਰੀਨ ਐਪਲ ਦਹੀਂ ਪੂੜੀ

ਸਮੱਗਰੀ-ਅੱਧਾ ਕੱਲ ਮੂੰਗ ਦਾਲ ਪੁੰਗਰੀ ਹੋਈ, ਇੱਕ ਟਮਾਟਰ ਬਰੀਕ ਕੱਟਿਆ ਹੋਇਆ, ਪਿਆਜ ਬਰੀਕ ਕੱਟਿਆ ਹੋਇਆ, ਦੋ ਹਰੇ ਸੇਬ ਬਰੀਕ ਕੱਟੇ ਹੋਏ, ਅੱਧਾ ਕੱਪ ਉਬਲਿਆ ਹੋਇਆ ਆਲੂ, ਇੱਕ ਵੱਡਾ ਚਮਚ ਹਰੀ ਮਿਰਚ ਬਰੀਕ ਕੱਟੀ ਹੋਈ, ਇੱਕ ਵੱਡਾ ਚਮਚ ਹਰੀ ਧਨੀਆ ਕੱਟਿਆ ਹੋਇਆ, ਦੋ ਵੱਡੇ ਚਮਚ ਨਿੰਬੂ ਦਾ ਰਸ, ਦੋ ਛੋਟੇ ਚਮਚ ਚਾਟ ਮਸਾਲਾ, ਦੋ ਦਰਜਨ ਗੋਲਗੱਪੇ।

ਸਜਾਵਟ ਲਈ ਸਮੱਗਰੀ- ਦੋ ਕੱਪ ਫੈਂਟਿਆ ਹੋਇਆ ਦਹੀਂ, ਇੱਕ ਛੋਟਾ ਚਮਚ ਜੀਰਾ ਪਾਊਡਰ, ਸਵਾਦ ਅਨੁਸਾਰ ਨਮਕ।

ਵਿਧੀ- ਇੱਕ ਵੱਡੇ ਬਾਊਲ ਵਿੱਚ ਕੱਟੇ ਹੋਏ ਸੇਬ ਨੂੰ ਰੱਖੋ, ਫਿਰ ਬਾਕੀ ਤਿਆਰ ਸਮੱਗਰੀ ਨੂੰ ਇਸ ਵਿੱਚ ਮਿਲਾਓ। ਜੇ ਨਮਕ ਦੀ ਜ਼ਰੂਰਤ ਹੋਵੇ ਤਾਂ ਹੀ ਮਿਲਾਓ (ਪਰ ਜ਼ਰੂਰਤ ਨਹੀਂ ਪਏਗੀ, ਜਦ ਚਾਟ ਮਸਾਲਾ ਪਾਓਗੇ)। ਇਸ ਨੂੰ 10 ਮਿੰਟ ਦੇ ਲਈ ਛੱਡ ਦਿਓ, ਜਿਸ ਕਾਰਨ ਉਸ ਵਿੱਚ ਸਵਾਦ ਆ ਜਾਏਗਾ। ਪਰੋਸਣ ਤੋਂ ਪਹਿਲਾਂ ਇਸ ਨੂੰ ਠੰਢਾ ਕਰ ਲਓ, ਫਿਰ ਗੋਲਗੱਪੇ ਦੇ ਵਿੱਚ ਇਸ ਮਿਸ਼ਰਣ ਨੂੰ ਭਰੋ ਅਤੇ ਹਰੇਕ ਦੇ ਉਪਰ ਇੱਕ-ਦੋ ਵੱਡੇ ਚਮਚ ਠੰਢਾ ਦਹੀਂ ਪਾਓ। ਦਹੀਂ, ਜੀਰਾ ਅਤੇ ਨਮਕ ਨੂੰ ਮਿਲਾ ਕੇ ਫੈਂਟ ਲਓ ਅਤੇ ਹਰੇਕ ਨੂੰ ਉਸ ਨਾਲ ਸਜਾਓ।

# ਇਨਸਾਨੀ ਫਰਿਸ਼ਤੇ ਹੀ ਦੁਖੀ ਲੋਕਾਂ ਦੇ ਕੰਮ ਆਉਂਦੇ ਹਨ

-ਵਿਨੀਤ ਨਾਰਾਇਣ

ਇਹ ਕਿੱਸਾ ਸੁਣ ਕੇ ਸ਼ਾਇਦ ਤੁਸੀਂ ਯਕੀਨ ਨਾ ਕਰੋ, ਪਰ ਹੈ ਸੱਚ। ਮੁੰਬਈ ਦਾ ਇੱਕ ਵੱਡਾ ਉਦਯੋਗਪਤੀ ਆਪਣੇ ਦੋਸਤਾਂ ਸਮੇਤ ਸਵਿੱਟਜ਼ਰਲੈਂਡ ਦੇ ਸ਼ਹਿਰ ਜੇਨੇਵਾ ਦੇ ਫਾਈਵ ਸਟਾਰ ਹੋਟਲ ਤੋਂ ਚੈਕ ਆਊਟ ਕਰ ਕੇ ਏਅਰਪੋਰਟ ਜਾਣ ਦੀ ਤਿਆਰੀ ਸੀ। ਤਿੰਨ ਘੰਟੇ ਬਾਅਦ ਮੁੰਬਈ ਦੀ ਫਲਾਈਟ ਰਾਹੀਂ ਦੇਸ਼ ਪਰਤਣਾ ਸੀ। ਇਸੇ ਦੌਰਾਨ ਉਸ ਦੇ ਨਿੱਜੀ ਸਕੱਤਰ ਦਾ ਮੁੰਬਈ ਦਫਤਰ ਤੋਂ ਫੋਨ ਆਇਆ, ਜਿਸ ਨੂੰ ਸੁਣ ਕੇ ਇਹ ਸੱਜਣ ਅਚਾਨਕ ਆਪਣੀ ਪਤਨੀ ਤੇ ਮਿੱਤਰਾਂ ਵੱਲ ਮੁੜਿਆ ਤੇ ਬੋਲਿਆ, ''ਤੁਸੀਂ ਸਭ ਲੋਕ ਜਾਓ, ਮੈਂ ਦੇਰ ਰਾਤ ਦੀ ਫਲਾਈਟ ਰਾਹੀਂ ਆਵਾਂਗਾ।'' ਇਸ ਤਰ੍ਹਾਂ ਅਚਾਨਕ ਉਸ ਦਾ ਇਹ ਫੈਸਲਾ ਸੁਣ ਕੇ ਸਾਰੇ ਹੈਰਾਨ ਰਹਿ ਗਏ। ਉਸ ਤੋਂ ਇਸ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ ''ਹੁਣੇ ਮੇਰੇ ਦਫਤਰ 'ਚ ਕੋਈ ਔਰਤ ਆਈ ਹੈ, ਜਿਸ ਦਾ ਪਤੀ ਕੈਂਸਰ ਤੋਂ ਪੀੜਤ ਹੈ, ਉਸ ਨੂੰ ਇੱਕ ਮਹਿੰਗੇ ਇੰਜੈਕਸ਼ਨ ਦੀ ਲੋੜ ਹੈ, ਜੋ ਇਥੇ ਜੇਨੇਵਾ ਵਿੱਚ ਹੀ ਮਿਲਦਾ ਹੈ। ਮੈਂ ਉਹ ਇੰਜੈਕਸ਼ਨ ਲੈ ਕੇ ਕੱਲ੍ਹ ਸਵੇਰ ਤੱਕ ਮੁੰਬਈ ਆ ਜਾਵਾਂਗਾ।''

ਪਰਵਾਰ ਤੇ ਸਾਥੀ ਦੁਚਿੱਤੀ ਵਿੱਚ ਪੈ ਗਏ ਅਤੇ ਬੋਲੇ ਕਿ ''ਇੰਜੈਕਸ਼ਨ ਕੋਰੀਅਰ ਰਾਹੀਂ ਆ ਜਾਵੇਗਾ, ਤੁਸੀਂ ਤਾਂ ਨਾਲ ਚੱਲੋ।'' ਉਸ ਦਾ ਜਵਾਬ ਸੀ ਕਿ ''ਉਸ ਆਦਮੀ ਦੀ ਜਾਨ ਬਚਾਉਣਾ ਮੇਰੇ ਵਕਤ ਤੋਂ ਕਿਤੇ ਵੱਧ ਕੀਮਤੀ ਹੈ।''

ਇਸੇ ਸੱਜਣ ਦਾ ਗੋਆ ਵਿੱਚ ਇੱਕ ਵੱਡਾ ਬੰਗਲਾ ਹੈ, ਜਿਸ ਦੇ ਸਾਹਮਣੇ ਇੱਕ ਸਥਾਨਕ ਨੌਜਵਾਨ ਚਾਹ ਦਾ ਢਾਬਾ ਚਲਾਉਂਦਾ ਸੀ। ਇਹ ਸੱਜਣ ਹਰ ਕ੍ਰਿਸਮਸ ਦੀਆਂ ਛੁੱਟੀਆਂ ਵਿੱਚ ਗੋਆ ਜਾਂਦਾ ਹੈ। ਜਿੰਨੀ ਵਾਰ ਇਹ ਕੋਠੀ ਵਿੱਚ ਦਾਖਲ ਹੁੰਦਾ ਅਤੇ ਨਿਕਲਦਾ, ਉਹ ਢਾਬੇ ਵਾਲਾ ਦੂਰੋਂ ਇਸ ਦਾ ਹੱਥ ਹਿਲਾ ਕੇ ਸਵਾਗਤ ਕਰਦਾ। ਦੋਵਾਂ ਦੀ ਬੱਸ ਇੰਨੀ ਹੀ ਜਾਣ-ਪਛਾਣ ਸੀ। ਇੱਕ ਸਾਲ ਬਾਅਦ ਜਦੋਂ ਉਹ ਛੁੱਟੀਆਂ ਵਿੱਚ ਗੋਆ ਪਹੁੰਚਿਆ ਤਾਂ ਦੂਰੋਂ ਦੇਖਿਆ ਕਿ ਢਾਬਾ ਬੰਦ ਹੈ। ਇਸ ਦੇ ਬੰਗਲੇ ਦੇ ਚੌਕੀਦਾਰ ਨੇ ਦੱਸਿਆ ਕਿ ਢਾਬੇ ਵਾਲਾ ਕਈ ਮਹੀਨਿਆਂ ਤੋਂ ਬਿਮਾਰ ਹੈ ਅਤੇ ਹਸਪਤਾਲ 'ਚ ਪਿਆ ਹੈ। ਉਸ ਨੇ ਫੌਰਨ ਉਸ ਦੀ ਖੈਰ-ਖਬਰ ਲਈ ਮੁੰਬਈ ਵਿੱਚ ਉਸ ਦੇ ਪੁਖਤਾ ਤੇ ਵਧੀਆ ਇਲਾਜ ਦਾ ਇੰਤਜ਼ਾਮ ਕੀਤਾ। ਭਗਵਾਨ ਦੀ ਇੱਛਾ, ਪਹਿਲੇ ਮਾਮਲੇ ਵਿੱਚ ਉਸ ਆਦਮੀ ਦੀ ਜਾਨ ਬਚ ਗਈ।

ਉਹ ਦੋਵੇਂ ਪਤੀ-ਪਤਨੀ ਇੱਕ ਦਿਨ ਉਸ ਦਾ ਧੰਨਵਾਦ ਕਰਨ ਲਈ ਉਸ ਦੇ ਦਫਤਰ ਪਹੁੰਚੇ। ਸਵਾਗਤ ਅਧਿਕਾਰੀ ਨੇ ਉਸ ਨੂੰ ਫੋਨ 'ਤੇ ਦੱਸਿਆ ਕਿ ਇਹ ਦੋਵੇਂ ਪਤੀ-ਪਤਨੀ ਤੁਹਾਡਾ ਧੰਨਵਾਦ ਕਰਨ ਆਏ ਹਨ। ਉਸ ਦਾ ਜਵਾਬ ਸੀ ਕਿ ''ਉਸ ਨੂੰ ਕਹੋ ਕਿ ਮੇਰਾ ਨਹੀਂ, ਈਸ਼ਵਰ ਦਾ ਧੰਨਵਾਦ ਕਰੋ'' ਅਤੇ ਉਹ ਉਨ੍ਹਾਂ ਨੂੰ ਨਹੀਂ ਮਿਲਿਆ। ਗੋਆ ਵਾਲੇ ਕੇਸ ਵਿੱਚ ਢਾਬੇ ਵਾਲਾ ਆਦਮੀ ਵਧੀਆ ਇਲਾਜ ਦੇ ਬਾਵਜੂਦ ਮਰ ਗਿਆ। ਜਦੋਂ ਉਸ ਨੂੰ ਪਤਾ ਲੱਗਾ ਤਾਂ ਉਸ ਦੀ ਵਿਧਵਾ ਤੋਂ ਪੁੱਛਵਾਇਆ ਕਿ ਮੈਂ ਤੁਹਾਡੀ ਕੀ ਮਦਦ ਕਰ ਸਕਦਾ ਹਾਂ? ਉਸ ਨੇ ਦੱਸਿਆ ਕਿ ਮੇਰਾ ਪਤੀ ਦੋ ਲੱਖ ਰੁਪਏ ਦਾ ਕਰਜ਼ਾ ਛੱਡ ਗਿਆ ਹੈ, ਜੇ ਕਰਜ਼ਾ ਉਤਰ ਜਾਵੇ ਤਾਂ ਢਾਬਾ ਚਲਾ ਕੇ ਆਪਣਾ ਗੁਜ਼ਾਰਾ ਕਰ ਲਵਾਂਗੀ। ਉਸ ਦੀ ਇਹ ਮੁਰਾਦ ਪੂਰੀ ਹੋਈ। ਉਹ ਵੀ ਬੰਗਲੇ ਵਿੱਚ ਆ ਕੇ ਧੰਨਵਾਦ ਕਰਨਾ ਚਾਹੁੰਦੀ ਸੀ। ਉਸ ਨੇ ਉਸ ਨੂੰ ਉਹੀ ਜਵਾਬ ਭਿਜਵਾ ਦਿੱਤਾ।

ਇਸ ਨੂੰ ਕਹਿੰਦੇ ਹਨ 'ਨੇਕੀ ਕਰ, ਦਰਿਆ ਮੇਂ ਡਾਲ'। ਉਸ ਸੱਜਣ ਦਾ ਨਾਂਅ ਹੈ ਕਮਲ ਮੋਰਾਰਕਾ, ਜੋ ਇੱਕ ਜ਼ਮਾਨੇ 'ਚ ਚੰਦਰਸ਼ੇਖਰ ਸਰਕਾਰ ਦੇ ਪ੍ਰਧਾਨ ਮੰਤਰੀ ਦਫਤਰ ਦੇ ਮੰਤਰੀ ਰਹੇ। ਉਸ ਦੀ ਜ਼ਿੰਦਗੀ ਨਾਲ ਜੁੜੇ ਅਜਿਹੇ ਸੈਂਕੜੇ ਕਿੱਸੇ ਹਨ, ਜਿਨ੍ਹਾਂ ਨੂੰ ਉਸ ਨੇ ਕਦੇ ਨਹੀਂ ਸੁਣਾਇਆ, ਪਰ ਉਹ ਲੋਕ ਸੁਣਾਉਂਦੇ ਹਨ, ਜਿਨ੍ਹਾਂ ਦੀ ਉਸ ਨੇ ਮਦਦ ਕੀਤੀ। ਉਸ ਦੀ ਮਦਦ ਲੈਣ ਵਾਲਿਆਂ ਵਿੱਚ ਦੇਸ਼ ਦੇ ਕਈ ਸਾਹਿਤਕਾਰ, ਕਲਾਕਾਰ, ਸਮਾਜ ਸੇਵੀ, ਪੱਤਰਕਾਰ, ਰਾਜਨੇਤਾ ਤੇ ਹੋਰ ਸੈਂਕੜੇ ਲੋਕ ਹਨ, ਜੋ ਉਸ ਨੂੰ ਇਨਸਾਨ ਨਹੀਂ, ਫਰਿਸ਼ਤਾ ਮੰਨਦੇ ਹਨ। ਦਰਅਸਲ ਭਾਰਤ ਦੇ ਪੂੰਜੀਵਾਦ ਅਤੇ ਪੱਛਮ ਦੇ ਪੂੰਜੀਵਾਦ ਵਿੱਚ ਇਹੀ ਬੁਨਿਆਦੀ ਫਰਕ ਹੈ। ਪੱਛਮੀ ਸਭਿਅਤਾ ਵਿੱਚ ਧਨ ਕਮਾਇਆ ਜਾਂਦਾ ਹੈ ਮੌਜਮਸਤੀ, ਸੈਰ ਸਪਾਟੇ ਤੇ ਐਸ਼ੋ-ਆਰਾਮ ਦੇ ਪ੍ਰਦਰਸ਼ਨ ਲਈ। ਭਾਰਤ ਦਾ ਰਵਾਇਤੀ ਸਮਾਜ 'ਸਾਦਾ ਜੀਵਨ, ਉਚ ਵਿਚਾਰ' ਦਾ ਸਿਧਾਂਤ ਮੰਨਦਾ ਆਇਆ ਹੈ। ਉਹ ਦਿਨ-ਰਾਤ ਮਿਹਨਤ ਕਰਦਾ ਅਤੇ ਧਨ ਜੋੜਦਾ ਹੈ, ਪਰ ਉਸ ਦਾ ਰਹਿਣ-ਸਹਿਣ ਤੇ ਖਾਣ-ਪੀਣ ਸਾਧਾਰਨ ਹੁੰਦਾ ਸੀ। ਉਹ ਖਰਚ ਕਰਦਾ ਤਾਂ ਜਾਇਦਾਦ ਖਰੀਦਣ 'ਚ ਜਾਂ ਸੋਨੇ-ਚਾਂਦੀ ਵਿੱਚ। ਇਸੇ ਲਈ ਭਾਰਤ ਹਮੇਸ਼ਾ ਤੋਂ ਸੋਨੇ ਦੀ ਚਿੜੀ ਰਿਹਾ ਹੈ। ਦੁਨੀਆ ਦੀ ਆਰਥਿਕ ਮੰਦੀ ਦੇ ਦੌਰ ਵੀ ਭਾਰਤ ਦੀ ਅਰਥ ਵਿਵਸਥਾ ਨੂੰ ਝੰਜੋੜ ਨਹੀਂ ਸਕੇ। ਖਪਤਕਾਰਵਾਦੀ ਪੱਛਮੀ ਸਮਾਜ 'ਚ ਕ੍ਰੈਡਿਟ ਕਾਰਡ ਦੀ ਡਿਜੀਟਲ ਇਕਾਨੋਮੀ ਨੇ ਕਈ ਵਾਰ ਆਪਣੇ ਸਮਾਜਾਂ ਨੂੰ ਭਾਰੀ ਆਰਥਿਕ ਸੰਕਟ ਵਿੱਚ ਪਾਇਆ ਹੈ। ਅਮਰੀਕਾ ਸਮੇਤ ਇਹ ਸਭ ਦੇਸ਼ ਖਰਬਾਂ ਰੁਪਏ ਦੇ ਵਿਦੇਸ਼ੀ ਕਰਜ਼ੇ 'ਚ ਡੁੱਬੇ ਹਨ। ਉਹ ਸਹੀ ਅਰਥਾਂ ਵਿੱਚ ਚਾਰਵਾਕ ਦੇ ਪੈਰੋਕਾਰ ਹਨ, 'ਜਦੋਂ ਤੱਕ ਜੀਓ, ਸੁੱਖ ਨਾਲ ਜੀਓ, ਕਰਜ਼ਾ ਮੰਗ ਕੇ ਪੀਣਾ ਪਵੇ ਤਾਂ ਵੀ ਘਿਓ ਪੀਓ।'

ਇਹੀ ਕਾਰਨ ਹੈ ਕਿ ਡਿਜੀਟਲ ਅਰਥ ਵਿਵਸਥਾ ਦੀਆਂ ਨੀਤੀਆਂ ਨੂੰ ਭਾਰਤ ਦਾ ਰਸਮੀ ਸਮਾਜ ਸਵੀਕਾਰ ਕਰਨ ਵਿੱਚ ਅਜੇ ਝਿਜਕ ਰਿਹਾ ਹੈ। ਉਸ ਨੂੰ ਡਰ ਹੈ ਕਿ ਜੇ ਅਸੀਂ ਹਜ਼ਾਰਾਂ ਸਾਲ ਦੀ ਪਰੰਪਰਾ ਨੂੰ ਤੋੜ ਕੇ ਇਸ ਨਵੀਂ ਵਿਵਸਥਾ ਨੂੰ ਅਪਣਾ ਲਵਾਗੇ ਤਾਂ ਕੌਮਾਂਤਰੀ ਆਰਥਿਕ ਮਾਫੀਆ ਦੇ ਜਾਲ ਵਿੱਚ ਫਸ ਜਾਵਾਂਗੇ। ਹੁਣ ਇਹ ਤਾਂ ਵਕਤ ਹੀ ਦੱਸੇਗਾ ਕਿ ਲੋਕ ਬਦਲਦੇ ਹਨ ਕਿ ਨੀਤੀਆਂ। ਅਸੀਂ ਗੱਲ ਕਰ ਰਹੇ ਸੀ ਇਨਸਾਨੀ ਫਰਿਸ਼ਤਿਆਂ ਦੀ। ਆਧੁਨਿਕਤਾ ਦੇ ਦੌਰ ਵਿੱਚ ਮਨੁੱਖੀ ਸੰਵੇਦਨਸ਼ੀਲਤਾ ਵੀ ਭੰਗ ਹੋ ਜਾਂਦੀ ਹੈ। ਇਸ ਸਥਿਤੀ ਵਿੱਚ ਕਿਸੇ ਖੁਸ਼ਹਾਲ ਵਿਅਕਤੀ ਤੋਂ ਮਨੁੱਖੀ ਸੰਵੇਦਨਾਵਾਂ ਦੀ ਆਸ ਕਰਨਾ ਕਾਫੀ ਔਖਾ ਹੋ ਜਾਂਦਾ ਹੈ, ਜਦ ਕਿ ਨਵੀਂ ਵਿਵਸਥਾ ਵਿੱਚ ਸਮਾਜਕ ਸਰੋਕਾਰ ਦੇ ਹਰ ਮੁੱਦੇ 'ਤੇ ਬਿਨਾਂ ਵੱਡੀ ਕੀਮਤ ਦੇ ਰਾਹਤ ਹਾਸਲ ਨਹੀਂ ਹੁੰਦੀ। ਇਸ ਨਾਲ ਸਮਾਜ 'ਚ ਨਿਰਾਸ਼ਾ ਫੈਲਦੀ ਹੈ। ਸੁਰੱਖਿਆ ਦੀ ਪੁਰਾਣੀ ਵਿਵਸਥਾ ਨਹੀਂ ਰਹੀ ਤੇ ਨਵੀਂ ਉਨ੍ਹਾਂ ਦੀ ਹੈਸੀਅਤ ਤੋਂ ਬਾਹਰ ਹੈ। ਇਸ ਸਥਿਤੀ ਵਿੱਚ ਇਨਸਾਨੀ ਫਰਿਸ਼ਤੇ ਹੀ ਲੋਕਾਂ ਦੇ ਕੰਮ ਆਉਂਦੇ ਹਨ, ਪਰ ਉਨ੍ਹਾਂ ਦੀ ਤਦਾਦ ਹੁਣ ਉਂਗਲਾਂ 'ਤੇ ਗਿਣੀ ਜਾ ਸਕਦੀ ਹੈ। ਕਮਲ ਮੋਰਾਰਕਾ ਇੱਕ ਅਜਿਹੀ ਸ਼ਖਸੀਅਤ ਹੈ, ਜਿਸ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ, ਘੱਟ ਹੈ।

# ਮਹਾਰਾਜਾ ਰਣਜੀਤ ਸਿੰਘ ਵੱਲੋਂ ਹਰਿਮੰਦਰ ਸਾਹਿਬ ਦੀ ਸੇਵਾ

-ਡਾ. ਕੰਵਰਜੀਤ ਸਿੰਘ ਕੰਗ

ਲਾਹੌਰ ਵਿੱਚ ਜਦੋਂ ਇਕ ਫਰੰਗੀ ਨਾਲ ਮੁਲਾਕਾਤ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਪੁੱਛਿਆ ਕਿ ਉਹ ਕੀ ਕਰਦਾ ਹੈ ਤਾਂ ਜਵਾਬ ਮਿਲਿਆ ਕਿ ਇਹ ਫਰੰਗੀ ਚਿਤਰਕਾਰੀ ਕਰਦਾ ਹੈ। ਇਹ ਸੁਣ ਕੇ ਮਹਾਰਾਜਾ ਹੈਰਾਨ ਹੋਇਆ, ਕਿਉਂਕਿ ਬਹੁਤਾ ਸਮਾਂ ਘੋੜੇ 'ਤੇ ਸਵਾਰ ਰਹਿਣ ਵਾਲੇ ਮਹਾਰਾਜੇ ਲਈ ਅਜਿਹਾ ਕੰਮ ਤੁਛ ਸਮਾਨ ਹੀ ਸੀ। ਇਕ ਸਮਾਂ ਆਇਆ ਜਦੋਂ ਉਹ ਸਥਿਰਤਾ ਨਾਲ ਆਪਣੀਆਂ ਪ੍ਰਾਪਤੀਆਂ 'ਤੇ ਮਾਣ ਕਰ ਸਕਦਾ ਅਤੇ ਫੌਜੀ ਮੁਹਿੰਮਾਂ ਦੇ ਰੁਝੇਵਿਆਂ ਤੋਂ ਵੀ ਕੁਝ ਨਿਜਾਤ ਪਾ ਸਕਦਾ ਸੀ। ਇਸ ਸਥਿਰਤਾ ਨੇ ਉਸ ਨੂੰ ਕਲਾਤਮਿਕ ਕੰਮ ਵੱਲ ਵੀ ਪ੍ਰੇਰਿਤ ਕਰ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਕਲਾਤਮਿਕ ਕੰਮਾਂ ਵਿੱਚ ਯੋਗਦਾਨ ਪਾਇਆ। ਇਸ ਕੰਮ ਲਈ ਉਸ ਨੇ ਬਹੁਤ ਸਾਰੇ ਸ਼ਿਲਪਕਾਰਾਂ ਤੇ ਦਸਤਕਾਰਾਂ ਦੀ ਸੇਵਾ ਲਈ, ਜਿਨ੍ਹਾਂ ਵਿੱਚੋਂ ਬਹੁਤੇ ਲਾਇਲਪੁਰ ਨੇੜੇ ਸਥਿਤ ਚਿਨੋਟ ਕਸਬੇ ਤੋਂ ਆਏ ਸਨ। ਇਨ੍ਹਾਂ ਕਲਾ ਕਾਮਿਆਂ ਦੇ



ਠਹਿਰਨ ਲਈ ਅੰਮ੍ਰਿਤਸਰ ਵਿੱਚ ਲਾਹੌਰੀ ਗੇਟ ਦੇ ਨੇੜੇ ਵਿਸ਼ੇਸ਼ ਉਸਾਰੀ ਕਰਾਈ ਗਈ ਸੀ, ਜਿਸ ਨੂੰ ਹਵੇਲੀ ਚਿਨੋਟਿਆਂ ਕਹਿੰਦੇ ਸਨ। ਪਿੱਤਲ ਦੀ ਚਾਦਰ ਨੂੰ ਪਿਛਲੇ ਪਾਸਿਉਂ ਠੋਕ ਕੇ ਅਗਲੇ ਪਾਸੇ ਉਭਰਵੀਂ ਮੂਰਤੀ ਦੀ ਰੂਪ ਰੇਖਾ ਸਾਕਾਰ ਕਰਨ ਦਾ ਕੰਮ ਬਹੁਤ ਸਮਝਦਾਰੀ ਅਤੇ ਮਿਹਨਤ ਮੰਗਦਾ ਸੀ। 19ਵੀਂ ਸਦੀ ਦੇ ਪੰਜਾਬ ਵਿੱਚ ਅੰਮ੍ਰਿਤਸਰ ਇਸ ਕੰਮ ਲਈ ਪ੍ਰਸਿੱਧ ਸੀ। ਬਾਅਦ ਵਿੱਚ ਇਸ ਪਿੱਤਲ ਦੀ ਚਾਦਰ ਉਤੇ ਸੋਨੇ ਦੀ ਪਰਤ ਚੜ੍ਹਾਈ ਜਾਂਦੀ ਸੀ। ਮਹਾਰਾਜਾ ਰਣਜੀਤ ਸਿੰਘ ਵੱਲੋਂ ਇਸ ਕਲਾ ਦੀ 1830 ਈਸਵੀ ਵਿੱਚ ਕਰਾਈ ਸੇਵਾ ਦੀ ਇਥੇ ਛਾਪੀ ਗਈ ਰਚਨਾ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਦੇ ਮੁੱਖ ਪ੍ਰਵੇਸ਼ ਦਵਾਰ ਦੇ ਉਪਰ ਲੱਗੀ ਦੇਖੀ ਜਾ ਸਕਦੀ ਹੈ। ਇਸ ਵਿੱਚ ਵੇਲ ਬੂਟਿਆਂ ਦੀ ਸਜਾਵਟ ਦੇ ਨਾਲ ਗੁਰਮੁਖੀ ਲਿਪੀ ਵਿੱਚ ਉਭਰਵੇਂ ਸ਼ਬਦਾਂ 'ਚ ਲਿਖਿਆ ਹੈ- ੧ੳ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ॥ ਨਾਨਕ ਹੋਸੀ ਭੀ ਸਚੁ॥ ਸ੍ਰੀ ਮਹਾਰਾਜ ਗੁਰੂ ਸਾਹਿਬ ਜੀ ਨੇ ਆਪਣੇ ਪਰਮ ਸੇਵਕ ਸਿੱਖ ਜਾਣ ਕਰ ਸ੍ਰੀ ਦਰਬਾਰ ਸਾਹਿਬ ਜੀ ਕੀ ਸੇਵਾ ਸ੍ਰੀ ਮਹਾਰਾਜਾ ਸਿੰਘ ਸਾਹਿਬ ਰਣਜੀਤ ਸਿੰਘ ਜੀ ਪਰ ਦਯਾ ਕਰਕੇ ਕਰਾਈ। ਸੰਮਤ 1887

ੴ ਸਤਿਗੁਰ ਪ੍ਰਸਾਦਿ

ਗੁਰੂਦੁਆਰਾ ਸਿੱਖ ਸਪਿਰਚੂਅਲ ਸੈਂਟਰ, ਰੈਕਸਡੇਲ

# ਬਰਸੀ ਸਮਾਗਮ

## ਧੰਨ ਧੰਨ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ

ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੁਸ਼ਿਆਰਪੁਰ ਦੀ ਸਮੂਹ ਸਾਧ ਸੰਗਤ ਵਲੋਂ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦੇ ਬਰਸੀ ਸਮਾਗਮ ਕਰਵਾਏ ਜਾ ਰਹੇ ਹਨ। ਇਹ ਬਰਸੀ ਸਮਾਗਮ ਸਿੱਖ ਸਪਿਰਚੂਅਲ ਸੈਂਟਰ ਰੈਕਸਡੇਲ ਵਿਖੇ ਹੋਣਗੇ।



ਜਿਸ ਦੇ ਸੰਦਰਭ ਵਿੱਚ 15 ਨਵੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਸ਼੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 17 ਨਵੰਬਰ ਦਿਨ ਐਤਵਾਰ ਸਵੇਰੇ 10 ਵਜੇ ਭੋਗ ਪੈਣਗੇ, ਉਪਰੰਤ ਦਰਬਾਰ ਸਜਾਏ ਜਾਣਗੇ, ਗੁਰੂ ਕਾ ਲੰਗਰ ਅਟੁੱਤ ਵਰਤਾਇਆ ਜਾਵੇਗਾ।

ਸਮੂਹ ਹੁਸ਼ਿਆਰਪੁਰ ਇਲਾਕਾ ਨਿਵਾਸੀਆਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਦੀ ਹੈ ਕਿ ਇਸ ਸਮਾਗਮ ਵਿੱਚ ਹੁੰਮ ਹੁਮਾ ਕੇ ਪਹੁੰਚੋ ਜੀ

9 Carrier Drive Toronto, ON M9V 4B2

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:
ਸੁਰਿੰਦਰ ਸਿੰਘ ਗਿੱਲ 416 677 4455
ਮਹਿੰਦਰ ਸਿੰਘ ਜੱਜ 647 296 4851



# NEED A LAWYER ??
# KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



Tri-City Professional Realty Inc., Brokerage. Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8
Avtar Singh Tiwana Sales Rep.



FOR SALE $1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ। ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE $129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।



FOR SALE $3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।





